@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 15 August 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 15 ਅਗਸਤ 2024, 31 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 280, qpatrika@gmail.com ਫੋਨ : 9971359517 www.qaumipatrika.org


## ਪੰਜਾਬ ਕੈਬਨਿਟ ਦੀ ਮੀਟਿੰਗ ਵਿਚ ਅਹਿਮ ਫੈਸਲਿਆਂ 'ਤੇ ਲੱਗੀ ਮੋਹਰ

**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ 14 ਅਗਸਤ। ਪੰਜਾਬ ਕੈਬਨਿਟ ਦੀ ਅਹਿਮ ਮੀਟਿੰਗ ਅੱਜ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿਚ ਕਈ ਵੱਡੇ ਫੈਸਲੇ ਲਏ ਗਏ ਹਨ। ਕੈਬਨਿਟ ਮੀਟਿੰਗ ਵਿਚ ਫਾਇਰ ਸੇਫਟੀ ਨਿਯਮਾਂ ਵਿਚ ਸੋਧ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਹੁਣ ਲੋਕਾਂ ਨੂੰ ਫਾਇਰ ਸੇਫਟੀ ਸਬੰਧੀ ਐੱਨ. ਓ. ਸੀ. ਹਰ ਸਾਲ ਨਹੀਂ ਸਗੋਂ ਤਿੰਨ ਸਾਲ ਬਾਅਦ ਲੈਣੀ ਪਵੇਗੀ। ਇਸ ਤੋਂ ਇਲਾਵਾ ਫਾਇਰ ਵਿਭਾਗ ਵਿਚ ਭਰਤੀ ਨਿਯਮਾਂ ਵਿਚ ਸੋਧ ਕੀਤਾ ਜਾਵੇਗਾ। ਵਿਸ਼ੇਸ਼ ਕਰਕੇ ਔਰਤਾਂ ਦੇ ਭਰਤੀ ਨਿਯਮ ਆਸਾਨ ਕੀਤੇ ਜਾਣਗੇ, ਇਸ ਵਿਚ ਔਰਤਾਂ ਨੂੰ ਵਿਸ਼ੇਸ਼ ਛੋਟ ਦਿੱਤੀ ਜਾਵੇਗੀ। ਇਸ



ਤੋਂ ਇਲਾਵਾ ਪੰਜਾਬ ਮੰਤਰੀ ਮੰਡਲ ਨੇ 2 ਸਤੰਬਰ ਤੋਂ ਸੂਬਾ ਵਿਧਾਨ ਸਭਾ ਦਾ ਤਿੰਨ ਰੋਜ਼ਾ ਸੈਸਨ ਸੱਦਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਪੰਜਾਬ ਦੀ ਫੈਮਿਲੀ ਕੋਰਟ ਵਿਚ ਤਾਇਨਾਤ ਕੌਂਸਲਰਾਂ ਨੂੰ ਹੁਣ 600 ਰੁਪਏ ਰੋਜਾਨਾ ਭੱਤਾ ਮਿਲੇਗਾ। ਭੱਤਾ ਵਧਾਉਣ ਦੀ ਮਨਜੂਰੀ ਕੈਬਨਿਟ ਮੀਟਿੰਗ ਵਿਚ ਦਿੱਤੀ ਗਈ। ਪਹਿਲਾਂ ਉਨ੍ਹਾਂ ਨੂੰ 75 ਰੁਪਏ ਰੋਜਾਨਾ ਭੱਤਾ ਮਿਲਦਾ ਸੀ ਜੋ ਅੱਜ ਬਹੁਤ ਘੱਟ ਸੀ। ਹੁਣ ਅਦਾਲਤ ਵਿਚ ਕਾਫੀ ਕੇਸ ਆ ਰਹੇ ਹਨ। ਅਜਿਹੇ ਵਿਚ ਸਲਾਹਕਾਰਾਂ 'ਤੇ ਕੰਮ ਦਾ ਬੋਝ ਜ਼ਿਆਦਾ ਸੀ। ਇਸ ਕਾਰਨ ਇਹ ਫੈਸਲਾ ਲਿਆ ਗਿਆ। ਇਸ ਤੋਂ ਇਲਾਵਾ ਪੰਜਾਬ ਵਜਾਰਤ ਨੇ ਸੂਬੇ ਦੀ ਪਹਿਲੀ ਖੇਡ ਨੀਤੀ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਨਾਲ ਹੀ ਖਿਡਾਰੀਆਂ ਲਈ 500 ਕੇਡਰ ਸਥਾਪਤ ਕੀਤੇ ਜਾਣਗੇ। ਇਸ ਵਿਚ 460 ਕੋਚ ਅਤੇ ਸੀਨੀਅਰ ਕੋਚ ਤੇ 40 ਡਿਪਟੀ ਡਾਇਰੈਕਟਰ ਸਾਮਲ ਹੋਣਗੇ।

## ਰਾਸ਼ਟਰਪਤੀ ਦਾ ਦੇਸ਼ ਦੇ ਨਾਂ ਸੰਬੋਧਨ, 'ਆਜਾਦੀ ਦੇ ਤਿਉਹਾਰ 'ਚ ਸ਼ਾਮਲ ਹੋਣ ਵਾਲੇ ਸਾਰੇ ਦੇਸ਼ਵਾਸੀ ਸਾਡਾ ਪਰਿਵਾਰ'

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 14 ਅਗਸਤ। ਰਾਸਸ਼ਰਪਤੀ ਦ੍ਰੌਪਦੀ ਮੁਰਮੂ ਨੇ ਸੁਤੰਤਰਤਾ ਦਿਵਸ ਦੀ ਪੂਰਵ ਸੰਧਿਆ 'ਤੇ ਰਾਸ਼ਟਰ ਨੂੰ ਸੰਬੋਧਨ ਕੀਤਾ। ਉਨ੍ਹਾਂ ਆਜਾਦੀ ਘੁਲਾਟੀਆਂ ਨੂੰ ਸਲਾਮ ਕੀਤਾ। ਉਨ੍ਹਾਂ ਕਿਹਾ ਕਿ ਮਹਾਤਮਾ ਗਾਂਧੀ ਨੇ ਦੇਸ਼ ਨੂੰ ਜੋੜਨ ਦਾ ਕੰਮ ਕੀਤਾ। ਰਾਸ਼ਟਰ ਨੂੰ ਆਪਣੇ ਸੰਬੋਧਨ ਦੌਰਾਨ ਰਾਸ਼ਟਰਪਤੀ ਨੇ ਭਗਤ ਸਿੰਘ, ਚੰਦਰਸ਼ੇਖਰ ਆਜਾਦ ਅਤੇ ਸੁਖਦੇਵ ਵਰਗੇ ਆਜਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਬਾਰੇ ਗੱਲ ਕੀਤੀ। ਰਾਸ਼ਟਰਪਤੀ ਨੇ ਕਿਹਾ ਕਿ ਦੇਸ਼ ਪੂਰੀ ਸਾਨ ਹਾਸ਼ਲ ਕਰੇਗਾ। ਉਨ੍ਹਾਂ ਕਿਹਾ, "ਮੈਨੂੰ ਇਹ ਦੇਖ ਕੇ ਬਹੁਤ ਖੁਸ਼ੀ ਹੋ ਰਹੀ ਹੈ ਕਿ ਸਾਰੇ ਦੇਸ਼ ਵਾਸੀ 78ਵੇਂ ਸੁਤੰਤਰਤਾ ਦਿਵਸ ਨੂੰ ਮਨਾਉਣ ਦੀਆਂ ਤਿਆਰੀਆਂ ਕਰ ਰਹੇ ਹਨ। ਆਜਾਦੀ ਦਿਹਾੜੇ ਦੇ ਮੌਕੇ 'ਤੇ ਤਿਰੰਗਾ ਲਹਿਰਾਉਂਦਾ ਦੇਖਣਾ - ਲਾਲ ਕਿਲੇ 'ਤੇ ਹੋਵੇ, ਸੂਬਿਆਂ ਦੀਆਂ ਰਾਜਧਾਨੀਆਂ 'ਚ ਹੋਵੇ ਜਾਂ ਆਲੇ-ਦੁਆਲੇ ਹੋਵੇ- ਸਾਡੇ ਦਿਲਾਂ ਨੂੰ ਜੋਸ਼ ਨਾਲ ਭਰ ਦਿੰਦੇ ਹਾਂ।" ਰਾਸ਼ਟਰਪਤੀ ਮੁਰਮੂ ਨੇ ਕਿਹਾ, "ਅੱਜ



14 ਅਗਸਤ ਨੂੰ ਸਾਡਾ ਦੇਸ਼ ਵੰਡ ਯਾਦਗਾਰੀ ਦਿਵਸ ਮਨਾ ਰਿਹਾ ਹੈ। ਇਹ ਵੰਡ ਦੀ ਭਿਆਨਕਤਾ ਨੂੰ ਯਾਦ ਕਰਨ ਦਾ ਦਿਨ ਹੈ। ਜਦੋਂ ਸਾਡੇ ਮਹਾਨ ਦੇਸ਼ ਦੀ ਵੰਡ ਹੋਈ ਸੀ, ਲੱਖਾਂ ਲੋਕ ਭੱਜਣ ਲਈ ਮਜਬੂਰ ਹੋਏ ਸਨ ਅਤੇ ਅਣਗਿਣਤ ਲੋਕਾਂ ਦੀ ਜਾਨ ਚਲੀ ਗਈ। ਸੁਤੰਤਰਤਾ ਦਿਵਸ ਦੀ ਪੂਰਵ ਸੰਧਿਆ 'ਤੇ, ਅਸੀਂ ਇਸ ਮਨੁੱਖੀ ਦੁਖਾਂਤ ਨੂੰ ਯਾਦ ਕਰਦੇ ਹਾਂ ਅਤੇ ਉਨ੍ਹਾਂ ਪਰਿਵਾਰਾਂ ਨਾਲ ਇਕਮੁੱਠਤਾ ਵਿਚ ਖੜ੍ਹੇ ਹਾਂ ਜੋ ਬਿਖਰ ਗਏ ਸਨ।" ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਕਿਹਾ ਕਿ ਜਿਸ ਤਰ੍ਹਾਂ ਅਸੀਂ ਆਪਣੇ ਪਰਿਵਾਰ ਨਾਲ ਵੱਖ-ਵੱਖ ਤਿਉਹਾਰ ਮਨਾਉਂਦੇ ਹਾਂ, ਉਸੇ ਤਰ੍ਹਾਂ ਅਸੀਂ ਆਪਣੇ ਪਰਿਵਾਰ ਨਾਲ ਸੁਤੰਤਰਤਾ ਦਿਵਸ ਅਤੇ ਗਣਤੰਤਰ ਦਿਵਸ ਮਨਾਉਂਦੇ ਹਾਂ, ਜਿਸ ਦੇ ਮੈਂਬਰ ਸਾਡੇ ਸਾਰੇ ਦੇਸ਼ ਵਾਸੀ ਹਨ। ਅਸੀਂ ਇਕ ਪਰੰਪਰਾ ਦਾ ਹਿੱਸਾ ਹਾਂ ਜੋ ਆਜਾਦੀ ਘੁਲਾਟੀਆਂ ਦੇ ਸੁਪਨਿਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਇੱਛਾਵਾਂ ਨੂੰ ਜੋੜਦੀ ਹੈ ਜੋ ਆਉਣ ਵਾਲੇ ਸਾਲਾਂ ਵਿਚ ਸਾਡੀ ਕੌਮ ਨੂੰ ਆਪਣੀ ਪੂਰੀ ਸ਼ਾਨ ਮੁੜ ਪ੍ਰਾਪਤ ਕਰਦੇ ਹੋਏ ਦੇਖਣਗੇ।"

## ਮਾਇਆਵਤੀ ਨੇ ਦਲਿਤ ਲੜਕੀਆਂ ਨਾਲ ਦਰਿੰਦਗੀ 'ਤੇ ਸਖਤ ਕਾਰਵਾਈ ਦੀ ਕੀਤੀ ਮੰਗ

ਲਖਨਊ 14 ਅਗਸਤ। ਬਹੁਜਨ ਸਮਾਜ ਪਾਰਟੀ (ਬਸਪਾ) ਦੀ ਪ੍ਰਧਾਨ ਮਾਇਆਵਤੀ ਨੇ ਬਿਹਾਰ ਵਿੱਚ ਦਲਿਤ ਲੜਕੀਆਂ ਨਾਲ ਬਲਾਤਕਾਰ ਅਤੇ ਹੱਤਿਆ ਦੀਆਂ ਦੋ ਤਾਜਾ ਘਟਨਾਵਾਂ ਉੱਤੇ ਮੰਗਲਵਾਰ ਨੂੰ ਚਿੰਤਾ ਪ੍ਰਗਟ ਕੀਤੀ ਤੇ ਇਸ ਉੱਤੇ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਉੱਤਰ ਪ੍ਰਦੇਸ ਦੀ ਸਾਬਕਾ ਮੁੱਖ ਮੰਤਰੀ ਨੇ ਸੋਸਲ ਮੀਡੀਆ 'ਤੇ ਇਨ੍ਹਾਂ ਮਾਮਲਿਆਂ 'ਤੇ ਚਿੰਤਾ ਜਾਹਰ ਕੀਤੀ ਅਤੇ ਸਰਕਾਰ ਨੂੰ ਦਲਿਤਾਂ ਦੀ ਸੁਰੱਖਿਆ ਅਤੇ ਸਨਮਾਨ 'ਤੇ ਵਿਸੇਸ



ਧਿਆਨ ਦੇਣ ਦੀ ਲੋੜ 'ਤੇ ਜੋਰ ਦਿੱਤਾ। ਉਨ੍ਹਾਂ ਨੇ 'ਐਕਸ' 'ਤੇ ਕਿਹਾ ਕਿ ਹਾਲ ਹੀ ਵਿੱਚ ਬਿਹਾਰ ਵਿਚ ਹਾਲ ਹੀ ਵਿਚ ਮਧੁਬਨੀ ਜ਼ਿਲ੍ਹੇ ਦੀ ਤਕਰੀਬਨ 18 ਸਾਲ ਦੀ ਦਲਿਤ ਲੜਕੀ ਨਾਲ ਕਮਲੇਸ਼ ਯਾਦਵ ਤੇ ਉਸ ਦੇ ਸਾਥੀਆਂ ਨੇ ਅਤੇ ਕੁਝ ਹੀ ਦਿਨਾਂ ਬਾਅਦ ਮੁਜੱਫਰਪੁਰ ਦੀ 14 ਸਾਲਾ ਦਲਿਤ ਲੜਕੀ ਦੇ ਨਾਲ ਸੰਜੇ ਰਾਏ (ਯਾਦਵ) ਤੇ ਉਸ ਦੇ ਸਾਥੀਆਂ ਨੇ ਸਮੂਹਿਕ ਬਲਾਤਕਾਰ ਕਰ ਕੇ ਉਸ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ।

## ਮੁੱਖ ਮੰਤਰੀ ਯੋਗੀ ਦਾ ਵੱਡਾ ਬਿਆਨ, ਪਾਕਿਸਤਾਨ ਹਮੇਸ਼ਾ ਲਈ ਹੋਵੇਗਾ ਖਤਮ

ਲਖਨਊ 14 ਅਗਸਤ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਲਖਨਊ 'ਚ ਵਿਭਾਜਨ ਵਿਭਿਸ਼ਕਾ ਸਮ੍ਰਿਤੀ ਦਿਵਸ 'ਤੇ ਆਯੋਜਿਤ ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪਾਕਿਸਤਾਨ ਦਾ ਜਾਂ ਤਾਂ ਭਾਰਤ 'ਚ ਰਲੇਵਾਂ ਹੋਵੇਗਾ ਜਾਂ ਫਿਰ ਹਮੇਸ਼ਾ ਲਈ ਇਤਿਹਾਸ ਤੋਂ ਖਤਮ ਹੋ ਜਾਵੇਗਾ। ਮਹਰਿਸ਼ੀ ਅਰਵਿੰਦ ਨੇ 1947 'ਚ ਹੀ ਐਲਾਨ ਕਰਦੇ ਹੋਏ ਕਿਹਾ ਸੀ ਕਿ ਅਧਿਆਤਮਿਕ ਜਗਤ 'ਚ ਪਾਕਿਸਤਾਨ ਦੀ ਕੋਈ ਅਸਲੀਅਤ ਨਹੀਂ ਹੈ। ਸੀ.ਐੱਮ. ਯੋਗੀ ਨੇ ਅੱਗੇ ਕਿਹਾ,"ਜਦੋਂ ਕੋਈ ਵਿਅਕਤੀ ਅਧਿਆਤਮਿਕ ਸੰਸਾਰ 'ਚ ਆਪਣਾ ਅਸਲੀ ਰੂਪ ਨਹੀਂ ਰੱਖਦਾ ਹੈ ਤਾਂ ਉਸ ਨੂੰ ਤਬਾਹ ਹੋ ਜਾਣਾ ਚਾਹੀਦਾ ਹੈ। ਸਾਨੂੰ ਉਸ ਦੀ ਮੌਤ ਨੂੰ ਸੱਕ ਦੀ ਨਜਰ ਨਾਲ ਨਹੀਂ ਦੇਖਣਾ ਚਾਹੀਦਾ ਹੈ। ਸਾਨੂੰ ਵਿਸਵਾਸ ਕਰਨਾ ਚਾਹੀਦਾ ਹੈ ਕਿ ਅਜਿਹਾ ਹੋਵੇਗਾ ਪਰ ਸਾਨੂੰ ਇਸ ਦੇ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ। ਸਾਨੂੰ ਉਨ੍ਹਾਂ ਗਲਤੀਆਂ ਨੂੰ ਸੁਧਾਰਨਾ ਹੋਵੇਗਾ ਜਿਨ੍ਹਾਂ ਨੇ ਵਿਦੇਸੀ ਹਮਲਾਵਰਾਂ ਨੂੰ ਭਾਰਤ ਵਿਚ ਦਾਖਲ ਹੋਣ ਦਿੱਤਾ ਅਤੇ ਭਾਰਤ ਦੇ ਧਾਰਮਿਕ ਸਥਾਨਾਂ ਨੂੰ ਤਬਾਹ ਕਰਨ ਦੀ ਇਜਾਜਤ ਦਿੱਤੀ। ਸਾਨੂੰ ਇਨ੍ਹਾਂ ਸਾਰੀਆਂ ਗਲਤੀਆਂ ਅਤੇ ਵੰਡ ਦੇ ਦੁਖਾਂਤ ਨੂੰ ਦੂਰ ਕਰਨਾ ਹੋਵੇਗਾ, ਜੋ ਕਿ ਜਾਤੀ ਵੰਡ ਅਤੇ ਖੇਤਰੀ ਵੰਡ-ਭਾਸਾਈ ਵੰਡ ਦੇ ਰੂਪ 'ਚ ਹੈ, ਉਨ੍ਹਾਂ ਸਾਰਿਆਂ ਤੋਂ ਉਭਰ ਕੇ ਅਸੀਂ ਲੋਕਾਂ ਨੂੰ ਰਾਸ਼ਟਰ ਪਹਿਲ ਦੇ ਤਰਜ 'ਤੇ ਕੰਮ ਕਰਨਾ ਹੋਵੇਗਾ।" ਯੋਗੀ ਨੇ ਕਿਹਾ,"ਅੱਜ ਡੇਢ ਕਰੋੜ ਹਿੰਦੂ ਬੰਗਲਾਦੇਸ ਦੇ ਅੰਦਰ ਆਪਣੀ ਜਾਨ ਬਚਾਉਣ ਲਈ ਮਿੰਨਤਾਂ ਕਰ ਰਹੇ ਹਨ ਪਰ ਦੁਨੀਆ ਦਾ ਮੂੰਹ ਬੰਦ ਹੈ।

## ਲਾਲ ਕਿਲੇ 'ਤੇ ਭਲਕੇ ਤਿਰੰਗਾ ਲਹਿਰਾਉਣਗੇ ਮੋਦੀ, ਛੇ ਹਜਾਰ ਵਿਸ਼ੇਸ਼ ਮਹਿਮਾਨਾਂ ਨੂੰ ਸੱਦਾ

ਨਵੀਂ ਦਿੱਲੀ 14 ਅਗਸਤ। 15 ਅਗਸਤ 2024 ਨੂੰ ਭਾਰਤ ਆਪਣਾ 78ਵਾਂ ਸੁਤੰਤਰਤਾ ਦਿਵਸ ਮਨਾ ਰਿਹਾ ਹੈ। ਇਸ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਤਿਹਾਸਕ ਲਾਲ ਕਿਲ੍ਹੇ ਤੋਂ ਰਾਸਟਰੀ ਝੰਡਾ ਲਹਿਰਾਉਣਗੇ ਅਤੇ ਰਾਸਟਰ ਨੂੰ ਸੰਬੋਧਨ ਕਰਨਗੇ। ਦੱਸ ਦੇਈਏ ਕਿ ਇਸ ਸਾਲ ਸੁਤੰਤਰਤਾ ਦਿਵਸ ਦੀ ਥੀਮ 'ਵਿਕਸਿਤ ਭਾਰਤ@2047' ਰੱਖੀ ਗਈ ਹੈ। ਇਹ 2047 ਤੱਕ ਦੇਸ ਨੂੰ ਇੱਕ ਵਿਕਸਤ ਰਾਸਟਰ ਬਣਾਉਣ ਲਈ ਸਰਕਾਰ ਦੇ ਯਤਨਾਂ ਨੂੰ ਨਵਾਂ ਹੁਲਾਰਾ ਦੇਣ ਲਈ ਇੱਕ ਪਲੇਟਫਾਰਮ ਵਜੋਂ ਕੰਮ ਕਰੇਗਾ। ਕੇਂਦਰ ਸਰਕਾਰ ਨੇ ਇਸ ਸਾਲ ਲਾਲ ਕਿਲ੍ਹੇ 'ਤੇ ਹੋਣ ਵਾਲੇ ਜਸਨਾਂ ਨੂੰ ਦੇਖਣ ਲਈ ਲਗਭਗ 6,000 ਵਿਸੇਸ ਮਹਿਮਾਨਾਂ ਨੂੰ ਸੱਦਾ ਦਿੱਤਾ ਹੈ। ਨੌਜਵਾਨਾਂ, ਆਦਿਵਾਸੀ ਭਾਈਚਾਰੇ, ਕਿਸਾਨਾਂ, ਔਰਤਾਂ ਅਤੇ ਹੋਰ ਵਿਸੇਸ ਮਹਿਮਾਨਾਂ ਵਜੋਂ ਸ੍ਰੇਣੀਬੱਧ ਕੀਤੇ ਗਏ ਵੱਖ-ਵੱਖ ਖੇਤਰਾਂ ਦੇ ਇਨ੍ਹਾਂ ਵਿਅਕਤੀਆਂ ਨੇ ਸਰਕਾਰੀ ਸਕੀਮਾਂ ਦੀ ਮਦਦ ਨਾਲ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰੀਆਂ ਹਨ। ਰੱਖਿਆ ਮੰਤਰੀ ਰਾਜਨਾਥ ਸਿੰਘ, ਰੱਖਿਆ ਰਾਜ ਮੰਤਰੀ ਸੰਜੇ ਸੇਠ ਅਤੇ ਰੱਖਿਆ ਸਕੱਤਰ ਗਿਰਿਧਰ ਅਰਮਾਨੇ ਲਾਲ ਕਿਲ੍ਹੇ 'ਤੇ ਪਹੁੰਚਣ 'ਤੇ ਪ੍ਰਧਾਨ ਮੰਤਰੀ ਦਾ ਸਵਾਗਤ ਕਰਨਗੇ। ਰੱਖਿਆ ਸਕੱਤਰ ਦਿੱਲੀ ਏਰੀਆ ਦੇ ਜਨਰਲ ਅਫਸਰ ਕਮਾਂਡਿੰਗ (ਜੀਓਸੀ) ਲੈਫਟੀਨੈਂਟ ਜਨਰਲ ਭਵਨੀਸ ਕੁਮਾਰ ਨੂੰ ਪ੍ਰਧਾਨ ਮੰਤਰੀ ਨਾਲ ਮਿਲਾਉਣਗੇ। ਇਸ ਤੋਂ ਬਾਅਦ ਜੀਓਸੀ, ਦਿੱਲੀ ਏਰੀਆ ਸ੍ਰੀ ਮੋਦੀ ਨੂੰ ਸਲਾਮੀ ਸਟੇਜ ਤੱਕ ਲੈ ਕੇ ਜਾਣਗੇ, ਜਿੱਥੇ ਇੱਕ ਸੰਯੁਕਤ ਅੰਤਰ-ਸੇਵਾ ਅਤੇ ਦਿੱਲੀ ਪੁਲਸ ਗਾਰਡ ਪ੍ਰਧਾਨ ਮੰਤਰੀ ਨੂੰ ਆਮ ਸਲਾਮੀ ਦੇਣਗੇ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਗਾਰਡ ਆਫ ਆਨਰ ਦਾ ਨਿਰੀਖਣ ਕਰਨਗੇ। ਪ੍ਰਧਾਨ ਮੰਤਰੀ ਦੇ ਗਾਰਡ ਆਫ ਆਨਰ ਦੀ ਟੁਕੜੀ ਵਿੱਚ ਸੈਨਾ, ਜਲ ਸੈਨਾ, ਹਵਾਈ ਸੈਨਾ ਅਤੇ ਦਿੱਲੀ ਪੁਲਿਸ ਦੇ ਇੱਕ-ਇੱਕ ਅਧਿਕਾਰੀ ਅਤੇ 24 ਕਰਮਚਾਰੀ ਸਾਮਲ ਹੋਣਗੇ। ਗਾਰਡ ਆਫ ਆਨਰ ਦਾ ਮੁਆਇਨਾ ਕਰਨ ਤੋਂ ਬਾਅਦ ਪ੍ਰਧਾਨ ਮੰਤਰੀ ਲਾਲ ਕਿਲ੍ਹੇ ਵੱਲ ਰਵਾਨਾ ਹੋਣਗੇ। ਦਿੱਲੀ ਖੇਤਰ ਦੇ ਜੀਓਸੀ ਪ੍ਰਧਾਨ ਮੰਤਰੀ ਨੂੰ ਰਾਸਟਰੀ ਝੰਡਾ ਲਹਿਰਾਉਣ ਲਈ ਰਾਮਪਾਰਟ 'ਤੇ ਬਣੇ ਪਲੇਟਫਾਰਮ 'ਤੇ ਲੈ ਕੇ ਜਾਣਗੇ।



## ਮੋਦੀ ਸਰਕਾਰ 'ਚ ਬੇਰੁਜਗਾਰੀ ਸਭ ਤੋਂ ਵੱਡਾ ਸ਼ਰਾਪ : ਮਲਿਕਾਰਜੁਨ ਖੜਗੇ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 14 ਅਗਸਤ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਬੁੱਧਵਾਰ ਨੂੰ ਦੋਸ ਲਗਾਇਆ ਕਿ ਮੋਦੀ ਸਰਕਾਰ ਵਿਚ ਬੇਰੁਜਗਾਰੀ ਸਭ ਤੋਂ ਵੱਡਾ ਸਰਾਪ ਹੈ ਅਤੇ ਹਰ ਸਾਲ 2 ਕਰੋੜ ਨੌਕਰੀਆਂ ਦਾ ਨਾਅਰਾ ਹਰ ਭਾਰਤੀ ਨਾਲ ਵਿਸਵਾਸਘਾਤ ਦਾ ਪ੍ਰਤੀਕ ਹੈ। ਖੜਗੇ ਨੇ ਬੇਰੁਜਗਾਰੀ ਨਾਲ ਜੁੜੀ ਇਕ ਖਬਰ ਨੂੰ ਲੈ ਕੇ ਸਰਕਾਰ 'ਤੇ ਨਿਸਾਨਾ ਸਾਧਿਆ, ਜਿਸ 'ਚ ਕਿਹਾ ਗਿਆ ਹੈ ਕਿ ਮੁੰਬਈ ਪੁਲਸ 'ਚ ਕਾਂਸਟੇਬਲ ਦੀਆਂ 1,257 ਅਸਾਮੀਆਂ ਲਈ 1.11 ਲੱਖ ਔਰਤਾਂ ਨੇ ਅਪਲਾਈ ਕੀਤਾ ਹੈ। ਕਾਂਗਰਸ ਪ੍ਰਧਾਨ ਨੇ 'ਐਕਸ' 'ਤੇ ਪੋਸਟ ਕੀਤਾ,"ਮੋਦੀ ਸਰਕਾਰ ਦੇ ਅਧੀਨ ਬੇਰੁਜਗਾਰੀ ਸਭ ਤੋਂ ਵੱਡਾ ਸਰਾਪ ਹੈ। ਮੋਦੀ ਸਰਕਾਰ ਇਕ ਹਾਸੋਹੀਣੀ ਪੀ.ਆਰ. ਮੁਹਿੰਮ ਵਜੋਂ ਸੱਕੀ ਰੁਜਗਾਰ ਡਾਟਾ ਦੀ ਵਰਤੋਂ ਕਰ ਰਹੀ ਹੈ, ਜਿਸ ਨੂੰ 'ਅਵੇਤਨ ਮਜਦੂਰੀ' ਅਤੇ 'ਪ੍ਰਤੀ ਹਫਤੇ ਇਕ ਘੰਟੇ ਦੇ ਕੰਮ' ਦੀ ਗਣਨਾ' ਕਰ ਕੇ ਬਹੁਤ ਵਧਾ-ਚੜ੍ਹਾ ਕੇ ਪੇਸ ਕੀਤਾ ਗਿਆ ਹੈ।" ਉਨ੍ਹਾਂ ਕਿਹਾ,"ਮਹਾਰਾਸਟਰ 'ਚ ਜਿੱਥੇ 1.11 ਲੱਖ ਔਰਤਾਂ ਨੇ ਮੁੰਬਈ ਪੁਲਸ 'ਚ ਕਾਂਸਟੇਬਲਾਂ ਦੀਆਂ 1,257 ਅਸਾਮੀਆਂ ਲਈ ਅਰਜੀਆਂ ਦਿੱਤੀਆਂ ਸਨ, ਉਨ੍ਹਾਂ 'ਚੋਂ ਕਈਆਂ ਨੂੰ ਬੱਚਿਆਂ ਨਾਲ ਫੁੱਟਪਾਥਾਂ 'ਤੇ ਰਾਤ ਕੱਟਣ ਲਈ ਮਜਬੂਰ ਕੀਤਾ ਗਿਆ ਸੀ। ਇਹ ਬੇਰੁਜਗਾਰੀ ਦੀ ਭਿਆਨਕ ਸਥਿਤੀ ਦੀ ਯਾਦ ਦਿਵਾਉਂਦਾ ਹੈ।" ਖੜਗੇ ਨੇ ਦਾਅਵਾ ਕੀਤਾ ਕਿ 'ਡਾਇਮੰਡ ਵਰਕਰਜ ਯੂਨੀਅਨ ਗੁਜਰਾਤ' ਵੱਲੋਂ 15 ਜੁਲਾਈ ਨੂੰ ਸੁਰੂ ਕੀਤੇ ਗਏ ਖੁਦਕੁਸੀ ਨਾਲ ਸੰਬੰਧਤ ਹੈਲਪਲਾਈਨ ਨੰਬਰ 'ਤੇ ਉਨ੍ਹਾਂ ਲੋਕਾਂ ਤੋਂ 1600 ਤੋਂ ਵੱਧ ਕਾਲਾਂ ਆਈਆਂ ਹਨ, ਜਿਨ੍ਹਾਂ ਨੇ ਜਾਂ ਤਾਂ ਆਪਣੀ ਨੌਕਰੀ ਗੁਆ ਦਿੱਤੀ ਹੈ ਜਾਂ ਘੱਟ ਤਨਖਾਹ ਲੈ ਰਹੇ ਹਨ, ਜਿਸ ਕਾਰਨ ਉਨ੍ਹਾਂ ਦੇ ਘਰ ਦੀ ਆਰਥਿਕ ਹਾਲਤ ਖਰਾਬ ਹੋ ਗਈ ਹੈ। ਉਨ੍ਹਾਂ ਕਿਹਾ ਕਿ ਸੂਰਤ ਦਾ ਮਸਹੂਰ ਹੀਰਾ ਉਦਯੋਗ ਮੰਦੀ ਦਾ ਸਾਹਮਣਾ ਕਰ ਰਿਹਾ ਹੈ ਅਤੇ ਕੰਪਨੀਆਂ ਨੇ ਆਪਣੇ 50,000 ਕਰਮਚਾਰੀਆਂ ਲਈ '10 ਦਿਨਾਂ ਦੀ ਛੁੱਟੀ' ਦਾ ਐਲਾਨ ਕੀਤਾ ਹੈ। ਕਾਂਗਰਸ ਪ੍ਰਧਾਨ ਨੇ ਕਿਹਾ,"ਪਿਛਲੇ ਮਹੀਨੇ ਅਸੀਂ ਦੇਖਿਆ ਕਿ ਕਿਸ ਤਰ੍ਹਾਂ ਮੁੰਬਈ ਹਵਾਈ ਅੱਡੇ 'ਤੇ ਲੋਡਰ ਦੇ ਅਹੁਦੇ ਲਈ 2,216 ਖਾਲੀ ਅਸਾਮੀਆਂ ਲਈ 25,000 ਤੋਂ ਜ਼ਿਆਦਾ ਲੋਕ ਆਏ ਸਨ। ਗੁਜਰਾਤ ਦੇ ਭਰੂਚ 'ਚ ਅਜਿਹਾ ਹੀ ਭੱਜ-ਦੌੜ ਵਰਗਾ ਨਜਾਰਾ ਦੇਖਣ ਨੂੰ ਮਿਲਿਆ, ਜਿੱਥੇ ਇਕ ਨਿੱਜੀ ਕੰਪਨੀ 'ਚ 10 ਅਹੁਦਿਆਂ ਲਈ 1,800 ਲੋਕ ਪਹੁੰਚੇ।" ਉਨ੍ਹਾਂ ਦਾਅਵਾ ਕੀਤਾ ਕਿ ਮੋਦੀ ਸਰਕਾਰ ਵੱਲੋਂ ਕੋਈ ਵੀ ਕਵਰ-ਅੱਪ ਇਸ ਤੱਥ ਨੂੰ ਨਹੀਂ ਬਦਲ ਸਕਦਾ ਕਿ ਲੱਖਾਂ ਨੌਕਰੀਆਂ ਮੰਗਣ ਵਾਲਿਆਂ ਨੂੰ ਬਹੁਤ ਘੱਟ ਨੌਕਰੀਆਂ ਨਾਲ ਰੋਜਾਨਾ ਸੜਕਾਂ 'ਤੇ ਸੰਘਰਸ ਕਰਨਾ ਪੈਂਦਾ ਹੈ। ਖੜਗੇ ਨੇ ਦੋਸ ਲਾਇਆ ਕਿ ਭਾਜਪਾ ਦਾ ਹਰ ਸਾਲ 2 ਕਰੋੜ ਨੌਕਰੀਆਂ ਦਾ ਨਾਅਰਾ ਹਰ ਭਾਰਤੀ ਨਾਲ ਵਿਸਵਾਸਘਾਤ ਦਾ ਪ੍ਰਤੀਕ ਹੈ।



## ਅਭਿਸ਼ੇਕ ਸਿੰਘਵੀ ਹੋਣਗੇ ਤੇਲੰਗਾਨਾ ਤੋਂ ਰਾਜ ਸਭਾ ਜਿਮਨੀ ਚੋਣ ਲਈ ਕਾਂਗਰਸ ਦੇ ਉਮੀਦਵਾਰ

ਨੈਸ਼ਨਲ ਡੈਸਕ 14 ਅਗਸਤ। ਤੇਲੰਗਾਨਾ ਵਿਚ ਹੋਣ ਜਾ ਰਹੀਆਂ ਜ਼ਿਮਨੀ ਚੋਣਾਂ ਦੌਰਾਨ ਕਾਂਗਰਸ ਪਾਰਟੀ ਨੇ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। ਅੱਜ ਜਾਰੀ ਹੋਏ ਇਕ ਪ੍ਰੈੱਸ ਨੋਟ ਵਿਚ ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਨੇ ਇਸ ਸਬੰਧੀ



ਜਾਣਕਾਰੀ ਦਿੱਤੀ ਹੈ। ਇਸ ਦੌਰਾਨ ਕਿਹਾ ਗਿਆ ਹੈ ਕਿ ਤੇਲੰਗਾਨਾ ਵਿਚ ਹੋਣ ਜਾ ਰਹੀਆਂ ਜ਼ਿਮਨੀ ਚੋਣਾਂ ਦੌਰਾਨ ਕਾਂਗਰਸ ਪ੍ਰਧਾਨ ਸ਼੍ਰੀ ਮਲਿੱਕਾਰਜੁਨ ਖੜਗੇ ਵੱਲੋਂ ਸ਼੍ਰੀ ਅਭਿਸ਼ੇਕ ਮਾਨੂ ਸਿੰਘਵੀ ਦੇ ਨਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਅਭਿਸ਼ੇਕ ਸਿੰਘਵੀ ਕਾਂਗਰਸ ਵੱਲੋਂ ਤੇਲੰਗਾਨਾ ਵਿਚ ਜਿਮਨੀ ਚੋਣ ਲੜਨਗੇ।

## 'ਘਰ ਵਾਪਸ ਆਓ' ਮੁਹਿੰਮ ਤੋਂ ਪ੍ਰਭਾਵਿਤ ਹੋ ਕੇ ਨਕਸਲੀ ਜੋੜੇ ਨੇ ਕੀਤਾ ਆਤਮਸਮਰਪਣ

ਦੰਤੇਵਾੜਾ 14 ਅਗਸਤ। ਛੱਤੀਸਗੜ੍ਹ ਦੇ ਨਕਸਲ ਪ੍ਰਭਾਵਿਤ ਦੰਤੇਵਾੜਾ ਜ਼ਿਲ੍ਹੇ 'ਚ ਇਨਾਮੀ ਨਕਸਲੀ ਜੋੜੇ ਨੇ ਆਤਮ-ਸਮਰਪਣ ਕਰ ਦਿੱਤਾ। ਪੁਲਸ ਅਧਿਕਾਰੀਆਂ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਮਲਾਂਗੇਰ ਖੇਤਰੀ ਕਮੇਟੀ ਦੇ ਮੈਂਬਰ ਭੀਮਾ ਉਰਫ ਪਵਨ ਮਾੜਵੀ (28) ਅਤੇ ਉਸ ਦੀ ਪਤਨੀ ਪਲਾਟੂਨ ਨੰਬਰ-31 ਦੀ ਮੈਂਬਰ ਵਿਮਲਾ ਮੜਕਾਮ (25) ਨੇ ਸੁਰੱਖਿਆ ਬਲਾਂ ਦੇ ਸਾਹਮਣੇ ਆਤਮਸਮਰਪਣ ਕਰ ਦਿੱਤਾ। ਉਨ੍ਹਾਂ ਨੇ ਦੱਸਿਆ ਕਿ ਨਕਸਲੀ ਜੋੜ ਨੇ 'ਘਰ ਵਾਪਸ ਆਓ' ਮੁਹਿੰਮ ਤੋਂ ਪ੍ਰਭਾਵਿਤ ਹੋ ਕੇ ਅਤੇ ਨਕਸਲੀ ਨੇਤਾਵਾਂ ਦੇ ਵਿਵਹਾਰ ਤੋਂ ਤੰਗ ਆ ਕੇ ਨਕਸਲਵਾਦ ਛੱਡਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਦੱਸਿਆ ਕਿ ਆਤਮਸਮਰਪਣ ਨਕਸਲੀਆਂ ਖਿਲਾਫ ਪੁਲਸ ਟੀਮ 'ਤੇ ਹਮਲਾ ਅਤੇ ਬਾਰੂਦੀ ਸੁਰੰਗ ਵਿਚ ਧਮਾਕੇ ਕਰਨ ਵਰਗੀਆਂ ਘਟਨਾਵਾਂ ਵਿਚ ਸ਼ਾਮਲ ਹੋਣ ਦਾ ਦੋਸ਼ ਹੈ।




# ਆਜ਼ਾਦੀ ਦਿਹਾੜੇ ਮੌਕੇ ਅਖ਼ਬਾਰਾਂ ਵਿੱਚ ਛਪਣ ਲਈ ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਦਾ ਸੰਦੇਸ਼

ਸਾਡੇ ਦੇਸ਼ ਦੀ ਆਜ਼ਾਦੀ ਦੇ 77 ਸਾਲ ਪੂਰੇ ਹੋਣ ਦੇ ਇਤਿਹਾਸਕ ਮੌਕੇ 'ਤੇ ਮੈਂ ਭਾਰਤ ਦੇ ਲੋਕਾਂ ਖਾਸ ਕਰਕੇ ਪੰਜਾਬ ਅਤੇ ਚੰਡੀਗੜ੍ਹ ਦੇ ਲੋਕਾਂ ਨੂੰ ਤਹਿ ਦਿਲੋਂ ਵਧਾਈ ਦਿੰਦਾ ਹਾਂ। ਅੱਜ ਅਸੀਂ ਉਨ੍ਹਾਂ ਸਾਰੇ ਦੇਸ਼ਭਗਤਾਂ ਅਤੇ ਆਗੂਆਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇਸ਼ ਦੀ ਆਜ਼ਾਦੀ ਦੇ ਲੇਖੇ ਲਾ ਦਿੱਤੀ। ਰਾਸ਼ਟਰਪਿਤਾ ਮਹਾਤਮਾ ਗਾਂਧੀ, ਡਾਕਟਰ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ, ਨੇਤਾ ਜੀ ਸੁਭਾਸ਼ ਚੰਦਰ ਬੋਸ, ਸਰਦਾਰ ਵੱਲਭ ਭਾਈ ਪਟੇਲ, ਬਾਲ ਗੰਗਾਧਰ ਤਿਲਕ ਅਤੇ ਕਰੋੜਾਂ ਭਾਰਤੀਆਂ ਨੇ ਭਾਰਤ ਦੀ ਆਜ਼ਾਦੀ ਦੀ ਪ੍ਰਾਪਤੀ ਵਿੱਚ ਅਹਿਮ ਯੋਗਦਾਨ ਪਾਇਆ ਸੀ। ਇਸ ਦੇ ਨਾਲ ਹੀ ਅਸੀਂ ਆਪਣੀਆਂ ਹਥਿਆਰਬੰਦ ਸੈਨਾਵਾਂ ਦੇ ਬਹਾਦਰ ਜਵਾਨਾਂ ਨੂੰ ਵੀ ਸ਼ਰਧਾਂਜਲੀ ਭੇਟ ਕਰਦੇ ਹਾਂ, ਜਿਨ੍ਹਾਂ ਨੇ ਸਾਡੇ ਦੇਸ਼ ਦੀ ਅਖੰਡਤਾ ਅਤੇ ਸਰਹੱਦਾਂ ਦੀ ਰਾਖੀ ਕਰਦਿਆਂ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਦੇਸ਼ ਦੀ ਅਜ਼ਾਦੀ ਲਈ ਪੰਜਾਬ ਵੱਲੋਂ ਪਾਏ ਗਏ ਯੋਗਦਾਨ ਦੇ ਬਰਾਬਰ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚ ਹੋਰ ਕਿਤੇ ਨਹੀਂ ਮਿਲਦੀ। ਮਹਾਨ ਸ਼ਹੀਦਾਂ ਸ਼ਹੀਦ ਭਗਤ ਸਿੰਘ, ਲਾਲਾ ਲਾਜਪਤ ਰਾਏ, ਸ਼ਹੀਦ ਊਧਮ ਸਿੰਘ, ਕਰਤਾਰ ਸਿੰਘ ਸਰਾਭਾ, ਦੀਵਾਨ ਸਿੰਘ ਕਾਲੇਪਾਣੀ ਅਤੇ ਹੋਰ ਅਨੇਕਾਂ ਦੇਸ਼ਭਗਤ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਖ਼ਾਤਰ ਆਪਣੇ ਖ਼ੂਨ ਦੀ ਇੱਕ-ਇੱਕ ਬੂੰਦ ਵਹਾਈ, ਜੇਲ੍ਹਾਂ ਕੱਟੀਆਂ, ਉਹ ਸਾਡੇ ਸਾਰਿਆਂ ਲਈ ਅਮੀਰ ਵਿਰਾਸਤ ਛੱਡ ਕੇ ਗਏ ਹਨ, ਜੋ ਭਾਰਤ ਦੀ ਸ਼ਾਨ ਅਤੇ ਆਜ਼ਾਦੀ ਨੂੰ ਸੁਰੱਖਿਅਤ ਰੱਖਣ ਲਈ ਦ੍ਰਿੜ ਵਚਨਬੱਧਤਾ ਦੇ ਨਾਲ ਨਾਲ ਮਾਤ ਭੂਮੀ ਲਈ ਅਥਾਹ ਪਿਆਰ ਅਤੇ ਸਤਿਕਾਰ ਦੀ ਮੰਗ ਕਰਦੀ ਹੈ। ਆਜ਼ਾਦੀ ਸੰਘਰਸ਼ ਵਿੱਚ ਪੰਜਾਬ ਦੇ ਲੋਕਾਂ ਦੇ ਸ਼ਲਾਘਾਯੋਗ ਯੋਗਦਾਨ ਨੂੰ ਚੇਤੇ ਕਰਨਾ ਬਹੁਤ ਹੀ ਮਾਣ ਵਾਲੀ ਗੱਲ ਹੈ, ਜਿਨ੍ਹਾਂ ਨੇ ਆਜ਼ਾਦੀ ਦੀ ਲੜਾਈ ਲਈ ਹਮੇਸ਼ਾ ਬੇਮਿਸਾਲ ਦਲੇਰੀ ਅਤੇ ਦ੍ਰਿੜ ਵਚਨਬੱਧਤਾ ਦਿਖਾਈ ਹੈ। ਦੇਸ਼ ਦੇ ਆਜ਼ਾਦੀ ਸੰਘਰਸ਼ ਵਿੱਚ ਪੰਜਾਬ ਹਮੇਸ਼ਾ ਮੋਹਰੀ ਰਿਹਾ ਹੈ, ਜਿਸਨੂੰ ਭਾਰਤ ਦੇ ਪ੍ਰਗਤੀਸ਼ੀਲ ਰਾਜ ਵਜੋਂ ਵੀ ਜਾਣਿਆ ਜਾਂਦਾ ਹੈ। ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਜੀ ਨੇ ਭਾਰਤ ਦੇ 75ਵੇਂ ਸੁਤੰਤਰਤਾ ਦਿਵਸ 'ਤੇ ਦੇਸ਼ ਨੂੰ ਅੰਮ੍ਰਿਤ ਕਾਲ ਦਾ ਸੰਕਲਪ ਦਿੱਤਾ। 'ਅੰਮ੍ਰਿਤ ਕਾਲ', 2047 ਤੱਕ 'ਨਿਊ ਇੰਡੀਆ' ਭਾਵ ਵਿਕਸਿਤ ਭਾਰਤ ਦੇ ਨਿਰਮਾਣ ਲਈ ਪ੍ਰਧਾਨ ਮੰਤਰੀ ਦਾ ਉਦੇਸ਼ ਹੈ, ਜੋ ਦੇਸ਼ ਲਈ ਆਪਣੀਆਂ ਇੱਛਾਵਾਂ ਦੀ ਪੂਰਤੀ ਦੇ ਮੌਕਿਆਂ ਨਾਲ ਭਰਪੂਰ ਇੱਕ ਨਵੀਂ ਸਵੇਰ ਲੈ ਕੇ ਆਵੇਗਾ। ਇਹ ਅੰਮ੍ਰਿਤ ਕਾਲ ਸਾਡੇ ਸਾਰਿਆਂ ਲਈ ਦੇਸ਼ ਦੀ ਪ੍ਰਗਤੀ ਵਿੱਚ ਵਧ-ਚੜ੍ਹ ਕੇ ਯੋਗਦਾਨ ਦੇਣ ਦਾ ਸਮਾਂ ਹੈ। ਇਹ ਅੰਮ੍ਰਿਤ ਕਾਲ ਸਾਡੇ ਸਾਰਿਆਂ ਵਾਸਤੇ ਮਾਂ ਭਾਰਤੀ ਲਈ ਕੁਝ ਕਰਨ ਦਾ ਸਮਾਂ ਹੈ। ਆਜ਼ਾਦੀ ਦੀ ਲੜਾਈ ਦੌਰਾਨ 1947 ਤੋਂ ਪਹਿਲਾਂ ਪੈਦਾ ਹੋਈ ਪੀੜ੍ਹੀ ਨੂੰ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਨੇ ਦੇਸ਼ ਲਈ ਕੁਰਬਾਨ ਹੋਣ ਦਾ ਕੋਈ ਮੌਕਾ ਨਹੀਂ ਛੱਡਿਆ। ਪਰ ਸਾਨੂੰ ਦੇਸ਼ ਲਈ ਕੁਰਬਾਨ ਹੋਣ ਦਾ ਮੌਕਾ ਨਹੀਂ ਸਗੋਂ ਦੇਸ਼ ਲਈ ਜਿਉਣ ਦਾ ਮੌਕਾ ਮਿਲਿਆ ਹੈ। ਇਸ ਤੋਂ ਵੱਡੀ ਗੱਲ ਹੋਰ ਕੀ ਹੋ ਸਕਦੀ ਹੈ! ਸਾਨੂੰ ਹਰ ਪਲ ਦੇਸ਼ ਦੀ ਬਿਹਤਰੀ ਲਈ ਜਿਉਣਾ ਚਾਹੀਦਾ ਹੈ। ਇਸ ਲਈ, ਆਓ ਇਸ ਉਦੇਸ਼ ਦੇ ਨਾਲ ਅਸੀਂ ਇਸ 'ਅੰਮ੍ਰਿਤ ਕਾਲ' ਵਿੱਚ 140 ਕਰੋੜ ਦੇਸ਼ਵਾਸੀਆਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਇੱਕ ਨਵਾਂ ਸੰਕਲਪ ਲਈਏ। ਅਸੀਂ 140 ਕਰੋੜ ਦੇਸ਼ਵਾਸੀਆਂ ਦੇ ਸੰਕਲਪ ਨੂੰ ਪੂਰਾ ਕਰਨਾ ਹੈ ਅਤੇ ਜਦੋਂ 2047 ਵਿੱਚ ਤਿਰੰਗਾ ਲਹਿਰਾਏਗਾ ਤਾਂ ਪੂਰੀ ਦੁਨੀਆਂ ਵਿਕਸਤ ਭਾਰਤ ਦਾ ਮਾਣ ਵਧਾਉਣ ਲਈ ਤਿਆਰ ਖੜ੍ਹੀ ਹੋਵੇਗੀ। ਸਾਲ 2024, 18ਵੀਆਂ ਲੋਕ ਸਭਾ ਚੋਣਾਂ ਦੇ ਰੂਪ ਵਿੱਚ ਸਾਡੇ ਲੋਕਤੰਤਰੀ ਇਤਿਹਾਸ ਦੇ ਇੱਕ ਵੱਡੇ ਈਵੈਂਟ ਦਾ ਗਵਾਹ ਰਿਹਾ ਹੈ। ਇਹ ਬੜੀ ਖੁਸ਼ੀ ਅਤੇ ਤਸੱਲੀ ਵਾਲੀ ਗੱਲ ਹੈ ਕਿ ਚੋਣਾਂ ਸ਼ਾਂਤੀਪੂਰਵਕ ਨੇਪਰੇ ਚੜ੍ਹੀਆਂ। ਲੋਕਾਂ ਦੁਆਰਾ ਲੋਕਤੰਤਰੀ ਸਰਕਾਰ ਦੀ ਚੋਣ ਨੇ ਸੰਸਾਰ ਨੂੰ ਇਹ ਦਿਖਾ ਦਿੱਤਾ ਹੈ ਕਿ ਭਾਰਤ ਇੱਕ ਪਰਿਪੱਕ ਲੋਕਤੰਤਰ ਹੈ, ਜਿੱਥੋਂ ਦੇ ਅਗਾਂਹਵਧੂ ਸੋਚ ਵਾਲੇ ਲੋਕ ਦੇਸ਼ ਦੀ ਤਰੱਕੀ ਲਈ ਹਮੇਸ਼ਾ ਤਤਪਰ ਹਨ। ਸਾਨੂੰ, ਦੇਸ਼ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਦਾ ਸੁਨਹਿਰੀ ਮੌਕਾ ਮਿਲਿਆ ਹੈ। ਸਾਡੇ ਟੀਚਿਆਂ ਦੀ ਪ੍ਰਾਪਤੀ ਵਿੱਚ ਹਰੇਕ ਨਾਗਰਿਕ ਦਾ ਯੋਗਦਾਨ ਮਹੱਤਵਪੂਰਨ ਹੋਵੇਗਾ। ਇਸ ਉਦੇਸ਼ ਦੀ ਪੂਰਤੀ ਲਈ ਮੈਂ ਆਪਣੇ ਸਾਰੇ ਸਾਥੀ ਨਾਗਰਿਕਾਂ ਨੂੰ ਸੰਵਿਧਾਨ ਵਿੱਚ ਦਰਜ ਸਾਡੇ ਬੁਨਿਆਦੀ ਫਰਜ਼ਾਂ ਦੀ ਪਾਲਣਾ ਕਰਨ ਦੀ ਅਪੀਲ ਕਰਦਾ ਹਾਂ। ਇਹ ਫ਼ਰਜ਼ ਆਜ਼ਾਦੀ ਦੇ 100 ਸਾਲ ਪੂਰੇ ਹੋਣ 'ਤੇ ਭਾਰਤ ਨੂੰ ਵਿਕਸਤ ਰਾਸ਼ਟਰ ਬਣਾਉਣ ਲਈ ਹਰ ਨਾਗਰਿਕ ਦੇ ਲਈ ਜ਼ਰੂਰੀ ਹਨ। ਅਸੀਂ ਅਯੁੱਧਿਆ ਵਿੱਚ ਪ੍ਰਭੂ ਸ੍ਰੀ ਰਾਮ ਦੇ ਜਨਮ ਸਥਾਨ 'ਤੇ ਬਣੇ ਰਾਮ ਮੰਦਰ ਵਿੱਚ ਭਗਵਾਨ ਸ੍ਰੀ ਰਾਮ ਦੀ ਮੂਰਤੀ ਸਥਾਪਨਾ ਪ੍ਰਾਣ ਪ੍ਰਤਿਸ਼ਠਾ ਦੇ ਇਤਿਹਾਸਕ ਸਮਾਰੋਹ ਦੇ ਗਵਾਹ ਬਣੇ। ਜਦੋਂ ਇਸ ਘਟਨਾ ਨੂੰ ਵਿਆਪਕ ਪਰਿਪੇਖ ਵਿੱਚ ਦੇਖਿਆ ਜਾਵੇਗਾ ਤਾਂ ਭਵਿੱਖ ਦੇ ਇਤਿਹਾਸਕਾਰ ਇਸ ਨੂੰ ਭਾਰਤੀ ਸੱਭਿਅਤਾ ਦੀ ਵਿਰਾਸਤ ਦੀ ਪੁਨਰ-ਖੋਜ ਵਿੱਚ ਇੱਕ ਵੱਡੇ ਮੀਲ ਪੱਥਰ ਵਜੋਂ ਦੇਖਣਗੇ। ਭਾਰਤ ਦੀ ਪ੍ਰਧਾਨਗੀ ਹੇਠ ਰਾਜਧਾਨੀ ਵਿਖੇ ਜੀ-20 ਸਿਖਰ ਸੰਮੇਲਨ ਦਾ ਸਫ਼ਲ ਆਯੋਜਨ ਇੱਕ ਮਹੱਤਵਪੂਰਨ ਪ੍ਰਾਪਤੀ ਸੀ। ਸਭ ਤੋਂ ਵੱਧ ਮਹੱਤਵਪੂਰਨ ਅਤੇ ਧਿਆਨ ਦੇਣ ਯੋਗ ਗੱਲ ਇਹ ਸੀ ਕਿਸ ਤਰ੍ਹਾਂ ਲੋਕਾਂ ਨੇ ਵੱਧ ਚੜ੍ਹ ਕੇ ਜੀ-20 ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਇਸ ਸ਼ਾਨਦਾਰ ਸਮਾਗਮ ਨੇ ਨਾਗਰਿਕਾਂ ਨੂੰ ਰਣਨੀਤਕ ਅਤੇ ਕੂਟਨੀਤਕ ਮਾਮਲਿਆਂ ਵਿੱਚ ਉਨ੍ਹਾਂ ਦੀ ਭਾਗੀਦਾਰੀ ਯਕੀਨੀ ਬਣਾਉਣ ਦਾ ਸਬਕ ਦਿੱਤਾ ਜੋ ਉਨ੍ਹਾਂ ਦੇ ਭਵਿੱਖ ਨੂੰ ਸਿਰਜਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲਾ ਹੈ। ਸੰਸਦ ਵੱਲੋਂ ਮਹਿਲਾ ਰਾਖਵਾਂਕਰਨ ਬਿੱਲ ਪਾਸ ਕਰਨ ਨਾਲ ਅਸੀਂ ਲਿੰਗ ਸਮਾਨਤਾ ਦੇ ਆਦਰਸ਼ ਵੱਲ ਅੱਗੇ ਵਧ ਰਹੇ ਹਾਂ। ਮੈਨੂੰ ਵਿਸ਼ਵਾਸ ਹੈ ਕਿ ਨਾਰੀ ਸ਼ਕਤੀ ਵੰਦਨ



ਅਧਿਨਿਯਮ ਮਹਿਲਾਵਾਂ ਦੇ ਸਸ਼ਕਤੀਕਰਨ ਦਾ ਇੱਕ ਕ੍ਰਾਂਤੀਕਾਰੀ ਜ਼ਰੀਆ ਸਾਬਤ ਹੋਵੇਗਾ। ਭਾਰਤ ਸਰਕਾਰ ਵੱਲੋਂ ਕੀਤੀ ਗਈ ਇੱਕ ਹੋਰ ਮਹੱਤਵਪੂਰਨ ਪਹਿਲਕਦਮੀ ਡਿਜੀਟਲ ਇੰਡੀਆ ਦਾ ਨਿਰਮਾਣ ਕਰਨਾ ਹੈ ਜਿਸ ਨੇ ਭਾਰਤ ਵਿੱਚ ਲੋਕਾਂ ਦੇ ਜੀਵਨ ਅਤੇ ਕਾਰੋਬਾਰ ਨੂੰ ਬਹੁਤ ਅਸਾਨ ਬਣਾ ਦਿੱਤਾ ਹੈ। ਅੱਜ ਦੁਨੀਆ ਭਰ ਨੇ ਇਸ ਨੂੰ ਭਾਰਤ ਦੀ ਇੱਕ ਵੱਡੀ ਪ੍ਰਾਪਤੀ ਮੰਨਿਆ ਹੈ। ਇੱਥੋਂ ਤੱਕ ਕਿ ਵਿਕਸਤ ਦੇਸ਼ਾਂ ਕੋਲ ਵੀ ਭਾਰਤ ਵਰਗੀ ਡਿਜੀਟਲ ਪ੍ਰਣਾਲੀ ਨਹੀਂ ਹੈ। ਸਾਡੇ ਮਾਣਯੋਗ ਪ੍ਰਧਾਨ ਮੰਤਰੀ ਦੀ ਯੋਗ ਅਗਵਾਈ ਹੇਠ ਅਤੇ ਉਨ੍ਹਾਂ ਦੀ ਮੌਜੂਦਗੀ ਵਿੱਚ ਦੇਸ਼ ਸੰਸਾਰ ਭਰ ਵਿੱਚ ਮੋਹਰੀ ਬਣ ਕੇ ਉਭਰ ਰਿਹਾ ਹੈ। ਦੇਸ਼ ਵਿੱਚ ਮੌਜੂਦ ਪ੍ਰਤਿਭਾ ਨੂੰ ਧਿਆਨ ਵਿੱਚ ਰੱਖਦੇ ਹੋਏ, ਸੁਨਹਿਰੀ ਭਵਿੱਖ ਦੇ ਵਾਅਦੇ ਹੋਰ ਵੀ ਮਜ਼ਬੂਤ ਹੋ ਰਹੇ ਹਨ। ਆਓ ਅਸੀਂ ਵਿਕਾਸ ਦੇ ਭਰੂਪਰ ਮੌਕਿਆਂ ਨਾਲ ਸੰਜੋਏ ਭਾਰਤ ਨੂੰ ਹੋਰ ਵਿਕਸਤ ਕਰਨ ਲਈ ਵਚਨਬੱਧ ਹੋਈਏ। ਅੱਜ ਅਸੀਂ ਕਈ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਾਂ ਅਤੇ ਸਾਨੂੰ ਨਸ਼ਿਆਂ ਦੀ ਸਮਾਜਿਕ ਬੁਰਾਈ ਨੂੰ ਸਮਾਜ, ਖਾਸ ਤੌਰ 'ਤੇ ਨੌਜਵਾਨਾਂ 'ਚੋਂ ਜੜ੍ਹੋਂ ਖ਼ਤਮ ਕਰਨ ਵੱਲ ਵਿਸ਼ੇਸ਼ ਧਿਆਨ ਦੇਣਾ ਹੋਵੇਗਾ। ਪੰਜਾਬ ਇੱਕ ਸਰਹੱਦੀ ਸੂਬਾ ਹੋਣ ਕਰਕੇ ਸਾਡੇ ਗੁਆਂਢੀ ਦੁਸ਼ਮਣ ਦੇਸ਼ ਪਾਕਿਸਤਾਨ ਤੋਂ ਹਮੇਸ਼ਾ ਚੁਣੌਤੀਆਂ ਦਾ ਸਾਹਮਣਾ ਕਰਦਾ ਰਿਹਾ ਹੈ ਜਿਸ ਦੀ ਪੰਜਾਬ ਰਾਜ ਨਾਲ 245 ਕਿਲੋਮੀਟਰ ਲੰਬੀ ਜ਼ਮੀਨੀ ਸਰਹੱਦ ਲੱਗਦੀ ਹੈ। ਕਿਉਂਕਿ ਪਾਕਿਸਤਾਨ ਕੋਲ ਭਾਰਤ ਨਾਲ ਸਿੱਧੀ ਲੜਾਈ ਲੜਨ ਦੀ ਸਮਰੱਥਾ ਨਹੀਂ ਹੈ, ਇਸ ਲਈ ਉਹ ਦੇਸ਼ ਦੀ ਅਮਨ-ਸ਼ਾਂਤੀ ਨੂੰ ਭੰਗ ਕਰਨ ਲਈ ਵੱਖ-ਵੱਖ ਤਰੀਕਿਆਂ ਨਾਲ ਨਸ਼ੇ ਅਤੇ ਹਥਿਆਰ ਭੇਜ ਕੇ ਇਕ ਅਸਿੱਧੀ ਜੰਗ ਲੜ ਰਿਹਾ ਹੈ। ਸਾਨੂੰ ਦੁਸ਼ਮਣ ਦੀਆਂ ਅਜਿਹੀਆਂ ਗਤੀਵਿਧੀਆਂ ਤੋਂ ਸੁਚੇਤ ਰਹਿਣ ਦੀ ਲੋੜ ਹੈ ਅਤੇ ਦੁਸ਼ਮਣ ਦੀਆਂ ਅਜਿਹੀਆਂ ਸਾਜ਼ਿਸ਼ਾਂ ਦਾ ਸਾਂਝੇ ਤੌਰ 'ਤੇ ਡੱਟ ਕੇ ਮੁਕਾਬਲਾ ਕਰਨ ਦੀ ਜ਼ਰੂਰਤ ਹੈ। ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ, ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨੇ ਸਰਹੱਦ ਪਾਰੋਂ ਦੇਸ਼ ਵਿਰੋਧੀ ਗਤੀਵਿਧੀਆਂ ਨੂੰ ਨੱਥ ਪਾਉਣ ਲਈ ਸਾਂਝੇ ਅਭਿਆਨ ਸ਼ੁਰੂ ਕੀਤੇ ਹਨ। ਕੇਂਦਰੀ ਅਤੇ ਸੂਬਾਈ ਸੁਰੱਖਿਆ ਬਲਾਂ ਨੇ ਪੰਜਾਬ ਦੇ ਛੇ ਸਰਹੱਦੀ ਜ਼ਿਲ੍ਹਿਆਂ ਵਿੱਚ ਸਾਂਝੇ ਆਪਰੇਸ਼ਨ ਚਲਾਏ ਹਨ ਜੋ ਡਰੋਨਾਂ ਰਾਹੀਂ ਨਸ਼ਿਆਂ ਦੀ ਸਪਲਾਈ ਨੂੰ ਰੋਕਣ ਵਿੱਚ ਕਾਫ਼ੀ ਸਫਲ ਰਹੇ ਹਨ। ਸਰਹੱਦੀ ਇਲਾਕਿਆਂ 'ਚ ਦੇਸ਼ ਵਿਰੋਧੀ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ ਲਗਭਗ 3000 ਏ.ਆਈ. ਸਮਰੱਥ ਕੈਮਰੇ ਲਗਾਏ ਜਾ ਰਹੇ ਹਨ। ਭਾਰਤ ਸਰਕਾਰ ਹੁਣ ਸਰਹੱਦੀ ਇਲਾਕਿਆਂ ਵਿੱਚ ਡਰੋਨਾਂ ਰਾਹੀਂ ਨਸ਼ਿਆਂ ਤੇ ਹਥਿਆਰਾਂ ਦੀ ਸਪਲਾਈ ਨੂੰ ਰੋਕਣ ਲਈ ਪੂਰੀ ਸਰਹੱਦ ਨੂੰ ਐਂਟੀ ਡਰੋਨ ਤਕਨੀਕ ਨਾਲ ਲੈਸ ਕਰ ਰਹੀ ਹੈ। ਪੰਜਾਬ ਦੇ ਸਾਰੇ ਸਰਹੱਦੀ ਜ਼ਿਲ੍ਹਿਆਂ ਵਿੱਚ ਪਿੰਡ ਪੱਧਰੀ ਰੱਖਿਆ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਜੋ ਸਰਹੱਦੀ ਜ਼ਿਲ੍ਹਿਆਂ ਵਿੱਚ ਸਮਾਜ ਵਿਰੋਧੀ ਅਤੇ ਦੇਸ਼ ਵਿਰੋਧੀ ਗਤੀਵਿਧੀਆਂ ਬਾਰੇ ਪੁਲਿਸ ਅਤੇ ਰੱਖਿਆ ਬਲਾਂ ਨੂੰ ਸੂਚਿਤ ਕਰਨ ਲਈ ਸਮੂਹਿਕ ਤੌਰ 'ਤੇ ਕੰਮ ਕਰ ਰਹੀਆਂ ਹਨ। ਪੰਜਾਬ ਦੇ ਰਾਜਪਾਲ ਨੇ ਛੇ ਸਰਹੱਦੀ ਜ਼ਿਲ੍ਹਿਆਂ ਵਿੱਚ ਆਪਣੇ ਪਿੰਡਾਂ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਸਬੰਧੀ ਕਾਰਗੁਜ਼ਾਰੀ ਦੇ ਆਧਾਰ 'ਤੇ ਪਹਿਲੀਆਂ ਤਿੰਨ ਸਰਬੋਤਮ ਪਿੰਡ ਪੱਧਰੀ ਰੱਖਿਆ ਕਮੇਟੀਆਂ ਨੂੰ ਆਪਣੇ ਅਖਤਿਆਰੀ ਕੋਟੇ ਵਿੱਚੋਂ 36 ਲੱਖ ਰੁਪਏ ਸਾਲਾਨਾ ਇਨਾਮ ਰਾਸ਼ੀ ਦੇਣ ਦਾ ਫੈਸਲਾ ਕੀਤਾ ਹੈ। ਇਹ ਇਨਾਮ ਸਾਰੇ 6 ਸਰਹੱਦੀ ਜ਼ਿਲ੍ਹਿਆਂ ਵਿੱਚ ਹਰੇਕ ਜ਼ਿਲ੍ਹੇ ਦੇ ਤਿੰਨ ਪਿੰਡਾਂ ਨੂੰ ਦਿੱਤਾ ਜਾਵੇਗਾ, ਜਿਸ ਵਿੱਚ ਪਹਿਲੇ ਨੰਬਰ 'ਤੇ ਆਉਣ ਵਾਲੀ ਪਿੰਡ ਪੱਧਰੀ ਰੱਖਿਆ ਕਮੇਟੀ ਨੂੰ 3 ਲੱਖ ਰੁਪਏ, ਦੂਜੇ ਨੰਬਰ 'ਤੇ ਆਉਣ ਵਾਲੀ ਰੱਖਿਆ ਕਮੇਟੀ ਨੂੰ 2 ਲੱਖ ਰੁਪਏ ਅਤੇ ਤੀਜੇ ਨੰਬਰ 'ਤੇ ਆਉਣ ਵਾਲੀ ਰੱਖਿਆ ਕਮੇਟੀ ਨੂੰ 1 ਲੱਖ ਰੁਪਏ ਦਿੱਤੇ ਜਾਣਗੇ। ਇਸ ਤੋਂ ਇਲਾਵਾ ਪੰਜਾਬ ਰਾਜ ਭਵਨ ਨੇ ਪੰਜਾਬ ਅਤੇ ਚੰਡੀਗੜ੍ਹ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਦੀ ਪਹਿਲਕਦਮੀ ਸ਼ੁਰੂ ਕੀਤੀ ਹੈ, ਜਿਸ ਦਾ ਉਦੇਸ਼ ਨਾ ਸਿਰਫ਼ ਹੋਣਹਾਰ ਵਿਦਿਆਰਥੀਆਂ ਦੀ ਮਿਹਨਤ ਅਤੇ ਪ੍ਰਾਪਤੀਆਂ ਦੀ ਸ਼ਲਾਘਾ ਕਰਨਾ ਹੈ, ਸਗੋਂ ਉਨ੍ਹਾਂ ਨੂੰ ਉਨ੍ਹਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਕੁਝ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਹੈ। ਸੂਬੇ/ਯੂ.ਟੀ. ਵਿੱਚ 8ਵੀਂ ਅਤੇ 10ਵੀਂ ਜਮਾਤ ਵਿੱਚ ਸਰਬੋਤਮ ਕਾਰਗੁਜ਼ਾਰੀ ਵਾਲੇ ਪੰਜਾਬ ਅਤੇ ਯੂਟੀ ਚੰਡੀਗੜ੍ਹ ਦੇ ਸਰਕਾਰੀ ਸਕੂਲਾਂ ਦੇ 300 ਹੋਣਹਾਰ ਵਿਦਿਆਰਥੀ ਨੂੰ ਸਨਮਾਨਿਤ ਕੀਤਾ ਗਿਆ ਹੈ। ਇਨਾਮੀ ਰਾਸ਼ੀ ਵਜੋਂ 10ਵੀਂ ਜਮਾਤ ਦੇ ਹਰੇਕ ਵਿਦਿਆਰਥੀ ਨੂੰ 10,000 ਰੁਪਏ ਅਤੇ 8ਵੀਂ ਜਮਾਤ ਦੇ ਹਰੇਕ ਵਿਦਿਆਰਥੀ ਨੂੰ 5000 ਰੁਪਏ ਦਿੱਤੇ ਗਏ ਹਨ। ਮੈਂ ਪੰਜਾਬ ਦੇ ਲੋਕਾਂ, ਚੁਣੇ ਹੋਏ ਨੁਮਾਇੰਦਿਆਂ, ਸਿਵਲ ਅਤੇ ਪੁਲਿਸ ਅਧਿਕਾਰੀਆਂ, ਸਾਬਕਾ ਸੈਨਿਕਾਂ, ਨੌਜਵਾਨਾਂ, ਡਾਕਟਰਾਂ, ਸਿੱਖਿਆ ਸ਼ਾਸਤਰੀਆਂ, ਬੁੱਧੀਜੀਵੀਆਂ, ਗੈਰ ਸਰਕਾਰੀ ਸੰਗਠਨਾਂ, ਸਵੈ-ਸੇਵੀ ਸੰਸਥਾਵਾਂ ਅਤੇ ਮੀਡੀਆ ਨੂੰ ਨਸ਼ਿਆਂ ਵਿਰੁੱਧ ਮੁਹਿੰਮਾਂ ਚਲਾਉਣ, ਹਰੇ-ਭਰੇ ਅਤੇ ਸਾਫ਼-ਸੁਥਰੇ ਵਾਤਾਵਰਣ, ਗ੍ਰੀਨ ਐਨਰਜੀ, ਸੋਲਰ ਐਨਰਜੀ, ਭਾਰਤ ਸਰਕਾਰ ਦੀ ਸਕੀਮ 'ਏਕ ਪੇਡ ਮਾਂ ਕੇ ਨਾਮ' ਤਹਿਤ ਪੌਦੇ ਲਗਾਉਣ, ਸਵੱਛ ਭਾਰਤ, ਡਿਜੀਟਲ ਇੰਡੀਆ, ਮੇਕ ਇਨ ਇੰਡੀਆ, ਮਹਿਲਾ ਸਸ਼ਕਤੀਕਰਨ, ਵਿਕਸ਼ਿਤ ਭਾਰਤ ਆਦਿ ਲਈ ਜਨਤਕ ਮੁਹਿੰਮਾਂ ਚਲਾਉਣ ਦਾ ਸੱਦਾ ਦਿੰਦਾ ਹਾਂ। ਆਓ, ਇਸ ਮੌਕੇ ਅਸੀਂ ਆਪਣੇ ਦੇਸ਼ ਦੇ ਹਿੱਤਾਂ ਨੂੰ ਤਰਜੀਹ ਦਿੰਦੇ ਹੋਏ, ਇਮਾਨਦਾਰੀ, ਵਚਨਬੱਧਤਾ, ਲਗਨ ਅਤੇ ਸਮਰਪਣ ਨਾਲ ਆਪਣੇ ਫਰਜ਼ ਨਿਭਾਉਣ ਲਈ ਸਮੂਹਿਕ ਤੌਰ 'ਤੇ ਸਖ਼ਤ ਮਿਹਨਤ ਕਰਨ ਦਾ ਪ੍ਰਣ ਕਰੀਏ। ਮੈਂ ਇੱਕ ਵਾਰ ਫਿਰ ਪੰਜਾਬ ਅਤੇ ਚੰਡੀਗੜ੍ਹ ਦੇ ਲੋਕਾਂ ਨੂੰ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਦਿਲੋਂ ਸ਼ੁਭਕਾਮਨਾਵਾਂ ਦਿੰਦਾ ਹਾਂ।

ਧੰਨਵਾਦ,

ਜੈ ਹਿੰਦ!

## ਟੁੱਟ ਗਏ ਡੈਮ ਦੇ ਗੇਟ, ਹੜ੍ਹ ਦਾ ਅਲਰਟ ਹੋਇਆ ਜਾਰੀ

ਕੋਪੱਲ 14 ਅਗਸਤ। ਦੇਸ ਭਰ ਦੇ ਕਈ ਸੂਬਿਆਂ ਵਿੱਚ ਇਨ੍ਹਾਂ ਦਿਨੀਂ ਬੇਹੱਦ ਜ਼ਿਆਦਾ ਮੀਂਹ ਪੈ ਰਿਹਾ ਹੈ, ਜਿਸ ਕਾਰਨ ਕਈ ਨਦੀਆਂ ਇਸ ਵੇਲੇ ਉਫਾਨ 'ਤੇ ਹਨ। ਕਰਨਾਟਕ ਅਤੇ ਆਂਧਰ ਪ੍ਰਦੇਸ ਲਈ ਇਹ ਮੀਂਹ ਇੱਕ ਨਵੀਂ ਮੁਸੀਬਤ ਲੈ ਕੇ ਆਇਆ ਹੈ। ਇੱਥੇ ਕੋਪੱਲ ਜ਼ਿਲ੍ਹੇ ਵਿੱਚ ਤੁੰਗਭਦਰਾ ਨਦੀ ਦੇ ਪਾਣੀ ਦੀ ਤੇਜ ਰਫਤਾਰ ਕਾਰਨ ਪੰਪਾ ਸਾਗਰ ਡੈਮ ਦੇ ਗੇਟ ਟੁੱਟ ਗਏ ਹਨ। ਇਸ ਕਾਰਨ ਉਥੇ ਪਾਣੀ ਦਾ ਤੇਜ ਵਹਾ ਵਹਿਣ ਲੱਗਾ ਅਤੇ ਹੜ੍ਹ ਦੀ ਚਿੰਤਾ ਸਤਾਉਣ ਲੱਗੀ ਹੈ। ਪ੍ਰਸਾਸਨ ਨੇ ਇੱਕ ਗੇਟ ਛੱਡ ਕੇ ਬਾਕੀ ਸਾਰੇ ਡੈਮ ਦੇ ਗੇਟ ਖੋਲ੍ਹ ਦਿੱਤੇ ਹਨ ਤਾਂ ਜੋ ਇੱਕ ਗੇਟ 'ਤੇ ਦਬਾਅ ਘਟਾਇਆ ਜਾ ਸਕੇ। ਇਸ ਨਾਲ ਨਦੀ ਦੇ ਪਾਣੀ ਦਾ ਪੱਧਰ ਘਟੇਗਾ ਅਤੇ 19 ਨੰਬਰ ਦੇ ਗੇਟ ਦੀ ਮਰੰਮਤ ਦਾ ਕੰਮ ਕੀਤਾ ਜਾ ਸਕੇਗਾ। ਡੈਮ ਤੋਂ ਭਾਰੀ ਮਾਤਰਾ ਵਿੱਚ ਪਾਣੀ ਛੱਡੇ ਜਾਣ ਕਾਰਨ ਲੋਕਾਂ ਨੂੰ ਨਦੀ ਦੇ ਨੇੜੇ ਨਾ ਜਾਣ ਦੀ ਚਿਤਾਵਨੀ ਦਿੱਤੀ ਗਈ ਹੈ। ਇਥੇ ਕੋਪੱਲ ਦੇ ਹੇਠਲੇ ਖੇਤਰਾਂ ਵਿੱਚ ਹੜ੍ਹ ਦਾ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਜਲ ਸਰੋਤ ਵਿਭਾਗ ਦੇ ਸੂਤਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਡੈਮ ਦੇ ਮਰੰਮਤ ਕੰਮ ਲਈ ਡੈਮ ਦੀ ਮੌਜੂਦਾ ਕੁੱਲ ਸਮਰਥਾ 105 ਟੀਐਮਸੀ ਦੇ ਮੁਕਾਬਲੇ ਪਾਣੀ ਦੇ ਪੱਧਰ ਨੂੰ 65 ਤੋਂ 55 ਟੀਐਮਸੀ ਤੱਕ ਘਟਾਉਣ ਦੀ ਲੋੜ ਹੈ। ਵਿਭਾਗ ਨੇ ਡੈਮ ਦੇ ਮਰੰਮਤ ਕੰਮ ਸੂਰੂ ਕਰਨ ਲਈ ਪੰਜ ਗੇਟਾਂ ਨੂੰ ਛੱਡ ਕੇ ਬਾਕੀ ਸਾਰੇ ਗੇਟ ਖੋਲ੍ਹ ਦਿੱਤੇ ਹਨ।




# ਇਕ ਉਹ ਧਰਤੀ ਜਿਸਨੂੰ ਸਾਂਝੇ ਤੌਰ ਤੇ ਹਿੰਦੁਸਤਾਨ ਦਾ ਨਾਮ ਦਿੱਤਾ ਗਿਆ






ਇਹ ਇਕਬਾਲ ਸ਼ੇਅਰ ਦੇ ਉਹ ਲਫਜ਼ ਨੇ ਜਿਸਨੇ ਸਾਰੀਆ ਕੌਮਾਂ ਨੂੰ ਅਜ਼ਾਦੀ ਦੀ ਜੰਗ ਇੱਕਠਿਆ ਲੜਦਿਆ ਵੇਖਿਆ ਇਕ ਉਹ ਧਰਤੀ ਜਿਸਨੂੰ ਸਾਂਝੇ ਤੌਰ ਤੇ ਹਿੰਦੁਸਤਾਨ ਦਾ ਨਾਮ ਦਿੱਤਾ ਗਿਆ ਮੱਤਲਬ ਦੇ ਸਾਰੀਆ ਕੌਮਾ ਦਾ ਸਾਂਝਾ ਸਥਾਨ ਆਪਣੇ ਲੋਕਾ ਨੂੰ ਜੰਗੇ -ਅਜਾਦੀ ਵਾਸਤੇ ਜੁਝਾਦਿਆ ਵੇਖ ਇਕਬਾਲ ਦੇ ਅੰਦਰੋ ਕਿਸੇ ਵੰਨਗੀ ਨੇ ਜਨਮ ਲਿਆ ਤੇ ਉਸਨੇ ਇਸਨੂੰ ਸ਼ਬਦਾ ਵਿੱਚ ਪਰੋ ਆਪਣੇ ਲੋਕਾਂ ਦੀ ਝੋਲੀ ਵਿੱਚ ਪਾ ਦਿੱਤਾ ਤੇ ਜੋ ਹਿੰਦੋਸਤਾਨ ਦਾ ਕੌਮੀ ਤਰਾਨਾ ਬਣ ਗਿਆ।ਉਸੇ ਹੀ ਸ਼ੇਅਰ ਨੇ ਜਦੋ ਹਿੰਦੂਤਵੀਆ ਦਾ ਬੇਈਮਾਨਾ ਚਿਹਰਾ ਵੇਖਿਆ ਤੇ ਉਸਦੀ ਆਤਮਾ ਕੰਬ ਉੱਠੀ ਤੇ ਉਸਨੂੰ ਕਹਿਣਾ ਪਿਆ ਕਿ "ਸ਼ਰਮ ਆਤੀ ਹੈ ਇਸਕੋ ਹਿੰਦੋਸਤਾਨ ਕਹਿਤੇ ਹੁਏ" ਤੇ ਉਹ ਕੌਮੀ ਸ਼ੇਅਰ ਆਪਣੀ ਕੌਮ ਨਾਲ ਆਪਣੇ ਨਵੇ ਵਤਨ ਪਾਕਿਸਤਾਨ ਚਲਾ ਗਿਆ।ਪਰ ਉਸਦੇ ਅੰਦਰ ਜੋ ਪੀੜਾ ਨੇ ਜਨਮ ਲਿਆ ਉਹ ਕਦੀ ਖਤਮ ਨਾ ਹੋ ਚੁੱਕੀ ਫਰੰਗੀਆਂ ਅਤੇ ਹਿੰਦੂਤਵੀਆ ਦੀਆ ਕੁਟਲਨੀਤੀਆਂ ਨੇ ਇਕ ਖਿਤੇ ਦੇ ਦੋ ਖਿਤੇ ਬਣਾ ਦਿੱਤੇ ਤੇ ਇਸਦਾ ਸਭ ਤੋਂ ਵੱਧ ਖਮਿਆਨਾ ਪੰਜਾਬ ਨੂੰ ਭੁਗਤਵਾ ਪਿਆ ਪੰਜਾਬ ਦਾ ਲੱਕ ਤੋੜ ਕੇ ਰੱਖ ਦਿੱਤਾ।ਜਿਸ ਪੰਜਾਬ ਵਿੱਚੋ ਹਮੇਸ਼ਾ ਹੀ ਅਜ਼ਾਦੀ ਦੀਆਂ ਲਹਿਰਾਂ ਉੱਠਦੀਆ ਰਹੀਆਂ ਉਸਨੂੰ ਹੀ ਖਤਮ ਕਰਨ ਵਾਸਤੇ ਕੁਟਲਨੀਤੀਆਂ ਕੀਤੀਆ ਗਈਆ। ੧੫ ਅਗਸਤ ੧੯੪੭ ਦਾ ਅਭਾਗਾ ਦਿਨ ਸਿੱਖਾਂ ਵਾਸਤੇ ਕਹਿਰ ਬਣਕੇ ਆਇਆ ਜਿਸ ਖਿੱਤੇ ਵਾਸਤੇ ਸੱਭ ਤੋ ਵੱਧ ਮੁਸ਼ਕਲਾਂ ਸਹਿਣ ਕੀਤੀਆ ਕੁਰਬਾਨੀਆ ਦਿੱਤੀਆਂ ਅੱਜ ਉਹੀ ਖਿਤੇ ਵਿੱਚ ਉਸਦੇ ਗੱਲ ਗੁਲਾਮੀ ਦਾ ਜੁਲਾ ਪਾ ਦਿੱਤਾ ਗਿਆ ਸਿਆਸਤ ਤੋ ਕੋਰੇ ਸਿੱਖ ਲੀਡਰਾ ਨੂੰ ਨਹਿਰੂ-ਗਾਂਧੀ ਜੰਡਲੀ ਦੀ ਸਿਆਸਤ ਸਮਝ ਨਾ ਆਈ ਇਹਨਾ ਦੀ ਜੀ ਹਜੂਰੀ ਨੇ ਕੌਮ ਦਾ ਬੇੜਾ ਗਰਕ ਕਰਕੇ ਰੱਖ ਦਿੱਤਾ ਦੇਸ਼ ਦੇ ਮਾਲਕ ਹੁੰਦਿਆ ਹੋਇਆ ਮੰਗਤੇ ਬਣਕੇ ਰਹਿ ਗਏ।ਉਸ ਵੇਲੇ ਦੇ ਸਿੱਖ ਲੀਡਰਾਂ ਦੀ ਅਕਲ ਪਤਾ ਨਹੀ ਕਿਤੇ ਘਾਹ ਚਰਨ ਗਈ ਹੋਈ ਸੀ (ਤੇ ਅੱਜ ਵੀ ਜੋ ਉਹਨਾ ਦੇ ਦਿਨ ਮਨਾ ਕੇ ਖੁਸ਼ੀਆ ਮਨਾਉਦੇ ਹਨ ਉਹਨਾਂ ਨੂੰ ਵੀ ਕੋਈ ਸ਼ਰਮ ਨਹੀ )ਜਿਸ ਧਰਤ ਤੋ ਸਿਖੀ ਦਾ ਜਨਮ ਹੋਇਆ ਜੋ ਸਿੱਖੀ ਦਾ ਜਨਮ ਅਸਥਾਨ ਸੀ ਜਿਥੇ ਸਿੱਖੀ ਦੀਆ ਜੜ੍ਹਾ ਸਨ ਜਿਨਾਂ ਧਾਰਮਿਕ ਅਸਥਾਨਾ ਨੂੰ ਅਜ਼ਾਦ ਕਰਵਾਉਣ ਦੇ ਲਈ ਸਿੱਖਾਂ ਨੇ ਸ਼ਹੀਦੀਆ ਦਿੱਤੀਆਂ ਉਹਨਾਂ ਸ਼ਹੀਦਾ ਦੀ ਯਾਦਗਾਰਾਂ ਨੂੰ ਕਿਵੇ ਵਿਸਾਰ ਦਿੱਤਾ, ਜਿਸ ਧਰਤ ਤੇ ਨਨਕਾਣਾ ਸਾਹਿਬ ਗੁਰੂ ਨਾਨਕ ਪਾਤਸਾਹ ਨੇ ਅੱਖ ਖੋਲੀ ਤੇ ਸੰਸਾਰ ਨੂੰ ਚਾਨਣ ਵੰਡਿਆ ਮਜਲੂਮਾਂ ਦੇ ਹੱਕ ਦਾ ਨਾਅਰਾ ਮਾਰਿਆ।ਜਾਲਮ ਨੂੰ ਵੰਗਾਰ ਪਾਈ ਤੇ ਉਸੇ ਹੀ ਧਰਤ ਤੇ ਕਰਤਾਰਪੁਰ ਸਾਹਿਬ ਜੋ ਅੱਜ ਕੱਲ ਪਾਕਿਸਤਾਨ ਵਿਚ ਹਨ ਆਖਰੀ ਵੇਖੇ ਦੁਨੀਆ ਨੂੰ ਅਲਵਿਦਾ ਕਹਿ ਅੱਖਾਂ ਮੀਟ ਲਈਆ ਸਿੱਖਾਂ ਦੀਆਂ ਐਨੀਆਂ ਅਮੁਲ ਯਾਦਗਾਰਾ ਨੂੰ ਲੀਡਰਾਂ ਨੇ ਕਿਵੇ ਅੱਖੋ ਪਰੋਖੇ ਕਰ ? ਇਸ ਵੰਡ ਲਈ ਹਾਮੀ ਭਰੀ ਲੱਗਦਾ ਹੈ ਕਿ ਸਿਰੇ ਦੇ ਹਰਾਮੀ ਸਨ।ਜੋ ਸਿੱਖ ਕੌਮ ਦਾ ਸਾਰਾ ਕੁਝ ਦਾਹ ਤੇ ਲਾ ਕੇ ਨਹਿਰੂ ਗਾਂਧੀ ਦੇ ਪੋਹੜੇ ਧੌਣ ਲਈ ਕਾਹਲੇ ਸਨ। ਇਹ ਲੋਕ ਸਹੀ ਮਾਹਨਿਆ ਵਿਚ ਸਿੱਖਾਂ -ਸਿੱਖੀ ਦੇ ਗਦਾਰ ਹਨ।ਇਹਨਾਂ ਤੋ ਵੱਡਾ ਗਦਾਰ ਕੋਈ ਨਹੀ ਹੋ ਸਕਦਾ ਜੋ ਅੰਨੇ ਬੋਲੇ ਬਣ ਜੀ ਹਜੂਰੀ ਤੋ ਅੱਗੇ ਸੋਚਣ ਲਈ ਤਿਆਰ ਹੀ ਨਹੀ ਸਨ ਇਹਨਾ ਲੋਕਾਂ ਨੇ ਆਪ ਸਾਰਾ ਕੁਝ ਗਵਾ ਕੇ ਕੌਮ ਦਾ ਲੱਕ ਤੋੜ ਕੇ ਇਕ ਚਾਰ ਸ਼ਬਦ ਅਰਦਾਸ ਵਿਚ ਪਾ ਕਿ "ਨਨਕਾਣਾ ਸਾਹਿਬ ਤੇ ਹੋਰ ਵਿਛੜੇ ਗੁਰਦੁਆਰੇ ਤੇ ਜੋ ਕੌਮ ਅੱਜ ਤੱਕ ਕਰ ਰਹੀ ਹੈ।ਹੌਣਾ ਤੇ ਇਹ ਚਾਹੀਦਾ ਸੀ ਕਿ ਇਹਨਾਂ ਲੀਡਰਾਂ ਨੂੰ ਸਣੇ ਪਰਿਵਾਰ ਪੀੜ ਦਿੱਤਾ ਜਾਦਾ ਇਹਨਾਂ ਦਾ ਨਾਮੋਨਿਸ਼ਾਨ ਇਸ ਧਰਤ ਤੋ ਖਤਮ ਕਰ ਦਿੱਤਾ ਜਾਂਦਾ।ਜੋ ਕਿ ਆਉਣ ਵਾਲੇ ਬਾਕੀ ਲੀਡਰਾਂ ਨੂੰ ਵੀ ਅਕਲ ਆ ਜਾਂਦੀ ਜੋ ਧਰਮ ਵਿੱਚ ਰਹਿ ਕੇ ਲੀਡਰ ਅਸੂਲਾਂ ਦੀ ਪਾਲਣਾ ਨਹੀ ਕਰਦਾ ਉਹ ਸਿਰੇ ਦਾ ਅਧਰਮੀ ਹੈ ਬੇਹਰੂਪੀਆਂ ਹਨ ਕੌਮ-ਘਾਤਕ ਹਨ।ਐਸੇ ਕੌਮ ਘਾਤਕਾ ਨੂੰ ਜਿੰਨੀ ਵੀ ਛੇਤੀ ਹੋਵੇ ਸਣੇ-ਪਰਿਵਾਰ ਸੋਧ ਦੇਣਾ ਚਾਹੀਦਾ ਹੈ।ਦੁਨੀਆਂ ਦੇ ਇਤਿਹਾਸ ਨੂੰ ਪੜਕੇ ਵੇਖੋ ਜੋ ਕੌਮਾਂ ਅਜ਼ਾਦੀ ਵਾਸਤੇ ਲੜੀਆਂ ਆਪਣੇ ਹੱਕਾਂ ਵਾਸਤੇ ਲੜਦੀਆਂ ਹਨ ਉਹਨਾਂ ਨੇ ਕਦੀ ਵੀ ਐਸੇ ਬਹਿਰੂਪੀਏ ਲੀਡਰਾਂ ਨੂੰ ਜਿੰਦਾ ਨੀ ਛੱਡਿਆਂ।ਕਿਉਂਕਿ ਐਸੇ ਲੋਕ ਸਿਰਫ ਆਪਣੀ ਕੌਮ ਵਾਸਤੇ ਹੀ ਘਾਤਕ ਨਹੀ ਹਨ ਸਗੋਂ ਸਾਰੀ ਲੋਕਾਈ ਵਾਸਤੇ ਹੀ ਘਾਹਕ ਹਨ।ਜੋ ਆਪਣੀ ਕੌਮ ਆਪਣੇ ਲੋਕਾ ਆਪਣੇ ਈਸ਼ਟ ਦਾ ਨਹੀ ਉਹ ਕਦੇ ਕਿਸੇ ਦਾ ਨਹੀ ਬਣਿਆ।ਸਿੱਖਾਂ ਨਾਲ ਜਿਥੇ ਵਿਸ਼ਵਾਸਘਾਤ ਗਾਂਧੀ ਨਹਿਰੂ ਮੰਡਲੀ ਨੇ ਕੀਤਾ ਉਥੇ ਉਸ ਵੇਲੇ ਦੇ ਸਿੱਖ ਲੀਡਰਾਂ ਨੇ ਵੀ ਕੀਤਾ ਤਾਰਾ ਸਿਉ ਅਤੇ ਬਲਦੇਵ ਸਿੰਹੁ ਇਸਦੇ ਮੁਖ ਦੋਸ਼ੀ ਹਨ।ਜੋ ਇਹਨਾਂ ਲੀਡਰਾਂ ਨੇ ਸਿੱਖਾਂ ਕੋਲੋ ਖਵਾਇਆ ਉਹ ਸੋਚ ਤੋ ਵੀ ਬਾਹਰ ਹੈ।ਕਦੀ ਪਾਕਿਸਤਾਨ ਦੀ ਧਰਤੀ ਤੇ ਜਾ ਕੇ ਵੇਖੋ ਕੇ ਸਿੱਖਾਂ ਦਾ ਕੀ ਕੁਝ ਸੀ ਉਥੇ ਕਿਵੇ ਸ਼ਾਨ ਨਾਲ ਰਹਿੰਦੇ ਸਨ।ਗੁਰੂ ਸਾਹਿਬਾ ਦੀਆਂ ਯਾਦਾ ਤੋ ਲੈ ਕੇ ਸ਼ਹੀਦਾਂ ਦੀਆ ਯਾਦਾ ਤੱਕ ਆਪਣੇ ਲੋਕਾਂ ਦੀਆ ਅਮਾਨਤਾ ਤੱਕ ਸ਼ਾਹੀ ਕਿਲੇ ਤੋ ਲੈ ਜਮਰੌਦ ਦੇ ਕਿਲੇ ਤੱਕ ਇਹ ਸਾਰਾ ਕੁਝ ਵੇਖਕੇ ਦਿਲ ਰੌਂਦਾ ਹੈ ਕਿ ਕਿੰਨੇ ਮੂਰਖ ਸਨ ਸਿੱਖ ਲੀਡਰ ਜਿੰਨਾਂ ਨੇ ਇਕ ਵਾਰੀ ਵੀ ਨਹੀ ਸੋਚਿਆ ਅਸੀ ਕੀ ਕਰਣ ਜਾ ਰਹੇ ਹਾਂ ਆਪਣਾ ਅਨਮੁਲਾਂ ਖਜ਼ਾਨਾ ਗਵਾ ਕੇ ਕੱਲਰਾ ਦੀ ਮਿੱਟੀ ਫੱਖਣ ਨੂੰ ਕੌਮ ਦੇ ਪੱਲੇ ਪਾ ਰਹੇ ਹਾਂ ਹਿੰਦੂਤਵੀ ਦਿਮਾਗ ਤੇ ਹਮੇਸ਼ਾ ਇਹੀ ਚਾਹੁੰਦਾ ਸੀ ਕਿ ਕਿਸੇ ਨਾ ਕਿਸੇ ਤਰਾਂ ਸਿੱਖਾਂ ਦਾ ਲੱਕ ਤੌੜਿਆ ਜਾ ਸਕੇ।ਮੁਗਲਾਂ ਵੇਲੇ ਵੀ ਹਿੰਦੂ ਰਾਜਿਆ ਨੇ ਸਿੱਖ ਗੁਰੂਆਂ ਨਾਲ ਵਿਰੋਧਤਾ ਰੱਖੀ ਉਹਨਾਂ ਨੂੰ ਹਰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗੁਰੂ ਨਾਨਕ ਪਾਤਿਸਾਹ ਦੀ ਸੱਭ ਤੋ ਪਹਿਲਾਂ ਵਿਰੋਧਤਾ ਹਿੰਦੂ ਪਾਂਡਿਆਂ ਨੇ ਕੀਤੀ।ਗੁਰੂ ਅਰਜਨ ਪਾਤਿਸਾਹ ਜੀ ਦੀ ਸ਼ਹੀਦੀ ਦਾ ਕਾਰਣ ਚੰਦੂ(ਹਿੰਦੂ) ਬਣਿਆ।ਗੁਰੂ ਤੇਗ ਬਹਾਦਰ ਸਾਹਿਬ ਨੂੰ ਹਿੰਦੂਆ ਵਾਸਤੇ ਕੁਰਬਾਨੀ ਦੇਣੀ ਪਈ।ਗੁਰੂ ਗੋਬਿੰਦ ਸਿੰਘ ਨਾਲ ਪਹਾੜੀ ਹਿੰਦੂ ਰਾਜੇ ਹਮੇਸ਼ਾ ਈਰਖਾ ਕਰਦੇ ਰਹੇ ਉਹਨਾਂ ਉਤੇ ਹਮਲਾਵਰ ਬਣਕੇ ਆਉਦੇ।ਅਤੇ ਮੁਗਲਾ ਨੂੰ ਉਕਸਾਹ ਕੇ ਲਿਆ▲ਦੇ ਰਹੇ ਇਥੋ ਤੱਕ ਕੇ ਗੁਰੂ ਸਾਹਿਬਾ ਨੂੰ ਅੰਨਦਪੁਰ ਸਾਹਿਬ ਦਾ ਕਿਲਾ ਛੱਡਣਾ ਪਿਆ।ਸਾਰਾ ਪਰਿਵਾਰ ਵਿਛੜ ਗਿਆ।ਗੁਰੂ ਸਾਹਿਬ ਦੇ ਲਖਤੇ ਜਿਗਰ ਛੋਟੇ ਸਾਹਿਬਜਾਦਿਆ ਨੂੰ ਗੰਗੂ ਬ੍ਰਹਾਮਣ(ਹਿੰਦੂ) ਨੇ ਮੁਗਲਾ ਕੋਲ ਫੜਵਾਇਆ ਸਾਹਿਬਜਾਦਿਆ ਨੂੰ ਨੀਹਾਂ ਵਿਚ ਚੁਣਵਾਉਣ ਦੇ ਲਈ ਸੁੱਚਾ ਨੰਦ( ਹਿੰਦੂ) ਨੇ ਕਿਹਾ ਕਿ "ਸੱਪ ਦੇ ਬੱਚੇ ਸੱਪ ਹੀ ਹੁੰਦੇ ਹਨ।ਕਿੰਨੀਆਂ ਮਿਸਾਲਾ ਹਨ ਇਤਿਹਾਸ ਵਿੱਚ ਐਸੀਆ ਕਿ ਜਿਥੇ ਇਹਨਾਂ ਹਿੰਦੂਤਵੀ ਮਹਾਸ਼ਿਆ ਨੇ ਸਿੱਖਾਂ ਨਾਲ ਵਿਰੋਧਤਾਂ ਪਾਲੀ ਇਹਨਾਂ ਸਾਰੀਆ ਸਿਖਿਆਵਾ ਤੋ ਸਿੱਖ ਲੀਡਰਾਂ ਨੇ ਕੋਈ ਅਕਲ ਨਹੀ ਲਈ ਬਸ ਅਕਲ ਤੋ ਕੋਰੇ ਬੁਝੜ ਬਣ ਨਹਿਰੂ-ਗਾਂਧੀ ਦੀ ਮਾਲਾ ਹੀ ਜੱਪਦੇ ਰਹੇ।ਲੱਗਦਾ ਹੈ ਕਿ ਇਹ ਕਿਸੇ ਹਰਾਮੀ ਬ੍ਰਾਹਮਣ(ਕਾਲਾ ਬਾਮਣ) ਦੀ ਔਲਾਦ ਹੋਵਗੇ ਜਿੰਨਾ ਨੇ ਸਿੱਖ ਕੌਮ ਨਾਲ ਐਨਾਂ ਧ੍ਰੋਹ ਕਮਾਇਆ ਕਹਿੰਦੇ ਹਨ ਆਪਣਾ ਮਾਰੂ ਛਾਵੇ ਪਾਊ ਇਹਨਾਂ ਨੇ ਤੇ ਮਾਰਿਆ ਵੀ ਤੇ ਧੁੱਪੇ ਸੁੱਟ ਦਿੱਤਾ ਸਾਰੀ ਕੌਮ ਨੂੰ।੧੯੪੭ ਤੋ ਲੈ ਕੇ ਅੱਜ-ਤੱਕ ਹਿੰਦੋਸਤਾਨ ਵਿਚ ਸਿੱਖਾਂ ਨਾਲ ਕੀ ਕੁਝ ਨਹੀ ਹੋਇਆ ਸਿੱਖਾਂ ਦੇ ਸੱਭ ਤੋ ਪਵਿੱਤਰ ਅਸਥਾਨ ਸ੍ਰੀ ਹਰਮਿੰਦਰ ਸਾਹਿਬ ਤੇ ਹਮਲਾ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ-ਢੇਰੀ ਕੀਤਾ ਗਿਆ ਗੁਰਦੁਆਰਿਆ ਦੀ ਬੇਅਦਬੀ ,ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਇਤਿਹਾਸ ਨੂੰ ਖਤਮ ਕੀਤਾ ਗਿਆ।ਇਤਿਹਾਸਿਕ ਯਾਦਗਾਰਾ ਨੂੰ ਬਲਡੌਜ਼ਰ ਬਾਬਿਆ(ਕਾਰ ਸੇਵਾ ਵਾਲੇ) ਕੋਲੋ ਖਤਮ ਕਰਵਾਇਆ ਗਿਆ।ਸਾਰੇ ਹਿੰਦੋਸਤਾਨ ਵਿਚ ਸਿੱਖਾਂ ਨੂੰ ਚੁਣ-ਚੁਣ ਕੇ ਮਾਰਿਆ ਗਿਆ।ਇਜ਼ਤਾ ਲੁੱਟੀਆ ਗਈਆ।ਝੂਠੇ ਪੁਲਿਸ ਮੁਕਾਬਲੇ ਬਣਾ-ਬਣਾ ਕੇ ਸਿੱਖ ਨੌਜਵਾਨੀ ਖਤਮ ਕੀਤੀ ਗਈ।

ਪੰਜਾਬ ਵਿੱਚ ਨਸ਼ਿਆ ਦਾ ਦਰਿਆ ਲਿਆਦਾ ਗਿਆ।ਵਰਿਆ ਬੰਦੀ ਸਿੱਖ ਨੌਜਵਾਨਾਂ ਨੂੰ ਜੇਲ੍ਹੀ ਡੱਕਿਆ ਗਿਆ ਫ਼ਾਸੀਆ ਦਿੱਤੀਆ ਗਈਆ ਅਤੇ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅੱਜ ਵੀ ਕੌਮ ਦੀ ਗੱਲ, ਆਪਣੇ ਹੱਕਾ ਦੀ ਗੱਲ, ਆਪਣੀ ਅਜ਼ਾਦੀ ਦੀ ਗੱਲ, ਕਰਨ ਵਾਲਿਆ ਤੇ ਝੂਠੇ ਕੇਸ ਬਣਾ ਜੇਲ੍ਹੀ ਡੱਕਿਆ ਜਾ ਰਿਹਾ ਹੈ ਅਤੇ ਉਹਨਾਂ ਨੂੰ ਖਤਮ ਕਰਨ ਦੇ ਨਵੇ-ਨਵੇ ਤਰੀਕੇ ਅਜ਼ਾਦ ਕੀਤੇ ਜਾ ਰਹੇ ਹਨ।ਕਿਥੇ ਹੈ ਸਿੱਖਾਂ ਕੋਲ ਅਜ਼ਾਦੀ ? ਤੇ ਜੋ ਕਹਿੰਦਾ ਹੈ ਕਿ ਹਿੰਦੋਸਤਾਨ ਵਿੱਚ ਸਿੱਖ ਅਜ਼ਾਦ ਹੈ ਉਹ ਬੇਗੈਰਤ ਹੈ।ਉਸਦੀ ਆਤਮਾ ਮਰ ਚੁੱਕੀ ਹੈ ਉਹ ਵਖਾਵੇ ਦਾ ਸਿੱਖ ਹੈ ਗੁਰੂ ਦਾ ਸਿੱਖ ਨਹੀ॥

**ਅਵਤਾਰ ਸਿੰਘ**

## ਆਜ਼ਾਦੀ ਦਿਵਸ




ਪੰਦਰਾਂ ਅਗਸਤ ਦਾ ਦਿਨ ਸਾਡੇ ਦੇਸ਼ ਲਈ ਮਹਾਨ,
ਇਸ ਦਿਨ ਹੋਇਆ ਆਜ਼ਾਦ ਸੀ ਸਾਡਾ ਹਿੰਦੁਸਤਾਨ।
ਭਾਰਤ ਚਿੜੀ ਸੋਨੇ ਦੀ ਗੋਰਿਆਂ ਦਿੱਤੀ ਮਧੋਲ,
ਦਿੱਤਾ ਲੋਕਾਂ ਦੀ ਇੱਜ਼ਤ ਨੂੰ ਮਿੱਟੀ ਦੇ ਵਿਚ ਰੋਲ।
ਕੀਤੇ ਜ਼ੁਲਮ ਮਜ਼ਲੂਮਾਂ 'ਤੇ ਭੁੱਲ ਗਏ ਭਗਵਾਨ,
ਪੰਦਰਾਂ ਅਗਸਤ ਦਾ ਦਿਨ ਸਾਡੇ ਦੇਸ਼ ਲਈ ਮਹਾਨ।
ਹਜ਼ਾਰਾਂ ਸ਼ਹੀਦੀ ਪਾ ਗਏ ਭਾਰਤ ਮਾਂ ਦੇ ਵੀਰ,
ਸੂਰਬੀਰਾਂ ਨੇ ਦੇਸ਼ ਦੀ ਬਦਲ ਦਿੱਤੀ ਤਕਦੀਰ।
ਰਾਜਗੁਰੂ, ਸੁਖਦੇਵ, ਭਗਤ ਸਿੰਘ ਹੱਸ ਕੇ ਵਾਰੀ ਜਾਨ,
ਪੰਦਰਾਂ ਅਗਸਤ ਦਾ ਦਿਨ ਸਾਡੇ ਦੇਸ਼ ਲਈ ਮਹਾਨ।
ਕਰਤਾਰ ਸਰਾਭਾ, ਊਧਮ ਸਿੰਘ ਬਣੇ ਅੰਬਰ ਦੇ ਤਾਰੇ,
ਗਦਰੀ ਬਾਬੇ ਸਦਾ ਲਈ ਹੋ ਗਏ ਅਮਰ ਨੇ ਸਾਰੇ।
ਨਹਿਰੂ, ਗਾਂਧੀ, ਗੋਖਲੇ ਪਾਇਆ ਸੀ ਯੋਗਦਾਨ,
ਪੰਦਰਾਂ ਅਗਸਤ ਦਾ ਦਿਨ ਸਾਡੇ ਦੇਸ਼ ਲਈ ਮਹਾਨ।
ਵੰਡੀਆਂ ਪਾ ਕੇ ਦੇਸ਼ ਦੀ ਕਰੀਏ ਨਾ ਬਰਬਾਦੀ,
ਰੂਹ ਯੋਧਿਆਂ ਦੀ ਕਹਿ ਰਹੀ, ਰੱਖੋ ਕਾਇਮ ਆਜ਼ਾਦੀ।
'ਡਾਲਵੀ' ਜੱਗ ਵਿਚ ਭਾਰਤ ਦੀ ਕਰੀਏ ਉੱਚੀ ਸ਼ਾਨ,
ਪੰਦਰਾਂ ਅਗਸਤ ਦਾ ਦਿਨ ਸਾਡੇ ਦੇਸ਼ ਲਈ ਮਹਾਨ।

-ਬਹਾਦਰ ਡਾਲਵੀ

# ਨੈਤਿਕਤਾ ਆਜ਼ਾਦੀ ਦੀ ਰੀੜ੍ਹ ਦੀ ਹੱਡੀ

ਮਨੁੱਖਤਾ ਦਾ ਆਦਰ ਕਰਨਾ ਨੈਤਿਕਤਾ ਹੈ ਅਤੇ ਅਨਾਦਰ ਅਨੈਤਿਕਤਾ। ਸਮੁੱਚੇ ਤੌਰ 'ਤੇ ਕੋਈ ਵੀ ਮਨੁੱਖ ਚਾਹੇ ਕਿਸੇ ਧਰਮ ਜਾਂ ਇਸ਼ਟ ਨੂੰ ਕਿਉਂ ਨਾ ਮੰਨਦਾ ਹੋਵੇ, ਉਹ ਸਦਾ ਉਸ ਰਾਹੀਂ ਮਾਨਵਵਾਦੀ ਸੋਚ ਹੀ ਅਪਣਾਉਂਦਾ ਹੈ ਕਿਉਂਕਿ ਹਰ ਧਰਮ ਨੈਤਿਕਤਾ ਦਾ ਸਬਕ ਸਿਖਾਉਂਦਾ ਹੈ। ਇਸ ਮਾਨਵਵਾਦੀ ਸੋਚ ਨਾਲ ਹੀ ਜੁੜੀ ਹੋਈ ਗੱਲ ਲੋਕਾਂ ਦੀ ਆਜ਼ਾਦੀ ਹੈ। ਨੈਤਿਕਤਾ ਆਜ਼ਾਦੀ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ, ਜਿਥੇ ਨੈਤਿਕਤਾ ਤੇ ਕਦਰਾਂ-ਕੀਮਤਾਂ ਦੀ ਹਵਾ ਚਲਦੀ ਹੈ, ਉਥੇ ਹਰ ਪ੍ਰਕਾਰ ਦੀ ਗੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਂਦੀਆਂ ਹਨ। ਜਿਹੜੇ ਲੋਕ ਅਨੈਤਿਕਤਾ ਦੇ ਰਾਹ 'ਤੇ ਚਲਦੇ ਹੋਏ ਦੂਜਿਆਂ ਨੂੰ ਆਜ਼ਾਦ ਫ਼ਿਜ਼ਾ ਵਿਚ ਸਾਹ ਲੈਣ ਦੀ ਇਜਾਜ਼ਤ ਨਹੀਂ ਦਿੰਦੇ, ਉਹ ਆਪ ਆਜ਼ਾਦ ਹੋਣ ਦੇ ਕਾਬਲ ਨਹੀਂ ਹੁੰਦੇ ਤੇ ਕਿਸੇ ਸਮੇਂ ਵੀ ਉਨ੍ਹਾਂ ਤੋਂ ਆਜ਼ਾਦੀ ਖੋਹੀ ਜਾ ਸਕਦੀ ਹੈ। ਅੱਜ ਅਨੈਤਿਕਤਾ ਦਾ ਤੇਜ਼ ਵਗਦਾ ਵਹਾਅ ਸਾਡੇ ਕੋਲੋਂ ਰੋਕਿਆ ਨਹੀਂ ਜਾ ਰਿਹਾ, ਰੋਜ਼ ਅਨੈਤਿਕਤਾ ਦੀਆਂ ਤੇਜ਼ ਲਹਿਰਾਂ ਸਾਡੇ ਸਾਰੇ ਬੰਨ੍ਹ ਤੋੜ ਰਹੀਆਂ ਹਨ।

15 ਅਗਸਤ, 1947 ਨੂੰ ਜਦ ਭਾਰਤ ਆਜ਼ਾਦ ਹੋਇਆ ਤਾਂ ਦੇਸ਼ ਦੀ ਵੰਡ ਕਾਰਨ ਭਾਰਤ ਨੂੰ ਬਹੁਤ ਕੀਮਤ ਅਦਾ ਕਰਨੀ ਪਈ। ਹਿੰਸਾ ਜਿਸਦੀ ਬੁਨਿਆਦ ਧਾਰਮਿਕ ਕੱਟੜਤਾ ਸੀ, ਉਸ ਨੇ ਨੈਤਿਕ ਕਦਰਾਂ-ਕੀਮਤਾਂ ਦਾ ਘਾਣ ਕਰ ਦਿੱਤਾ। ਆਜ਼ਾਦੀ ਤੋਂ ਬਾਅਦ ਅਸੀਂ ਲੋਕਤੰਤਰ ਨੂੰ ਚੁਣਿਆ ਪਰ ਅਨੈਤਿਕ ਕਦਰਾਂ-ਕੀਮਤਾਂ ਦੀ ਹਨੇਰੀ ਚੱਲਣੀ ਸ਼ੁਰੂ ਹੋ ਗਈ ਤੇ ਫਿਰਕੂ ਤਾਕਤਾਂ ਨੇ ਫਿਰ ਜ਼ੋਰ ਫੜਨਾ ਸ਼ੁਰੂ ਕਰ ਦਿੱਤਾ। ਭਾਰਤ ਦੀ ਵੰਡ ਵੀ ਕਿਉਂਕਿ ਫਿਰਕੂ ਆਧਾਰ 'ਤੇ ਹੋਈ ਸੀ, ਇਸ ਲਈ ਗੁੜ੍ਹਤੀ ਵਜੋਂ ਹੀ ਜਾਤ, ਧਰਮ, ਨਸਲ ਦੇ ਵਿਤਕਰੇ ਸਾਡੀ ਆਜ਼ਾਦੀ ਦੀ ਝੋਲੀ ਵਿਚ ਪਏ। ਅਸੀਂ ਆਪਣੇ ਦੇਸ਼ ਵਿਚ ਆਦਰਸ਼ ਤਾਂ ਸਮਾਜਵਾਦ ਦਾ ਰੱਖਿਆ ਸੀ ਪਰ ਸਮਾਜਵਾਦ ਵਿਚ ਵੀ ਪੂੰਜੀਪਤੀਆਂ ਦੀ ਤੂਤੀ ਬੋਲਣ ਲੱਗ ਪਈ ਤੇ ਸਾਰੇ ਅਹਿਮ ਫ਼ੈਸਲੇ ਤੇ ਵਿਕਾਸ ਕਾਰਜ ਉਨ੍ਹਾਂ ਦੇ ਰਹਿਮ 'ਤੇ ਹੀ ਹੋਣੇ ਸ਼ੁਰੂ ਹੋ ਗਏ। ਭਾਈ-ਭਤੀਜਾਵਾਦ, ਰਿਸ਼ਵਤ, ਕਈ ਤਰ੍ਹਾਂ ਦੇ ਘਪਲੇ ਤੇ ਕਾਲੇ ਧਨ ਦੀ ਬੇਰੋਕ ਨਦੀ ਸਾਰੇ ਬੰਨ੍ਹ ਤੇ ਕੰਢੇ ਤੋੜ ਕੇ ਹੜ੍ਹ ਦੇ ਰੂਪ ਵਿਚ ਵਹਿਣੀ ਸ਼ੁਰੂ ਹੋ ਗਈ, ਜਿਸ ਨਾਲ ਸਾਡੀ ਸਮੁੱਚੀ ਆਜ਼ਾਦੀ ਦੇ ਖੁਰਨ ਦਾ ਸੰਸਾ ਪੈਦਾ ਹੋ ਗਿਆ। ਫਿਰ ਚੀਨ ਤੇ ਪਾਕਿਸਤਾਨ ਨਾਲ ਲੜਾਈਆਂ ਦਾ ਸੰਤਾਪ ਅਸੀਂ ਭੁਗਤਿਆ ਤੇ ਕਾਰਗਿਲ ਵਿਚ ਸਰਹੱਦਾਂ ਦੀ ਰਾਖੀ ਕਰਦੇ ਸਾਡੇ ਦੇਸ਼ ਦੇ ਫ਼ੌਜੀ, ਆਜ਼ਾਦੀ ਬਚਾਉਣ ਲਈ ਸ਼ਹੀਦ ਹੋ ਗਏ।

ਅਨੈਤਿਕਤਾ ਦਾ ਤੇਜ਼ ਵਗਦਾ ਵਹਾਅ ਸਾਡੇ ਕੋਲੋਂ ਰੋਕਿਆ ਨਹੀਂ ਜਾ ਰਿਹਾ, ਰੋਜ਼ ਅਨੈਤਿਕਤਾ ਦੀਆਂ ਤੇਜ਼ ਲਹਿਰਾਂ ਸਾਡੇ ਰੇਤ ਤੇ ਕੱਚੀ ਮਿੱਟੀ ਨਾਲ ਬਣਾਏ ਹੋਏ ਪੁਲ ਤੋੜ ਰਹੀਆਂ ਹਨ। ਸਾਡੇ ਵਿਕਾਸ ਕਾਰਜਾਂ 'ਤੇ ਲਾਇਆ ਜਾਣ ਵਾਲਾ ਪੈਸਾ ਸਰਮਾਏਦਾਰਾਂ ਤੇ ਰਾਜਨੀਤਕ ਨੇਤਾਵਾਂ ਦੀ ਜੇਬ ਵਿਚ ਜਾ ਪੈਂਦਾ ਹੈ। ਜਦੋਂ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਇਹ ਗੱਲ ਸਵੀਕਾਰ ਕੀਤੀ ਕਿ ਰੁਪਏ ਵਿਚੋਂ ਕੇਵਲ 15 ਪੈਸੇ ਹੀ ਲੋਕਾਂ ਤੱਕ ਪਹੁੰਚਦੇ ਹਨ ਤਾਂ ਅਜਿਹੀ ਗੱਲ ਤੋਂ ਇਵੇਂ ਜਾਪਦਾ ਹੈ ਕਿ ਉਪਰ ਤੋਂ ਲੈ ਕੇ ਥੱਲੇ ਤੱਕ ਸਾਰੇ ਲੋਕ ਅਨੈਤਿਕ ਢੰਗਾਂ ਨਾਲ, ਲੋਕਾਂ 'ਤੇ ਲਾਇਆ ਜਾਣ ਵਾਲਾ ਪੈਸਾ ਲੋਕਾਂ ਤੋਂ ਹੀ ਖੋਹ ਰਹੇ ਹਨ। ਕਾਲਾ ਧਨ ਦੇਸ਼ ਦੀ ਦੂਸਰੀ ਬਦਲਵੀਂ ਕਰੰਸੀ ਬਣ ਗਈ ਹੈ ਤੇ ਕਈ ਥਾਂਵਾਂ 'ਤੇ ਮਸ਼ੀਨਾਂ ਧੜਾਧੜ ਜਾਅਲੀ ਨੋਟ ਛਾਪ ਰਹੀਆਂ ਹਨ। ਪ੍ਰਸ਼ਾਸਨ ਤੇ ਪੁਲਿਸ ਦੀਆਂ ਨਜ਼ਰਾਂ ਵਿਚ ਜਾਅਲੀ ਨੋਟ ਆਉਂਦੇ ਹਨ, ਪਰ ਜੋ ਸਰਕੂਲੇਸ਼ਨ ਵਿਚ ਸਾਡੇ ਆਰਥਿਕ ਢਾਂਚੇ ਨੂੰ ਖੋਰੂੰ-ਖੋਰੂੰ ਕਰ ਦਿੰਦੇ ਨੋਟ ਹਨ ਉਹ ਕੁਝ ਲੋਕਾਂ ਦੀ ਮਿਲੀ ਭੁਗਤ ਨਾਲ ਸਾਡੇ ਦੇਸ਼ ਨੂੰ ਕਮਜ਼ੋਰ ਬਣਾ ਰਹੇ ਹਨ।

ਅਨੈਤਿਕਤਾ ਦੇ ਹੜ੍ਹਾਂ ਦੀ ਤੇਜ਼ੀ ਸਾਡੀ ਦੇਸ਼ ਦੀ ਆਜ਼ਾਦੀ ਨੂੰ ਸੰਕਟ ਵਿਚ ਪਾਉਂਦੀ ਹੋਈ ਸਾਡੇ ਸਾਰੇ ਸਦਾਚਾਰਕ ਅਸੂਲਾਂ ਨੂੰ ਖ਼ਤਮ ਕਰ ਰਹੀ ਹੈ। 'ਅਨੇਕਤਾ ਵਿਚ ਏਕਤਾ' ਸਾਡੇ ਲੋਕਤੰਤਰ ਦਾ ਅਤੇ ਆਜ਼ਾਦੀ ਨੂੰ ਸਾਰੇ ਦੇਸ਼ ਵਿਚ ਸਥਿਰ ਰੱਖਣ ਦਾ ਸੁਨਹਿਰੀ ਅਸੂਲ ਹੈ ਪਰ ਇਸ ਅਸੂਲ ਨੂੰ ਛਿੱਕੇ 'ਤੇ ਟੰਗ ਕੇ ਆਪਸ ਵਿਚਲੀ ਹਿੰਸਾ ਤੇ ਨਫ਼ਰਤ ਦੀਆਂ ਚੰਗਿਆੜੀਆਂ ਬਲਣ ਲੱਗ ਜਾਂਦੀਆਂ ਹਨ। ਭਾਰਤ ਦੇ ਸਾਰੇ ਨਾਗਰਿਕ ਚਾਹੇ ਉਹ ਕਿਸੇ ਵੀ ਖੇਤਰ ਜਾਂ ਰਾਜ ਦੇ ਹਨ, ਉਨ੍ਹਾਂ ਨੂੰ ਇਸ ਗੱਲ ਦਾ ਹੱਕ ਪ੍ਰਾਪਤ ਹੈ ਕਿ ਉਹ ਕਿਤੇ ਵੀ ਜਾ ਕੇ ਆਪਣੀ ਰੋਜ਼ੀ-ਰੋਟੀ ਦਾ ਪ੍ਰਬੰਧ ਕਰ ਸਕਦੇ ਹਨ। ਜਦੋਂ ਮਹਾਰਾਸ਼ਟਰ ਨਵ-ਨਿਰਮਾਣ ਦੇ ਮੁਖੀ ਰਾਜ ਠਾਕਰੇ ਉੱਤਰ ਪ੍ਰਦੇਸ਼ ਦੇ ਮਜ਼ਦੂਰਾਂ ਨੂੰ ਨਫ਼ਰਤ ਦੀ ਨਿਗ੍ਹਾ ਨਾਲ ਵੇਖਦੇ ਹਨ ਤੇ ਉਨ੍ਹਾਂ 'ਤੇ ਹਿੰਸਾਮਈ ਹਮਲੇ ਕਰਾਉਣ ਦਾ ਕਾਰਨ ਬਣਦੇ ਹਨ ਤਾਂ ਇਹ ਸਭ ਕੁਝ ਲੋਕਤੰਤਰਿਕ




ਰਵਾਇਤਾਂ ਤੋਂ ਉਲਟ ਅਨੈਤਿਕਤਾ ਦੇ ਵਹਾਅ ਵਿਚ ਵਹਿ ਜਾਣ ਵਾਂਗ ਹੈ। ਅੰਤਰਰਾਜੀ ਸਬੰਧਾਂ ਵਿਚੋਂ ਪਾਣੀਆਂ ਦੀ ਵੰਡ ਇਕ ਵਾਰ ਫਿਰ ਉਭਰ ਕੇ ਤੇਜ਼ੀ ਨਾਲ ਸਾਹਮਣੇ ਆਈ ਹੈ। ਹੜ੍ਹਾਂ ਦੀ ਸਥਿਤੀ ਤੋਂ ਪਹਿਲਾਂ ਰਾਜ ਵਿਚ ਜਦੋਂ ਪਾਣੀ ਦੀ ਕਿੱਲਤ ਹੁੰਦੀ ਸੀ ਤਾਂ ਸਾਰੇ ਗੁਆਂਢੀ ਰਾਜ ਪਾਣੀ ਪ੍ਰਾਪਤ ਕਰਨ ਲਈ ਆਪਣੇ ਖੋਖਲੇ ਦਾਅਵੇ ਪੇਸ਼ ਕਰਦੇ ਸਨ ਪਰ ਜਦੋਂ ਅਨੈਤਿਕ ਢੰਗ ਨਾਲ ਸਰਕਾਰਾਂ ਦੀ ਅਣਗਹਿਲੀ ਕਾਰਨ ਦਰਿਆਵਾਂ ਵਿਚ ਲਾਏ ਕੱਚੇ ਬੰਨ੍ਹ ਟੁੱਟਣ ਲੱਗੇ ਤਾਂ ਆਪਣੀਆਂ ਰਾਜਨੀਤਕ ਤੌਰ 'ਤੇ ਰੋਟੀਆਂ ਸੇਕਣ ਲਈ ਇਕ-ਦੂਜੇ 'ਤੇ ਦੂਸ਼ਣਬਾਜ਼ੀ 'ਤੇ ਆ ਗਏ ਤੇ ਬਰਸਾਤੀ ਪਾਣੀਆਂ ਦੀ ਸੰਭਾਲ ਬਾਰੇ ਕੋਈ ਵੀ ਜ਼ਿੰਮੇਵਾਰੀ ਵਾਲੀ ਗੱਲ ਨਹੀਂ ਕਰ ਰਿਹਾ।

ਅਨੈਤਿਕ ਤੌਰ 'ਤੇ ਸਾਰੇ ਸੰਸਾਰ ਵਿਚ ਅੱਤਵਾਦ ਅਮਨ ਦੀ ਘੁੱਗੀ ਦੇ ਖੰਭ ਉਖੇੜਨ ਲਈ ਇਕ ਸਿਰਦਰਦੀ ਬਣਿਆ ਹੋਇਆ ਹੈ। ਅਮਰੀਕਾ ਵਰਗਾ ਮੁਲਕ ਵੀ ਇਸਦੀ ਮਾਰ ਤੋਂ ਨਹੀਂ ਬਚ ਸਕਿਆ। ਅੱਤਵਾਦੀ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਕੋਲ ਆਪਣੀਆਂ ਮੰਗਾਂ ਮਨਵਾਉਣ ਲਈ ਨਿਰਦੋਸ਼ਿਆਂ ਨੂੰ ਮਾਰਨ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ। ਭਾਰਤ ਵਿਚ ਅਨੇਕਾਂ ਪ੍ਰਕਾਰ ਦੀਆਂ ਜਥੇਬੰਦੀਆਂ ਨੇ ਅੱਤਵਾਦ ਦੇ ਆਪਣੇ ਗਰੁੱਪ ਬਣਾ ਲਏ ਹਨ ਤੇ ਉਹ ਦੂਸਰਿਆਂ ਦਾ ਅਮਨ-ਚੈਨ ਪਲ ਭਰ ਵਿਚ ਹੀ ਖੋਹ ਲੈਂਦੇ ਹਨ। ਭਾਰਤ ਦੇ ਬਾਹਰ ਦੀਆਂ ਅੱਤਵਾਦੀ ਏਜੰਸੀਆਂ ਨੂੰ ਭਾਰਤ ਦੀ ਹਰ ਪ੍ਰਕਾਰ ਦੀ ਹੁੰਦੀ ਪ੍ਰਗਤੀ ਰੜਕਦੀ ਹੈ, ਭਾਵੇਂ ਇਸ ਪ੍ਰਕਾਰ ਦੀ ਪ੍ਰਗਤੀ ਬਹੁਤ ਹੌਲੀ ਹੈ ਤੇ ਆਮ ਲੋਕਾਂ ਦੀ ਜ਼ਿੰਦਗੀ ਵਿਚ ਕੋਈ ਫਰਕ ਨਹੀਂ ਆਇਆ। ਪਿਛਲੇ ਸਾਲ ਦੇ ਅਖੀਰ ਵਿਚ ਮੁੰਬਈ ਵਿਖੇ ਗੁਆਂਢੀ ਮੁਲਕ ਦੇ ਅੱਤਵਾਦੀਆਂ ਨੇ ਨਿਰਦੋਸ਼ ਵਿਅਕਤੀਆਂ ਨੂੰ ਮਾਰਿਆ, ਉਹ ਸਾਡੇ ਦੇਸ਼ ਲਈ ਇਕ ਚੁਣੌਤੀ ਬਣ ਕੇ ਪੇਸ਼ ਹੋਇਆ ਕਿ ਅਸੀਂ ਆਪਣੀ ਸੁਰੱਖਿਆ ਨੂੰ ਵੀ ਪੂਰੀ ਤਰ੍ਹਾਂ ਮਜ਼ਬੂਤ ਨਹੀਂ ਰੱਖ ਸਕੇ। ਭਾਰਤ ਵਿਚ ਜੋ ਪਛੜੇ ਹੋਏ ਇਲਾਕੇ ਪਹਿਲਾਂ ਸਨ, ਉਨ੍ਹਾਂ ਦੇ ਵਿਕਾਸ ਵੱਲ ਅਸੀਂ ਧਿਆਨ ਨਹੀਂ ਦਿੱਤਾ, ਉਹ ਰਾਜ ਨਕਸਲਵਾਦੀ ਲਹਿਰ ਦੇ ਰੂਪ ਵਿਚ ਹਰ ਪੱਖ ਦਾ ਅੱਤਵਾਦ ਪੈਦਾ ਕਰਕੇ ਸਾਡੇ ਲਈ ਇਕ ਚੁਣੌਤੀ ਬਣ ਗਿਆ ਹੈ। ਅਨੈਤਿਕ ਕਾਰਨਾਂ ਕਰਕੇ ਅਸੀਂ ਪਹਿਲਾਂ ਉਨ੍ਹਾਂ ਲੋਕਾਂ ਵੱਲ ਧਿਆਨ ਹੀ ਨਹੀਂ ਦੇ ਸਕੇ ਤੇ ਹੁਣ ਸਾਨੂੰ ਉਨ੍ਹਾਂ ਦੀਆਂ ਹਿੰਸਾਵਾਦੀ ਕਾਰਵਾਈਆਂ ਦਾ ਸਾਹਮਣਾ ਕਰਨਾ ਮੁਸ਼ਕਿਲ ਹੋ ਰਿਹਾ ਹੈ। ਮਾਓਵਾਦ ਨੂੰ ਠੱਲ੍ਹ ਪਾਉਣ ਲਈ ਇਲਾਕੇ ਦਾ ਸੁਧਾਰ ਤੇ ਫ਼ੌਜ ਦੀ ਮਦਦ ਲੈਣਾ ਹੁਣ ਜ਼ਰੂਰੀ ਜਾਪਦਾ ਹੈ। ਪੰਜਾਬ ਜਿਸ ਨੇ ਭਾਰਤ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਹਨ, ਉਸ ਦੀ ਬਦਕਿਸਮਤੀ ਇਹ ਹੈ ਕਿ ਰਾਜਨੀਤਕ ਨੇਤਾਵਾਂ ਦੀ ਅਨੈਤਿਕਤਾ ਕਾਰਨ ਪੰਜਾਬ ਦੂਜੇ ਰਾਜਾਂ ਨਾਲੋਂ ਕਈ ਖੇਤਰਾਂ ਵਿਚ ਪਛੜ ਰਿਹਾ ਹੈ। ਪੰਜਾਬ ਜਿਸ ਨੇ ਸੱਠਵਿਆਂ ਦੇ ਦਹਾਕੇ ਵਿਚ ਭਾਰਤ ਵਿਚ ਸਭ ਤੋਂ ਵੱਧ ਪ੍ਰਗਤੀ ਕੀਤੀ ਤੇ ਪ੍ਰਤੀ ਜੀਅ ਆਮਦਨ ਵਿਚ ਵੀ ਸਭ ਤੋਂ ਅੱਗੇ ਨਿਕਲ ਕੇ ਭਾਰਤ ਵਿਚ ਮੋਹਰੀ ਬਣਿਆ, ਉਹ ਪੰਜਾਬ ਹੁਣ ਉਸ ਤਰ੍ਹਾਂ ਦਾ ਮਾਣ ਨਹੀਂ ਹਾਸਲ ਕਰ ਸਕਿਆ। ਪੰਜਾਬ ਦੀ ਹਰੀ ਕ੍ਰਾਂਤੀ ਨੇ ਖੁਸ਼ਹਾਲੀ ਦੇ ਕਈ ਦਰ ਭਾਰਤ ਲਈ ਖੋਲ੍ਹੇ ਸਨ ਪਰ ਕਈ ਤਰ੍ਹਾਂ ਦੀਆਂ ਆਪ ਪੈਦਾ ਕੀਤੀਆਂ ਸਮੱਸਿਆਵਾਂ ਨਾਲ ਇਸ ਖੁਸ਼ਹਾਲੀ ਨੂੰ ਮਾਣਨ ਤੋਂ ਆਪਣੇ ਦਰ ਭੇੜ ਲਏ ਹਨ। ਹੁਣ ਪੰਜਾਬ ਦੀਆਂ ਸਮੱਸਿਆਵਾਂ ਦੀ ਇਕ ਲੰਮੀ ਸੂਚੀ ਬਣਾਈ ਜਾ ਸਕਦੀ ਹੈ। ਆਜ਼ਾਦੀ ਸੰਗਰਾਮ ਦੇ ਮੋਹਰੀ, ਸ਼ਹੀਦ-ਏ-ਆਜ਼ਮ ਸ: ਭਗਤ ਸਿੰਘ ਤੇ ਸ਼ਹੀਦ ਸ: ਕਰਤਾਰ ਸਿੰਘ ਸਰਾਭਾ ਦੇ ਵਾਰਸ ਪੰਜਾਬ ਵਿਚ ਹਰੀ ਕ੍ਰਾਂਤੀ ਦੀ ਖੁਸ਼ਹਾਲੀ ਨੂੰ ਪਚਾ ਨਹੀਂ ਸਕੇ ਤੇ ਅਨੈਤਿਕ ਕੰਮ ਕਰਨ 'ਤੇ ਆ ਗਏ ਹਨ। ਹਰੀ ਕ੍ਰਾਂਤੀ ਦੀ ਖੁਸ਼ਹਾਲੀ ਨੂੰ ਵਿਗਿਆਨਿਕ ਖੋਜ ਨਾਲ ਹੋਰ ਅੱਗੇ ਵਧਾਉਣ ਦੀ ਥਾਂ ਪੰਜਾਬ ਦੇ ਪੇਂਡੂ ਖੇਤਰ ਦੇ ਨੌਜਵਾਨਾਂ ਨੇ ਆਪਣੇ-ਆਪ ਨੂੰ ਸ਼ਰਾਬ ਦੇ ਗਲਾਸਾਂ ਵਿਚ ਡੋਬ ਲਿਆ ਹੈ। ਇਕ ਖੋਜ ਅਨੁਸਾਰ ਪੰਜਾਬ ਦਾ ਕਾਲਜ ਵਿਚ ਪੜ੍ਹਦਾ ਹਰ ਤੀਜਾ ਲੜਕਾ ਤੇ ਹਰ ਸੱਤਵੀਂ ਲੜਕੀ ਨਸ਼ਿਆਂ ਦੀ ਲਪੇਟ ਵਿਚ ਹੈ। ਸ਼ਰਾਬ ਤੋਂ ਬਿਨਾਂ ਜੋ ਹੋਰ ਨਸ਼ੇ ਵਧ ਰਹੇ ਹਨ ਉਨ੍ਹਾਂ ਵਿਚ ਕਈ ਅੰਗਰੇਜ਼ੀ ਦਵਾਈਆਂ, ਕੋਕੀਨ, ਸਮੈਕ ਤੇ ਕਈ ਤਰ੍ਹਾਂ ਦੇ ਨਸ਼ੇ ਵਾਲੇ ਟੀਕੇ ਸ਼ਾਮਿਲ ਹਨ। ਇਸ ਅਨੈਤਿਕ ਕੰਮ ਪ੍ਰਤੀ ਸਾਰੇ ਲਾਪ੍ਰਵਾਹੀ ਵਾਲਾ ਵਤੀਰਾ ਧਾਰਨ ਕਰ ਰਹੇ ਹਨ। ਸਰਕਾਰ ਹਮੇਸ਼ਾ ਆਪਣੀ ਆਰਥਿਕ ਮੰਦਹਾਲੀ ਦਾ ਰੋਣਾ ਰੋ ਕੇ ਇਹ ਪੱਖ ਪੇਸ਼ ਕਰਦੀ ਹੈ ਕਿ ਸਰਕਾਰ ਨੂੰ ਚਲਾਉਣ ਲਈ ਠੇਕਿਆਂ ਦੀ ਨਿਲਾਮੀ ਤੇ ਟੈਕਸਾਂ ਰਾਹੀਂ ਜੋ ਆਮਦਨ ਹੁੰਦੀ ਹੈ, ਉਹ ਸਰਕਾਰ ਦੇ ਅਰਥਚਾਰੇ ਨੂੰ ਬਚਾਉਣ ਦਾ ਇਕ ਮੁੱਖ ਸੋਮਾ ਹੈ। ਅੰਕੜਿਆਂ ਅਨੁਸਾਰ ਰਾਜ ਵਿਚ ਇਸ ਸਮੇਂ 4932 ਅੰਗਰੇਜ਼ੀ ਸ਼ਰਾਬ ਦੇ ਠੇਕੇ ਹਨ, ਜਦੋਂ ਕਿ 6000 ਦੇਸੀ ਸ਼ਰਾਬ ਦੇ ਠੇਕਿਆਂ ਤੋਂ ਲੋਕਾਂ ਨੂੰ ਸ਼ਰਾਬ ਮਿਲ ਜਾਂਦੀ ਹੈ। ਨਾਜਾਇਜ਼ ਸ਼ਰਾਬ ਕੱਢਣ ਵਾਲੇ ਤੇ ਵੇਚਣ ਵਾਲੇ ਲੋਕਾਂ ਦੇ ਅੰਕੜੇ ਵੱਖਰੇ ਹਨ। ਇਹ ਸਾਰੇ ਸਰਕਾਰੀ ਤੇ ਗ਼ੈਰ-ਸਰਕਾਰੀ ਅੰਕੜੇ ਭੈਭੀਤ ਕਰਨ ਵਾਲੇ ਹਨ। ਸਾਡੇ ਸਾਰੇ ਸਮਾਗਮਾਂ 'ਤੇ ਸ਼ਰਾਬ ਪਰੋਸੀ ਜਾਂਦੀ ਹੈ ਤੇ ਸ਼ਰਾਬ ਦੇ ਨਸ਼ੇ ਵਿਚ ਸਾਰੇ ਅਨੈਤਿਕ ਕੰਮ ਕੀਤੇ ਜਾਂਦੇ ਹਨ। ਅੰਕੜੇ ਇਹ ਦੱਸਦੇ ਹਨ ਕਿ ਪਿਛਲੇ ਵਰ੍ਹੇ ਅਸੀਂ 3 ਅਰਬ ਦੀ ਸ਼ਰਾਬ ਪੀ ਗਏ। ਜਲੰਧਰ ਵਿਚ ਨਵੇਂ ਸਾਲ ਦੇ ਜਸ਼ਨਾਂ ਨੂੰ ਮਨਾਉਣ ਲਈ ਇਕ ਦਿਨ ਵਿਚ ਇਕ ਕਰੋੜ ਦੀ ਸ਼ਰਾਬ ਪੀਤੀ ਗਈ।

ਸਾਡੇ ਨੌਜਵਾਨਾਂ ਵਿਚ ਤੇ ਖਾਸ ਤੌਰ 'ਤੇ ਪੜ੍ਹੇ-ਲਿਖੇ ਲੜਕੇ-ਲੜਕੀਆਂ ਵਿਚ ਬੇਰੁਜ਼ਗਾਰੀ ਇੰਨੀ ਵੱਧ ਗਈ ਹੈ ਕਿ ਨੌਜਵਾਨਾਂ ਨੂੰ ਗਲਤ ਰਾਹਾਂ 'ਤੇ ਤੁਰਨ ਲਈ ਮਜਬੂਰ ਕਰਦੀ ਹੈ। ਕੁਝ ਅੱਤਵਾਦੀਆਂ ਦੀ ਸ਼ਰਨ ਵਿਚ ਚਲੇ ਜਾਂਦੇ ਹਨ, ਕੁਝ ਲੁੱਟਾਂ-ਖੋਹਾਂ ਕਰਦੇ ਦੇਖੇ ਜਾਂਦੇ ਹਨ। ਉਨ੍ਹਾਂ ਨੂੰ ਨੈਤਿਕਤਾ ਦੇ ਸਹੀ ਰਾਹ 'ਤੇ ਪਾਉਣ ਵਾਲਾ ਕਿਹੜਾ ਰਹਿ ਗਿਆ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ ਦਸ ਲੱਖ ਨੌਜਵਾਨ ਵੱਖੋ-ਵੱਖਰੇ ਖੇਤਰਾਂ ਵਿਚ ਬੇਰੁਜ਼ਗਾਰ ਹਨ। ਉਹ ਬਾਹਰ ਜਾ ਕੇ ਰੋਜ਼ੀ-ਰੋਟੀ ਕਮਾਉਣ ਦੇ ਲਾਲਚ ਵਿਚ ਏਜੰਟਾਂ ਦੇ ਢਹੇ ਚੜ੍ਹ ਜਾਂਦੇ ਹਨ। ਮਾਲਟਾ ਤੇ ਆਸਟ੍ਰੇਲੀਆ ਵਿਚ ਜੋ ਸਾਡੇ ਨੌਜਵਾਨਾਂ ਨਾਲ ਬੀਤੀ ਹੈ, ਉਸ ਨੂੰ ਵੇਖ ਕੇ ਸਰਕਾਰ ਨੂੰ ਸਾਰਥਿਕ ਨੀਤੀਆਂ ਬਣਾਉਣ ਤੇ ਕੁਝ ਅਸਰਦਾਰ ਉਪਰਾਲੇ ਕਰਨ ਦੀ ਲੋੜ ਹੈ। ਭਾਰਤ ਵਿਚ ਪੰਜਾਬ ਤੇ ਹਰਿਆਣਾ ਭਰੂਣ ਹੱਤਿਆ ਵਿਚ ਸਭ ਤੋਂ ਅੱਗੇ ਹਨ। ਸਾਡੀ ਉਸ ਆਜ਼ਾਦੀ ਨੂੰ ਪ੍ਰਸ਼ਨ ਚਿੰਨ੍ਹ ਲੱਗ ਸਕਦਾ ਹੈ, ਜਿਥੇ ਜਨਮ ਤੋਂ ਪਹਿਲਾਂ ਹੀ ਧੀ ਨੂੰ ਗਰਭ ਵਿਚ ਮਾਰ ਦਿੱਤਾ ਜਾਂਦਾ ਹੈ। ਇਸ ਸਬੰਧ ਵਿਚ ਸਰਕਾਰ ਦੇ ਸਾਰੇ ਦਾਅਵੇ ਖੋਖਲੇ ਸਾਬਤ ਹੁੰਦੇ ਹਨ ਜਦੋਂ ਪੰਜਾਬ ਸਰਕਾਰ ਦੇ ਇਕ ਉੱਚ-ਅਧਿਕਾਰੀ ਅਨੁਰਾਗ ਅਗਰਵਾਲ ਦੀ ਰਿਪੋਰਟ ਅਨੁਸਾਰ ਹਰ ਸਾਲ ਪੰਜਾਬ ਵਿਚ ਇਸ ਅਨੈਤਿਕ ਢੰਗ ਨਾਲ ਇਕ ਲੱਖ ਲੜਕੀਆਂ ਨੂੰ ਜਨਮ ਤੋਂ ਪਹਿਲਾਂ ਹੀ ਮਾਰ ਦਿੱਤਾ ਜਾਂਦਾ ਹੈ ।ਪੰਜਾਬ ਜਿਸ ਬਾਰੇ ਕਦੇ ਪ੍ਰੋ: ਪੂਰਨ ਸਿੰਘ ਨੇ ਕਿਹਾ ਸੀ ਕਿ 'ਪੰਜਾਬ ਜਿਊਂਦਾ ਗੁਰਾਂ ਦੇ ਨਾਂਅ 'ਤੇ' ਅਤੇ ਪੰਜਾਬ ਦੇ ਦਰਿਆ ਪੂਰਨ ਸਿੰਘ ਨੂੰ ਜਪੁ ਸਾਹਿਬ ਗਾਉਂਦੇ ਲਗਦੇ ਸਨ, ਹੁਣ ਹਾਲਤ ਇਹ ਹੈ ਕਿ ਪੰਜਾਬ ਦੀ ਧਰਤੀ 'ਤੇ ਹਰ ਪਾਸੇ ਅਸ਼ਲੀਲ ਸੁਰਾਂ ਗੂੰਜਦੀਆਂ ਸੁਣਾਈ ਦਿੰਦੀਆਂ ਹਨ।

ਜਿਥੇ ਉਦਯੋਗਿਕ ਸ਼ਹਿਰਾਂ ਵਿਚ ਪ੍ਰਦੂਸ਼ਣ ਆਪਣੀ ਚਰਮਸੀਮਾ 'ਤੇ ਪਹੁੰਚ ਗਿਆ ਹੈ, ਉਥੇ ਅਸ਼ਲੀਲ ਪੌਪ ਗਾਇਕੀ, ਟੀ. ਵੀ. ਚੈਨਲਾਂ ਦਾ ਨੰਗੇਜ, ਕੇਬਲ ਰਾਹੀਂ ਰੋਜ਼ ਪਰੋਸਿਆ ਜਾਣ ਵਾਲਾ ਅੰਧ-ਵਿਸ਼ਵਾਸ ਆਦਿ ਸਾਰੇ ਕੰਮ ਅਨੈਤਿਕ ਹਨ, ਜਿਨ੍ਹਾਂ ਨੂੰ ਬੰਦ ਕਰਨ ਦੀ ਜ਼ਿੰਮੇਵਾਰੀ ਸਰਕਾਰ ਤੇ ਗ਼ੈਰ-ਸਰਕਾਰੀ ਜਥੇਬੰਦੀਆਂ ਦੀ ਹੈ। ਅਸੀਂ ਆਜ਼ਾਦੀ ਦੇ ਜਸ਼ਨਾਂ ਨੂੰ ਕਿਸ ਤਰ੍ਹਾਂ ਖੁਸ਼ੀ ਨਾਲ ਮਨਾ ਸਕਦੇ ਹਾਂ, ਜਦੋਂ ਮਹਿੰਗਾਈ ਕਾਰਨ ਮੱਧ ਵਰਗ ਤੇ ਪਛੜੇ ਦਲਿਤ ਵਰਗ ਦੇ ਲੋਕਾਂ ਨੂੰ ਦੋ ਵੇਲੇ ਦੀ ਰੋਟੀ ਪ੍ਰਾਪਤ ਹੋਣੀ ਵੀ ਮੁਸ਼ਕਿਲ ਹੋ ਰਹੀ ਹੈ।

ਬੜੀਆਂ ਮੁਸ਼ਕਿਲਾਂ ਤੇ ਕੁਰਬਾਨੀਆਂ ਨਾਲ ਅਸੀਂ ਆਜ਼ਾਦੀ ਪ੍ਰਾਪਤ ਕੀਤੀ ਸੀ, ਪਰ ਜਦੋਂ ਆਰਥਿਕ ਤੌਰ 'ਤੇ ਲੋਕ ਆਪਣੇ ਪੈਰਾਂ 'ਤੇ ਨਹੀਂ ਖਲੋ ਸਕਦੇ ਤਾਂ ਆਜ਼ਾਦੀ ਦਾ ਦਿਨ ਹੋਰ ਦਿਨਾਂ ਵਾਂਗ ਇਕ ਆਮ ਦਿਨ ਬਣ ਕੇ ਰਹਿ ਜਾਂਦਾ ਹੈ। ਇਨ੍ਹਾਂ ਸਾਰੀਆਂ ਅਨੈਤਿਕ ਗੱਲਾਂ ਦਾ ਸਾਡੀਆਂ ਚੁਣੀਆਂ ਹੋਈਆਂ ਰਾਜ ਸਰਕਾਰਾਂ ਨੇ ਵਿਸ਼ੇਸ਼ ਤੌਰ 'ਤੇ ਮੁਕਾਬਲਾ ਕਰਨਾ ਹੈ, ਸਾਰੀਆਂ ਸਮੱਸਿਆਵਾਂ ਸਾਂਝੀਆਂ ਹਨ, ਆਜ਼ਾਦ ਹੋ ਕੇ ਅਸੀਂ ਜੇਕਰ ਲੋਕ ਤੰਤਰ ਨੂੰ ਅਪਣਾਇਆ ਹੈ ਤਾਂ ਸਾਨੂੰ ਮਾਨਵੀ ਕਦਰਾਂ-ਕੀਮਤਾਂ ਵਿਕਸਿਤ ਕਰਨੀਆਂ ਹੋਣਗੀਆਂ। ਪ੍ਰਸਿੱਧ ਚਿੰਤਕ ਐਮਰਸਨ ਕਹਿੰਦਾ ਹੈ ਕਿ ਲੋਕਤੰਤਰ ਨਾਲ ਇਕ ਸਾਧਾਰਨ ਵਿਅਕਤੀ ਵੀ ਉਚਾਈਆਂ ਛੋਹ ਸਕਦਾ ਹੈ। ਜੇ ਆਜ਼ਾਦ ਭਾਰਤ ਵਿਚ ਆਏ ਅਨੈਤਿਕਤਾ ਦੇ ਹੜ੍ਹ ਨੇ ਸਾਡੀ ਆਜ਼ਾਦੀ ਨੂੰ ਖੋਰਨ ਦਾ ਯਤਨ ਕੀਤਾ ਹੈ ਤਾਂ ਅਸੀਂ ਸਮੁੱਚੇ ਤੌਰ 'ਤੇ ਇਸ ਨੂੰ ਖੁਰਨ ਤੋਂ ਬਚਾਉਣ ਲਈ ਇਮਾਨਦਾਰੀ, ਨਿਆਂ, ਆਰਥਿਕ, ਬਰਾਬਰੀ, ਮਾਨਵਵਾਦੀ ਸੋਚ ਦੇ ਬੰਨ੍ਹ ਵੀ ਬਣਾ ਸਕਦੇ ਹਾਂ ਤੇ ਦੁਨੀਆ ਅੱਗੇ ਆਜ਼ਾਦ ਤੇ ਖੁਸ਼ਹਾਲ ਭਾਰਤ ਦੀ ਇਕ ਮਿਸਾਲ ਪੇਸ਼ ਕਰ ਸਕਦੇ ਹਾਂ। **ਪ੍ਰੋ: ਜਤਿੰਦਰਬੀਰ ਸਿੰਘ ਨੰਦਾ**




ਸਾਰੇ ਦੇਸ਼ ਵਾਸੀਆਂ ਨੂੰ 78ਵੇਂ

# ਸੁਤੰਤਰਤਾ ਦਿਵਸ

ਦੀਆਂ ਲੱਖ-ਲੱਖ ਵਧਾਈਆਂ

ਹਰ ਸੁਤੰਤਰਤਾ ਦਿਵਸ 'ਤੇ ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਸ਼ਹੀਦ ਭਗਤ ਸਿੰਘ ਜੀ ਦੇ ਸੁਪਨਿਆਂ ਦਾ ਭਾਰਤ ਬਣਾਉਣ ਦਾ ਪ੍ਰਣ ਲੈਂਦੀ ਹੈ ਅਤੇ ਉਹਨਾਂ ਨੂੰ ਇੱਕ-ਇੱਕ ਕਰਕੇ ਪੂਰਾ ਕਰ ਰਹੀ ਹੈ

## ਹੁਣ ਤੱਕ ਚੁੱਕੇ ਗਏ ਕ੍ਰਾਂਤੀਕਾਰੀ ਕਦਮ

- 90% ਘਰਾਂ ਦਾ ਜ਼ੀਰੋ ਬਿਜਲੀ ਬਿੱਲ
- 842 ਆਮ ਆਦਮੀ ਕਲੀਨਿਕਾਂ ਦੀ ਸ਼ੁਰੂਆਤ, 1.7 ਕਰੋੜ ਲਾਭਪਾਤਰੀ
- 118 ਨਵੇਂ ਸਕੂਲ ਆਫ਼ ਐਮੀਨੈਂਸ ਦੀ ਸ਼ੁਰੂਆਤ
- ਕਿਸਾਨਾਂ ਨੂੰ ਪ੍ਰਤੀ ਏਕੜ ₹1,500 ਦੀ ਆਰਥਿਕ ਸਹਾਇਤਾ
- ਹੁਣ ਤੱਕ ₹74,447 ਕਰੋੜ ਦੇ ਨਿਵੇਸ਼ ਨਾਲ 2.77 ਲੱਖ ਤੋਂ ਜ਼ਿਆਦਾ ਰੋਜ਼ਗਾਰ

## ਅਸਲ ਆਜ਼ਾਦੀ ਦੀ ਸ਼ੁਰੂਆਤ ਪੰਜਾਬ ਤੋਂ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

## ਸੰਪਾਦਕੀ

### ਹਿੰਡਨਬਰਗ ਦੀ ਇੱਕ ਹੋਰ ਰਿਪੋਰਟ

ਕਰੀਬ ਡੇਢ ਸਾਲ ਪਹਿਲਾਂ ਅਡਾਨੀ ਗਰੁੱਪ ’ਤੇ ‘ਕਾਰਪੋਰੇਟ ਇਤਿਹਾਸ ਦਾ ਸਭ ਤੋਂ ਵੱਡਾ ਹੇਰ-ਫੇਰ’ ਕਰਨ ਦੇ ਦੋਸ਼ ਲਾ ਕੇ ਤਹਿਲਕਾ ਮਚਾਉਣ ਵਾਲੇ ਅਮਰੀਕੀ ‘ਸ਼ਾਰਟ-ਸੈੱਲਰ’ ਹਿੰਡਨਬਰਗ ਰਿਸਰਚ (ਨਿਵੇਸ਼ ਤੇ ਖੋਜ ਫਰਮ) ਨੇ ਹੁਣ ਆਪਣੀ ਨਵੀਂ ਰਿਪੋਰਟ ’ਚ ਸੇਬੀ (ਸਕਿਉਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ) ਦੀ ਚੇਅਰਪਰਸਨ ਮਾਧਵੀ ਬੁਚ ਅਤੇ ਉਨ੍ਹਾਂ ਦੇ ਪਤੀ ਉੱਤੇ ਨਿਸ਼ਾਨਾ ਸੇਧਿਆ ਹੈ। ਹਿੱਤਾਂ ਦੇ ਟਕਰਾਅ ਦੀ ਗੱਲ ਕਰਦਿਆਂ ਹਿੰਡਨਬਰਗ ਨੇ ਦੋਸ਼ ਲਾਇਆ ਹੈ ਕਿ ਵਿੱਤੀ ਘੁਟਾਲੇ ਵਿੱਚ ਵਰਤੇ ਗਏ ਅਣਪਛਾਤੇ ਵਿਦੇਸ਼ੀ ਫੰਡਾਂ ਵਿੱਚ ਇਸ ਜੋੜੇ ਦਾ ਵੀ ਹਿੱਸਾ ਸੀ। ਰਿਪੋਰਟ ’ਚ ਸੰਕੇਤਕ ਤੌਰ ’ਤੇ ਕਿਹਾ ਗਿਆ ਹੈ ਕਿ ਦੇਸ਼ ਦੇ ਜਿਸ ਮਾਰਕੀਟ ਰੈਗੂਲੇਟਰ ਨੂੰ ਸਕਿਉਰਿਟੀਜ਼ ’ਚ ਨਿਵੇਸ਼ਕਾਂ ਦੇ ਹਿੱਤ ਸੁਰੱਖਿਅਤ ਰੱਖਣ ਦੀ ਜਿ ?ਮੇਵਾਰੀ ਸੌਂਪੀ ਗਈ ਹੈ, ਮੁਮਕਿਨ ਹੈ ਕਿ ਬੁਚ ਜੋੜੇ ਅਤੇ ਅਡਾਨੀਆਂ ਦੇ ਕਾਰੋਬਾਰੀ ਰਿਸ਼ਤਿਆਂ ਦੇ ਮੱਦੇਨਜ਼ਰ ਉਸ ਨੇ ਮਾਮਲੇ ਦੀ ਜਾਂਚ ’ਚ ਢਿੱਲ ਵਰਤੀ ਹੋਵੇ।

ਇਨ੍ਹਾਂ ਦੋਸ਼ਾਂ ਨੂੰ ਬੁਚ ਜੋੜੇ ਅਤੇ ਅਡਾਨੀ ਗਰੁੱਪ, ਦੋਵਾਂ ਨੇ ਨਕਾਰਿਆ ਹੈ। ਜੋੜੇ ਨੇ ਇਨ੍ਹਾਂ ਨੂੰ ਕਿਰਦਾਰਕੁਸ਼ੀ ਕਰਾਰ ਦਿੱਤਾ ਹੈ। ਜਿ ?ਕਰਯੋਗ ਹੈ ਕਿ ਭਾਰਤ ਦੇ ਸੁਪਰੀਮ ਕੋਰਟ ਨੇ ਜਨਵਰੀ ਵਿੱਚ ਸੇਬੀ ਦੀ ਪਿੱਠ ਥਾਪੜਦਿਆਂ ਕਿਹਾ ਸੀ ਕਿ ਬੋਰਡ ਸਟਾਕ ਕੀਮਤਾਂ ਵਿੱਚ ਕਥਿਤ ਹੇਰ-ਫੇਰ ਦੀ ‘ਵਿਆਪਕ ਪੱਧਰ ਉੱਤੇ ਜਾਂਚ ਕਰ ਰਿਹਾ ਹੈ’ ਅਤੇ ਕੇਸ ਨੂੰ ਵਿਸ਼ੇਸ਼ ਜਾਂਚ ਟੀਮ ਹਵਾਲੇ ਕਰਨ ਦੀ ਕੋਈ ਲੋੜ ਨਹੀਂ। ਸਿਖਰਲੀ ਅਦਾਲਤ ਦੇ ਸੇਬੀ ਬਾਰੇ ਜਤਾਏ ਭਰੋਸੇ ਨੇ ਹਾਲਾਂਕਿ ਸਵਾਲ ਵੀ ਖੜ੍ਹੇ ਕੀਤੇ ਸਨ ਕਿ ਜੇ ਅਦਾਲਤ ਨੂੰ ਬੋਰਡ ਉੱਤੇ ਇੰਨਾ ਹੀ ਵਿਸ਼ਵਾਸ ਸੀ ਤਾਂ ਅਦਾਲਤ ਨੇ ਜਨਵਰੀ 2023 ਦੀ ਹਿੰਡਨਬਰਗ ਰਿਪੋਰਟ ਤੋਂ ਬਾਅਦ ਰੈਗੂਲੇਟਰੀ ਖਾਮੀਆਂ ਦੀ ਜਾਂਚ ਲਈ ਮਾਹਿਰਾਂ ਦੀ ਕਮੇਟੀ ਕਿਉਂ ਬਣਾਈ ਸੀ? ਕਾਬਿਲ-ਏ-ਗੌਰ ਹੈ ਕਿ ਮਾਮਲੇ ਉੱਤੇ ਵੱਡਾ ਵਿਵਾਦ ਖੜ੍ਹਾ ਹੋਣ ਤੋਂ ਬਾਅਦ ਇਸ ਨੂੰ ਸੁਪਰੀਮ ਕੋਰਟ ’ਚ ਵਿਚਾਰਿਆ ਗਿਆ ਸੀ।

ਇੱਥੇ ਫਿਲਹਾਲ ਸੇਬੀ (ਸਕਿਉਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ) ਦੀ ਭਰੋਸੇਯੋਗਤਾ ਦਾਅ ਉੱਤੇ ਲੱਗੀ ਹੋਈ ਹੈ ਅਤੇ ਸਿਆਸੀ ਅਖਾੜੇ ਵਿੱਚ ਵੀ ਤਿੱਖੀ ਬਿਆਨਬਾਜ਼ੀ ਸ਼ੁਰੂ ਹੋ ਗਈ ਹੈ। ਮੁੱਖ ਵਿਰੋਧੀ ਧਿਰ ਕਾਂਗਰਸ ਨੇ ‘ਘੁਟਾਲੇ ਦੀ ਸੰਪੂਰਨ ਜਾਂਚ’ ਖ਼ਾਤਰ ਸਾਂਝੀ ਸੰਸਦੀ ਕਮੇਟੀ (ਜੇਪੀਸੀ) ਬਣਾਉਣ ਦੀ ਮੰਗ ਦੁਹਰਾਈ ਹੈ। ਜਿ ?ਕਰਯੋਗ ਹੈ ਕਿ ਦੇਸ਼ ਦੇ ਮੋਹਰੀ ਕਾਰੋਬਾਰੀਆਂ ਦਾ ਲੋੜੋਂ ਵੱਧ ਪੱਖ ਪੂਰਨ ਦੇ ਦੋਸ਼ ਸਰਕਾਰ ’ਤੇ ਕਈ ਵਾਰ ਲੱਗ ਚੁੱਕੇ ਹਨ। ਇਸ ਲਈ ਸਰਕਾਰ ਨੂੰ ਹੁਣ ਚਾਹੀਦਾ ਹੈ ਕਿ ਉਹ ਸਿਰਫ਼ ਮੁੱਖ ਵਿਰੋਧੀ ਧਿਰ ਅਤੇ ਹਿੰਡਨਬਰਗ ਉੱਤੇ ਰਲੇ ਹੋਣ ਦਾ ਦੋਸ਼ ਲਾਉਣ ਦੀ ਥਾਂ ਕੋਈ ਬਿਹਤਰ ਕਾਰਵਾਈ ਕਰੇ। ਤੱਥ ਸਪੱਸ਼ਟ ਕਰਨ ਲਈ ਪਾਰਦਰਸ਼ਤਾ ਜ਼ਰੂਰੀ ਹੈ; ਇਹ ਧਾਰਨਾ ਦੂਰ ਹੋਣੀ ਚਾਹੀਦੀ ਹੈ ਕਿ ਸੇਬੀ ਆਪਣੀ ਜਾਂਚ ਹਰ ਪੱਖ ਤੋਂ ਮੁਕੰਮਲ ਕਰਨ ’ਚ ਝਿਜਕ ਰਹੀ ਹੈ। ਹਿੰਡਨਬਰਗ ਦੇ ਦਾਅਵਿਆਂ ਨੂੰ ਐਵੇਂ ਹੀ ਨਕਾਰਿਆ ਨਹੀਂ ਜਾ ਸਕਦਾ, ਇਨ੍ਹਾਂ ਦਾ ਨਿਰਵਿਵਾਦ ਤੱਥਾਂ ਨਾਲ ਸਾਹਮਣਾ ਕਰਨਾ ਪਏਗਾ। ਅਜਿਹਾ ਜਿੰਨਾ ਜਲਦੀ ਕੀਤਾ ਜਾਵੇਗਾ, ਚੰਗਾ ਹੋਵੇਗਾ; ਨਹੀਂ ਤਾਂ ਨਿਵੇਸ਼ਕਾਂ ਨੂੰ ਖਿੱਚਣ ਦੀਆਂ ਸਰਕਾਰਾਂ ਦੀਆਂ ਕੋਸ਼ਿਸ਼ਾਂ ਨੂੰ ਵੱਡਾ ਝਟਕਾ ਲੱਗ ਸਕਦਾ ਹੈ।

### ਹਿਜਾਬ ਬਾਰੇ ਫ਼ੈਸਲਾ

ਹਿਜਾਬ ’ਤੇ ਪਾਬੰਦੀ ਬਾਰੇ ਮੁੰਬਈ ਦੇ ਇੱਕ ਕਾਲਜ ਦੇ ਨੋਟਿਸ ਉੱਤੇ ਅੰਸ਼ਕ ਤੌਰ ’ਤੇ ਰੋਕ ਲਾਉਣਾ ਅਤੇ ਨਾਲ ਹੀ ਨਕਾਬ ਤੇ ਬੁਰਕੇ ਉੱਤੇ ਲਾਈ ਪਾਬੰਦੀ ਨੂੰ ਬਰਕਰਾਰ ਰੱਖਣਾ, ਸੁਪਰੀਮ ਕੋਰਟ ਦਾ ਸ਼ਲਾਘਾਯੋਗ ਫ਼ੈਸਲਾ ਹੈ। ਇਸ ਰਾਹੀਂ ਸਿਖਰਲੀ ਅਦਾਲਤ ਨੇ ਧਾਰਮਿਕ ਭਾਵਨਾਵਾਂ ਦੇ ਆਦਰ-ਸਤਿਕਾਰ ਅਤੇ ਆਧੁਨਿਕ ਸਿੱਖਿਆ ਦੀਆਂ ਵਿਹਾਰਕ ਲੋੜਾਂ ਦਰਮਿਆਨ ਸੰਤੁਲਨ ਬਿਠਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਫ਼ੈਸਲਾ ਮਹਿਜ਼ ਕਾਨੂੰਨੀ ਹੁਕਮ ਨਹੀਂ ਬਲਕਿ ਸੱਭਿਆਚਾਰਕ ਰਵਾਇਤਾਂ ਦੀ ਵਰਤਮਾਨ ਅਕਾਦਮਿਕ ਵਾਤਾਵਰਨ ਦੀਆਂ ਲੋੜਾਂ ਨਾਲ ਸੁਲ੍ਹਾ ਕਰਾਉਣ ਦੀ ਨਾਜ਼ੁਕ ਕੋਸ਼ਿਸ਼ ਵੀ ਹੈ। ਇਹ ਫ਼ੈਸਲਾ ਸੰਸਥਾਵਾਂ ’ਚ ਅਨੁਸ਼ਾਸਨ ਤੇ ਇਕਸਾਰਤਾ ਕਾਇਮ ਕਰਨ ਦੇ ਨਾਲ-ਨਾਲ ਵਿਆਪਕ ਵਿਦਿਅਕ ਵਾਤਾਵਰਨ ਉਸਾਰਨ ਦੀ ਅਹਿਮੀਅਤ ਉੱਤੇ ਵੀ ਜ਼ੋਰ ਦਿੰਦਾ ਹੈ। ਚਿਹਰਾ ਢਕਣ ਵਾਲੇ ਪਹਿਰਾਵੇ ਨਕਾਬ ਤੇ ਬੁਰਕੇ ਉੱਤੇ ਰੋਕ ਲਾ ਕੇ ਪਰ ਹਿਜਾਬ ਦੀ ਇਜਾਜ਼ਤ ਦੇ ਕੇ ਸੁਪਰੀਮ ਕੋਰਟ ਨੇ ਉਦਾਹਰਨ ਕਾਇਮ ਕੀਤੀ ਹੈ ਜਿਸ ਤੋਂ ਅਜਿਹੇ ਮਸਲਿਆਂ ਨਾਲ ਨਜਿੱਠ ਰਹੀਆਂ ਹੋਰ ਸੰਸਥਾਵਾਂ ਸੇਧ ਲੈ ਸਕਦੀਆਂ ਹਨ।

ਅਦਾਲਤ ਦੀ ਪਹੁੰਚ ਇਸ ਗੱਲ ਨੂੰ ਮਾਨਤਾ ਦਿੰਦੀ ਹੈ ਕਿ ਸਿੱਖਿਆ ਸਿਰਫ਼ ਗਿਆਨ ਵੰਡਣ ਬਾਰੇ ਨਹੀਂ ਹੈ ਬਲਕਿ ਇਹ ਯਕੀਨੀ ਬਣਾਉਣ ਬਾਰੇ ਵੀ ਹੈ ਕਿ ਵਿਦਿਆਰਥੀ ਅਕਾਦਮਿਕ ਤਜਰਬੇ ’ਚ ਪੂਰੀ ਤਰ੍ਹਾਂ ਘੁਲ-ਮਿਲ ਸਕਣ। ਚਿਹਰਾ ਢਕਿਆ ਰਹਿਣ ਨਾਲ ਵਿਚਾਰ-ਵਟਾਂਦਰੇ ਦੀ ਪ੍ਰਕਿਰਿਆ ’ਚ ਮੁਸ਼ਕਿਲ ਆਉਂਦੀ ਹੈ ਜੋ ਸਿੱਖਣ ਦੀ ਪ੍ਰਕਿਰਿਆ ਦਾ ਅਹਿਮ ਹਿੱਸਾ ਹੈ। ਇਸ ਨੁਕਤੇ ਤੋਂ ਅਦਾਲਤ ਦਾ ਹੁਕਮ ਇਸ ਵਿਚਾਰ ਦਾ ਪੱਖ ਪੂਰਦਾ ਹੈ ਕਿ ਭਾਵੇਂ ਧਾਰਮਿਕ ਆਜ਼ਾਦੀ ਬੁਨਿਆਦੀ ਹੱਕ ਹੈ ਪਰ ਇਹ ਵਿਦਿਅਕ ਵਾਤਾਵਰਨ ਦੇ ਰਾਹ ਵਿੱਚ ਕਿਸੇ ਵੀ ਕੀਮਤ ’ਤੇ ਅੜਿ ?ਕਾ ਨਹੀਂ ਬਣਨਾ ਚਾਹੀਦਾ। ਇਸ ਫ਼ੈਸਲੇ ਦੀ ਗੂੰਜ ਮੁੰਬਈ ਤੋਂ ਬਾਹਰ ਵੀ ਪਏਗੀ ਤੇ ਇਹ ਪੂਰੇ ਦੇਸ਼ ਵਿੱਚ ਇਸ ਤਰ੍ਹਾਂ ਦੇ ਮਸਲੇ ਸੁਲਝਾਉਣ ਦੇ ਕੰਮ ਆਏਗਾ। ਮਿਸਾਲ ਦੇ ਤੌਰ ’ਤੇ ਕਰਨਾਟਕ ਦਾ ਹਿਜਾਬ ਸਬੰਧੀ ਵਿਵਾਦ ਇਸ ਫ਼ੈਸਲੇ ਦੇ ਸੰਤੁਲਿਤ ਦ੍ਰਿਸ਼ਟੀਕੋਣ ਤੋਂ ਸੇਧ ਲੈ ਸਕਦਾ ਹੈ, ਤੇ ਧਰੁਵੀਕਰਨ ਦੇ ਮਾੜੇ ਸਿੱਟਿਆਂ ਤੋਂ ਬਚਿਆ ਜਾ ਸਕਦਾ ਹੈ। ਜਿਕਰਯੋਗ ਹੈ ਕਿ ਕਰਨਾਟਕ ਦੀਆਂ ਸਿੱਖਿਆ ਸੰਸਥਾਵਾਂ ’ਚ ਹਿਜਾਬ ’ਤੇ ਪਾਬੰਦੀ ਤੋਂ ਬਾਅਦ ਵੱਡਾ ਵਿਵਾਦ ਖੜ੍ਹਾ ਹੋਇਆ ਸੀ ਤੇ ਅਦਾਲਤਾਂ ਨੂੰ ਦਖ਼ਲ ਦੇਣਾ ਪਿਆ ਸੀ। ਆਲਮੀ ਪੱਧਰ ਉੱਤੇ ਵੀ ਤੁਰਕੀ ਵਰਗੇ ਮੁਲਕ ਜੋ ਲੰਮੇ ਸਮੇਂ ਤੋਂ ਧਰਮ ਨਿਰਪੱਖ ਸੰਸਥਾਵਾਂ ਵਿੱਚ ਧਾਰਮਿਕ ਚਿੰਨ੍ਹਾਂ ਦੀ ਭੂਮਿਕਾ ਨਾਲ ਜੂਝਦੇ ਰਹੇ ਹਨ, ਸ਼ਾਇਦ ਭਾਰਤੀ ਅਦਾਲਤ ਦੀ ਪਹੁੰਚ ਤੋਂ ਸਬਕ ਲੈ ਸਕਦੇ ਹਨ।

ਇਸ ਤੋਂ ਇਲਾਵਾ ਸੁਪਰੀਮ ਕੋਰਟ ਦਾ ਹੁਕਮ ਇਸ ਗੱਲ ’ਤੇ ਜ਼ੋਰ ਦਿੰਦਾ ਹੈ ਕਿ ਸਿੱਖਿਆ ਸੰਸਥਾਵਾਂ ਨੂੰ ਪਹਿਰਾਵਿਆਂ ਸਬੰਧੀ ਜ਼ਾਬਤੇ ਥੋਪਣ ਦੀ ਥਾਂ ਵਿਦਿਆਰਥੀਆਂ ਦੀ ਮਜ਼ਬੂਤੀ ਵੱਲ ਧਿਆਨ ਦੇਣਾ ਚਾਹੀਦਾ ਹੈ।

ਅਦਾਲਤ ਦਾ ਫ਼ੈਸਲਾ ਅਜਿਹੇ ਸੰਵਾਦ ਨੂੰ ਉਤਸ਼ਾਹਿਤ ਕਰਦਾ ਹੈ ਜੋ ਸਿੱਖਿਆ ਦੇ ਮੁੱਢਲੇ ਉਦੇਸ਼ਾਂ- ਵਿਅਕਤੀਗਤ ਤੇ ਬੌਧਿਕ ਵਿਕਾਸ, ਨੂੰ ਹੁਲਾਰਾ ਦੇਣ ਦੇ ਨਾਲ-ਨਾਲ ਵਨ-ਸਵੰਨਤਾ ਦੀ ਕਦਰ ਕਰਨ ਵਾਲਾ ਵੀ ਹੋਵੇ। ਰਵਾਇਤਾਂ ਤੇ ਆਧੁਨਿਕਤਾ ਵਿਚਾਲੇ ਉਸਾਰੂ ਰੇਖਾ ਖਿੱਚ ਕੇ ਸੁਪਰੀਮ ਕੋਰਟ ਨੇ ਸਿੱਖਿਆ ਸੰਸਥਾਵਾਂ ਨੂੰ ਸਾਰੇ ਵਿਦਿਆਰਥੀਆਂ ਲਈ ਖੁੱਲ੍ਹਾ, ਅਗਾਂਹਵਧੂ ਤੇ ਸੱਭਿਅਕ ਰੱਖਣ ਵੱਲ ਮਹੱਤਵਪੂਰਨ ਕਦਮ ਵਧਾਇਆ ਹੈ।

## ਸੰਭਾਵੀ ਹੜ੍ਹ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਡੈਮ, ਦਰਿਆ, ਨਹਿਰਾਂ, ਖੱਡਾਂ ਅਤੇ ਨੀਚਲੇ ਇਲਾਕਿਆਂ ਤੋਂ ਦੂਰ ਰਹਿਣ ਜ਼ਿਲ੍ਹਾ ਵਾਸੀ: ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ, 14 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਜ਼ਿਲ੍ਹੇ ਦੇ ਨਿਵਾਸੀਆਂ ਨਾਲ ਅਪੀਲ ਕੀਤੀ ਹੈ ਕਿ ਉਹ ਲਗਾਤਾਰ ਹੋ ਰਹੀ ਭਾਰੀ ਬਾਰਸ਼ ਕਰਕੇ ਪੈਦਾ ਹੋਈ ਸੰਭਾਵੀ ਹੜ੍ਹ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਡੈਮ, ਦਰਿਆ, ਨਹਿਰਾਂ, ਖੱਡਾਂ ਅਤੇ ਨੀਚਲੇ ਇਲਾਕਿਆਂ ਤੋਂ ਦੂਰ ਰਹਿਣ। ਉਨ੍ਹਾਂ ਕਿਹਾ ਕਿ ਇਨ੍ਹਾਂ ਖੇਤਰਾਂ ਵਿੱਚ ਪਾਣੀ ਦੇ ਵੱਧਦੇ ਪੱਧਰ ਕਾਰਨ ਖ਼ਤਰੇ ਦੀ ਸੰਭਾਵਨਾ ਬਣੀ ਹੋਈ ਹੈ, ਇਸ ਲਈ ਨਾਗਰਿਕਾਂ ਦੀ ਸੁਰੱਖਿਆ ਲਈ ਇਹ ਲਾਜ਼ਮੀ ਹੈ ਕਿ ਉਹ ਇਨ੍ਹਾਂ ਸਥਾਨਾਂ ਤੋਂ ਦੂਰ ਰਹਿਣ ਅਤੇ ਸਾਵਧਾਨੀ ਵਰਤਣ।

ਉਨ੍ਹਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਵਿੱਚ ਹੋ ਰਹੀ ਭਾਰੀ ਬਾਰਸ਼ ਦੇ ਕਾਰਨ ਜ਼ਿਲ੍ਹੇ ਤੋਂ ਲੰਘਣ ਵਾਲੇ ਦਰਿਆ, ਚੋਅ ਅਤੇ ਖੱਡਾਂ ਵਿੱਚ ਕਾਫੀ ਪਾਣੀ ਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀ ਬਹੁਤ ਹੀ ਜ਼ਰੂਰੀ ਹੋਣ ’ਤੇ ਹੀ ਹਿਮਾਚਲ ਪ੍ਰਦੇਸ਼ ਜਾਣ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਹੜ੍ਹ ਨਾਲ ਨਜਿੱਠਣ ਲਈ ਜ਼ਿਲ੍ਹਾ ਪੱਧਰ ’ਤੇ ਇੱਕ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ, ਜੋ ਕਿ 7 ਦਿਨ, 24 ਘੰਟੇ ਕਾਮ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਕੰਟਰੋਲ ਰੂਮ ਰਾਹੀਂ ਹੜ੍ਹ ਸਬੰਧੀ ਸਾਰੀਆਂ ਸੂਚਨਾਵਾਂ ਦਾ ਤੁਰੰਤ ਅਦਾਨ-ਪ੍ਰਦਾਨ ਕੀਤਾ ਜਾਵੇਗਾ ਅਤੇ ਲੋੜਵੰਦ ਲੋਕਾਂ ਤਕ ਫੌਰੀ ਰਾਹਤ ਪਹੁੰਚਾਈ ਜਾਵੇਗੀ। ਜ਼ਿਲ੍ਹਾ ਪੱਧਰ ’ਤੇ ਬਣਾਏ ਗਏ ਇਸ ਕੰਟਰੋਲ ਰੂਮ ਦਾ ਟੈਲੀਫ਼ੋਨ ਨੰਬਰ 01882-220412 ਹੈ।

ਡਿਪਟੀ ਕਮਿਸ਼ਨਰ ਨੇ ਜਾਣਕਾਰੀ ਦਿੱਤੀ ਕਿ ਜ਼ਿਲ੍ਹੇ ਦੇ ਸਮੂਹ ਐਸ.ਡੀ.ਐਮਜ਼ ਨੂੰ ਹੁਕਮ ਦਿੱਤੇ ਗਏ ਹਨ ਕਿ ਉਹ ਆਪਣੇ-ਆਪਣੇ ਖੇਤਰਾਂ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਅਤੇ ਸਥਿਤੀ ਦਾ ਜਾਇਜ਼ਾ ਲੈਣ। ਉਨ੍ਹਾਂ ਕਿਹਾ ਕਿ ਕਿਸੇ ਵੀ ਕਿਸਮ ਦੀ ਆਫਤ ਦੀ ਸਥਿਤੀ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਤਤਕਾਲ ਮਦਦ ਲਈ ਤਤਪਰ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਤਾਰ ਪ੍ਰਭਾਵਿਤ ਹੋ ਰਹੇ ਇਲਾਕਿਆਂ ’ਤੇ ਖ਼ਾਸ ਨਜ਼ਰ ਰੱਖੀ ਜਾ ਰਹੀ ਹੈ ਅਤੇ ਉਥੇ ਰਾਹਤ ਪਹੁੰਚਾਉਣ ਲਈ ਹਰ ਸੰਭਵ ਕਦਮ ਚੁੱਕੇ ਜਾਣਗੇ। ਕੋਮਲ ਮਿੱਤਲ ਨੇ ਕਿਹਾ ਕਿ ਬਾਰਸ਼ ਦੇ ਪਾਣੀ ਕਰਕੇ ਪ੍ਰਭਾਵਿਤ ਲੋਕਾਂ ਤਕ ਰਾਹਤ ਸਮਗਰੀ, ਸਿਹਤ ਸੇਵਾਵਾਂ ਅਤੇ ਹੋਰ ਜ਼ਰੂਰੀ ਸਹੂਲਤਾਂ ਪਹੁੰਚਾਉਣ ਲਈ ਪ੍ਰਸ਼ਾਸਨ ਪੂਰੀ ਗੰਭੀਰਤਾ ਅਤੇ ਤਤਪਰਤਾ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨਾਲ ਵੀ ਅਪੀਲ ਕੀਤੀ ਹੈ ਕਿ ਉਹ ਪ੍ਰਸ਼ਾਸਨ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਨ ਅਤੇ ਕਿਸੇ ਵੀ ਹੜਤਾਲੀ ਸਥਿਤੀ ਵਿੱਚ ਜ਼ਿਲ੍ਹਾ ਕੰਟਰੋਲ ਰੂਮ ਨਾਲ ਸੰਪਰਕ ਕਰੋ।

## ਮੁੱਖ ਮੰਤਰੀ ਵੱਲੋਂ ਹੁਸ਼ਿਆਰਪੁਰ ਦੀ ਘਟਨਾ ’ਤੇ ਦੁੱਖ ਦਾ ਪ੍ਰਗਟਾਵਾ, ਕੈਬਨਿਟ ਮੰਤਰੀ ਜਿੰਪਾ ਵੱਲੋਂ ਜੇਜੋ ਚੋਅ ਹਾਦਸੇ ’ਤੇ ਗਹਿਰਾ ਦੁੱਖ ਪ੍ਰਗਟ, ਮ੍ਰਿਤਕਾਂ ਦੇ ਪਰਿਵਾਰਾਂ ਨੂੰ 4 ਲੱਖ ਰੁਪਏ ਦੀ ਮਦਦ ਦਾ ਐਲਾਨ

**ਚੰਡੀਗੜ੍ਹ/ਹੁਸ਼ਿਆਰਪੁਰ, 14 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਨੂੰ ਹੁਸ਼ਿਆਰਪੁਰ ਵਿੱਚ ਮੋਹਲੇਧਾਰ ਮੀਂਹ ਕਾਰਨ 11 ਵਿਅਕਤੀਆਂ ਦੇ ਪਾਣੀ ਵਿੱਚ ਡੁੱਬਣ ਦੀ ਘਟਨਾ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਹਿਮਾਚਲ ਪ੍ਰਦੇਸ਼ ਦੇ ਇੱਕ ਪਰਿਵਾਰ ਦੇ 11 ਵਿਅਕਤੀ, ਜੋ ਇਨੋਵਾ ਕਾਰ ਵਿੱਚ ਸਫ਼ਰ ਕਰ ਰਹੇ ਸਨ, ਭਾਰੀ ਮੀਂਹ ਕਾਰਨ ਇਕ ਨਾਲੇ ਵਿੱਚ ਵਧੇ ਪਾਣੀ ਦੇ ਵਹਾਅ ਵਿੱਚ ਫਸ ਗਏ। ਉਨ੍ਹਾਂ ਦੱਸਿਆ ਕਿ ਪਰਿਵਾਰ ਦੇ 9 ਮੈਂਬਰਾਂ ਦੀ ਮੌਤ ਹੋ ਚੁੱਕੀ ਹੈ, ਜਦੋਂ ਕਿ ਬਾਕੀ ਦੋ ਦੀ ਭਾਲ ਜਾਰੀ ਹੈ। ਭਗਵੰਤ ਸਿੰਘ ਮਾਨ ਨੇ 9 ਵਿਅਕਤੀਆਂ ਦੇ ਅਕਾਲ ਚਲਾਣੇ ’ਤੇ ਦੁੱਖ ਪ੍ਰਗਟ ਕਰਦਿਆਂ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖ਼ਸ਼ਣ।

ਮੁੱਖ ਮੰਤਰੀ ਨੇ ਪੀੜਤ ਪਰਿਵਾਰ ਦੇ ਵਾਰਸਾਂ ਨੂੰ ਚਾਰ ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਵੀ ਕੀਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਪ੍ਰਸ਼ਾਸਨ ਨੂੰ ਪਹਿਲਾਂ ਹੀ ਲਾਪਤਾ ਵਿਅਕਤੀਆਂ ਦੀ ਭਾਲ ਲਈ ਰਾਹਤ ਕਾਰਜਾਂ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਹਨ।

ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਜੇਜੋ ਚੋਅ ਵਿੱਚ ਪਾਣੀ ਦੇ ਤੇਜ਼ ਬਹਾਅ ਕਾਰਨ ਹੋਏ ਦਰਦਨਾਕ ਹਾਦਸੇ ’ਤੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਇਸ ਦੁਖਦਾਈ ਘਟਨਾ ਵਿੱਚ ਇੱਕ ਇਨੋਵਾ ਗੱਡੀ, ਜਿਸ ਵਿੱਚ 12 ਲੋਕ ਸਵਾਰ ਸਨ, ਪਾਣੀ ਦੇ ਤੇਜ਼ ਬਹਾਅ ਵਿੱਚ ਬਹਿ ਗਈ। ਇਸ ਹਾਦਸੇ ਵਿੱਚ 9 ਲੋਕਾਂ ਦੀ ਦੁਖਦਾਈ ਮੌਤ ਹੋ ਗਈ ਹੈ, ਜਦਕਿ ਦੋ ਲੋਕ ਹਾਲੇ ਵੀ ਲਾਪਤਾ ਹਨ। ਐਨ.ਡੀ.ਆਰ.ਐਫ. ਅਤੇ ਸਥਾਨਕ ਲੋਕਾਂ ਦੀ ਮਦਦ ਨਾਲ ਇੱਕ ਵਿਅਕਤੀ ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ।

ਘਟਨਾ ਦੀ ਸੂਚਨਾ ਮਿਲਦੇ ਹੀ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਤੁਰੰਤ ਘਟਨਾਸਥਲ ’ਤੇ ਪਹੁੰਚੇ। ਉਨ੍ਹਾਂ ਨੇ ਮੌਕੇ ’ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਤੋਂ ਪੂਰੀ ਘਟਨਾ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਆਪਣੀ ਮੌਜੂਦਗੀ ਵਿੱਚ ਮ੍ਰਿਤਕਾਂ ਦੇ ਸ਼ਰੀਰਾਂ ਨੂੰ ਸਿਵਲ ਹਸਪਤਾਲ ਦੇ ਸ਼ਵਗ੍ਰਹਿ ਤੱਕ ਪੁਚਾਉਣ ਦੀ ਵਿਵਸਥਾ ਯਕੀਨੀ ਬਣਾਈ। ਉਨ੍ਹਾਂ ਇਸ ਘਟਨਾ ਨੂੰ ਬਹੁਤ ਹੀ ਦੁਖਦਾਈ ਦੱਸਦਿਆਂ ਪੀੜਤ ਪਰਿਵਾਰਾਂ ਪ੍ਰਤੀ ਗਹਿਰੀ ਸੰਵੇਦਨਾ ਪ੍ਰਗਟ ਕੀਤੀ ਅਤੇ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਰਾਜ ਸਰਕਾਰ ਉਨ੍ਹਾਂ ਦੇ ਨਾਲ ਖੜੀ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਹਰ ਮ੍ਰਿਤਕ ਦੇ ਪਰਿਵਾਰ ਨੂੰ 4-4 ਲੱਖ ਰੁਪਏ ਦੀ ਮਾਲੀ ਸਹਾਇਤਾ ਦੇਣ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਮਦਦ ਰਾਸ਼ੀ ਪੀੜਤ ਪਰਿਵਾਰਾਂ ਦੀ ਸਹਾਇਤਾ ਲਈ ਹੈ, ਤਾਂ ਜੋ ਉਹ ਇਸ ਮੁਸ਼ਕਲ ਸਮੇਂ ਵਿੱਚ ਆਪਣੇ ਦੁੱਖਾਂ ਨੂੰ ਕੁਝ ਹੱਦ ਤੱਕ ਘਟਾ ਸਕਣ।

ਘਟਨਾ ਬਾਰੇ ਵਿਸਥਾਰ ਨਾਲ ਦੱਸਦਿਆਂ ਕੈਬਨਿਟ ਮੰਤਰੀ ਜਿੰਪਾ ਨੇ ਕਿਹਾ ਕਿ ਹਿਮਾਚਲ ਪ੍ਰਦੇਸ਼ ਦੇ ਮੈਹਤਪੁਰ ਦੇ ਦੇਹਲਾ ਪਿੰਡ ਤੋਂ ਪੰਜਾਬ ਦੇ ਨਵਾਂਸ਼ਹਿਰ ਵਿੱਚ ਇੱਕ ਵਿਆਹ ਸਮਾਗਮ ਵਿੱਚ ਸ਼ਿਰਕਤ ਕਰਨ ਜਾ ਰਹੀ ਇਨੋਵਾ ਗੱਡੀ ਅਚਾਨਕ ਜੇਜੋ ਚੋਅ ਵਿੱਚ ਪਾਣੀ ਦੇ ਤੇਜ਼ ਬਹਾਅ ਦੀ ਚਪੇਟ ਵਿੱਚ ਆ ਗਈ। ਇਸ ਹਾਦਸੇ ਵਿੱਚ ਗੱਡੀ ਦੇ 9 ਸਵਾਰਾਂ ਦੀ ਦੁਖਦਾਈ ਮੌਤ ਹੋ ਗਈ, ਜਦਕਿ ਦੋ ਲੋਕ ਹਾਲੇ ਵੀ ਲਾਪਤਾ ਹਨ। ਐਨ.ਡੀ.ਆਰ.ਐਫ. ਦੀ ਟੀਮ ਨੇ ਤੁਰੰਤ ਕਾਰਵਾਈ ਕਰਦਿਆਂ ਇੱਕ ਵਿਅਕਤੀ ਨੂੰ ਸੁਰੱਖਿਅਤ ਬਚਾ ਲਿਆ ਹੈ। ਕੈਬਨਿਟ ਮੰਤਰੀ ਜਿੰਪਾ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਬਚਾਅ ਕਾਰਵਾਈ ਵਿੱਚ ਭਾਗ ਲਿਆ, ਉਹਨਾਂ ਨੂੰ ਆਉਣ ਵਾਲੇ ਆਜ਼ਾਦੀ ਦਿਹਾੜੇ ਦੇ ਸਮਾਗਮ ਦੌਰਾਨ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ ਬਚਾਅ ਕਾਰਜ ਨੂੰ ਤੇਜ਼ ਕਰਨ ਅਤੇ ਲਾਪਤਾ ਲੋਕਾਂ ਦੀ ਜਲਦੀ ਤੋਂ ਜਲਦੀ ਤਲਾਸ਼ ਕਰਨ ਦੇ ਹਦਾਇਤ ਦਿੱਤੀ

ਕੈਬਨਿਟ ਮੰਤਰੀ ਨੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ ਨਿਰਦੇਸ਼ ਦਿੱਤੇ ਕਿ ਜੇਜੋ ਚੋਅ ਦੇ ਦੋਵਾਂ ਪਾਸਿਆਂ ’ਤੇ ਬੈਰੀਕੇਡ ਲਗਾਏ ਜਾਣ।

ਇਸ ਤੋਂ ਇਲਾਵਾ, ਉਥੇ ਸੂਚਨਾ ਬੋਰਡ ਲਗਵਾਏ ਜਾਣ, ਜਿਸ ’ਤੇ ਇਹ ਲਿਖਿਆ ਜਾਵੇ ਕਿ ਚੋਅ ਵਿੱਚ ਪਾਣੀ ਆਉਣ ਦੀ ਸੂਰਤ ਵਿੱਚ ਇਸਨੂੰ ਕ੍ਰਾਸ ਨਾ ਕੀਤਾ ਜਾਵੇ।

ਉਨ੍ਹਾਂ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੀਂਹ ਦੇ ਮੌਸਮ ਵਿੱਚ ਦਰਿਆ, ਨਹਿਰ ਅਤੇ ਹੋਰ ਜਲ ਸਰੋਤਾਂ ਦੇ ਨੇੜੇ ਅਤਿਅਧਿਕ ਸਾਵਧਾਨੀ ਵਰਤਣ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਦੀ ਪਾਲਣਾ ਕਰਕੇ ਅਸੀਂ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਬਚ ਸਕਦੇ ਹਾਂ।

## ਸੂਬੇ ਨੂੰ ਹੱਸਦਾ, ਵੱਸਦਾ ਤੇ ਰੰਗਲਾ ਬਣਾਉਣ ਲਈ ਮੁੱਖ ਮੰਤਰੀ ਵੱਲੋਂ ਵੇਖਿਆ ਸੁਪਨਾ ਹੋ ਰਿਹੈ ਪੂਰਾ: ਜੌੜੇਮਾਜਰਾ

**➢ ਤੀਆਂ ਦਾ ਤਿਓਹਾਰ ਪੰਜਾਬ ਦੇ ਅਮੀਰ ਵਿਰਸੇ ਦਾ ਅਹਿਮ ਹਿੱਸਾ ➢ ਲੜਕੀਆਂ ਨੂੰ ਅੱਗੇ ਵੱਧਣ ਦੇ ਮੌਕੇ ਪ੍ਰਦਾਨ ਕਰਨਾ ਸਾਡਾ ਸਾਰਿਆਂ ਦਾ ਫਰਜ਼ ➢ ਪਿੰਡਾਂ ਵਿੱਚ ਸਰਬ ਸੰਮਤੀ ਨਾਲ ਪੰਚਾਇਤਾਂ ਦੀ ਚੋਣ ਕਰਨ ਦਾ ਦਿੱਤਾ ਸੱਦਾ**

**ਫਤਹਿਗੜ੍ਹ ਸਾਹਿਬ, 14 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਸੂਬੇ ਨੂੰ ਮੁੜ ਤੋਂ ਹੱਸਦਾ, ਵੱਸਦਾ ਤੇ ਰੰਗਲਾ ਬਣਾਉਣ ਲਈ ਵੇਖਿਆ ਗਿਆ ਸੁਪਨਾ ਪੂਰਾ ਹੋਣਾ ਸ਼ੁਰੂ ਹੋ ਚੁੱਕਾ ਹੈ ਅਤੇ ਅੱਜ ਸਾਡੇ ਪਿੰਡਾਂ ਤੇ ਖੇਡ ਮੈਦਾਨਾਂ ਵਿੱਚ ਮੁੜ ਤੋਂ ਮੇਲੇ ਲੱਗਣੇ ਸ਼ੁਰੂ ਹੋ ਗਏ ਹਨ ਜੋ ਕਿ ਇਹ ਸਾਬਤ ਕਰਦਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੇ ਚੋਹਤਰਫਾ ਵਿਕਾਸ ਲਈ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੂਚਨਾ ਤੇ ਲੋਕ ਸੰਪਰਕ ਮੰਤਰੀ ਸ. ਚੇਤਨ ਸਿੰਘ ਜੌੜੇਮਾਜਰਾ ਨੇ ਪਿੰਡ ਲਟੌਰ ਵਿਖੇ ਮਨਾਏ ਗਏ ਤੀਆਂ ਦੇ ਤਿਓਹਾਰ ਵਿੱਚ ਸ਼ਿਰਕਤ ਕਰਨ ਸਮੇਂ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਨੇ ਉਹ ਸਮਾਂ ਵੀ ਵੇਖਿਆ ਹੈ ਜਦੋਂ ਸਾਡੇ ਖੇਡ ਮੈਦਾਨ ਤੇ ਪਿੰਡਾਂ ਦੀਆਂ ਸੱਥਾਂ ਖਾਲੀ ਹੋ ਰਹੀਆਂ ਸਨ ਪ੍ਰੰਤੂ ਜਦੋਂ ਹੀ ਸ. ਭਗਵੰਤ ਸਿੰਘ ਮਾਨ ਨੇ ਬਤੌਰ ਮੁੱਖ ਮੰਤਰੀ ਕਾਰਜ ਭਾਰ ਸੰਭਾਲਿਆ ਤਾਂ ਸੂਬੇ ਨੂੰ ਮੁੜ ਤੋਂ ਖੁਸ਼ਹਾਲ ਵਿਖਾਉਣ ਲਈ ਪੂਰੀ ਗੰਭੀਰਤਾ ਨਾਲ ਕੀਤੇ ਗਏ ਕੰਮਾਂ ਬਦੌਲਤ ਅੱਜ ਮੁੜ ਤੋਂ ਖੇਡ ਮੈਦਾਨਾਂ ਵਿੱਚ ਨੌਜਵਾਨਾਂ ਦੀ ਗਿਣਤੀ ਵੱਧਣ ਲੱਗ ਪਈ ਹੈ ਅਤੇ ਪਿੰਡਾਂ ਦੀਆਂ ਸੱਥਾਂ ਤੇ ਹੋਰ ਥਾਵਾਂ ਤੇ ਵੱਖ-ਵੱਖ ਖੇਡ ਮੇਲੇ ਤੇ ਤੀਆਂ ਦੇ ਮੇਲੇ ਲੱਗਣੇ ਸ਼ੁਰੂ ਹੋ ਗਏ ਹਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਤੀਆਂ ਦਾ ਤਿਓਹਾਰ ਪੰਜਾਬ ਦੇ ਅਮੀਰ ਵਿਰਸੇ ਦਾ ਅਹਿਮ ਅੰਗ ਹੈ। ਉਨ੍ਹਾਂ ਕਿਹਾ ਕਿ ਇਹ ਤਿਓਹਾਰ ਲੜਕੀਆਂ ਵੱਲੋਂ ਮਨਾਇਆ ਜਾਂਦਾ ਸੀ ਅਤੇ ਸੌਹਰੇ ਘਰ ਰਹਿੰਦੀ ਭੈਣ ਵੱਲੋਂ ਸੰਧਾਰਾ ਦੇਣ ਲਈ ਆਉਣ ਵਾਲੇ ਭਾਈ ਦੀ ਉਡੀਕ ਕਰਦੀਆਂ ਸਨ ਤੇ ਸਹੇਲੀਆਂ ਨਾਲ ਪੀਘਾਂ ਝੂਟ ਕੇ ਪੰਜਾਬੀ ਸੱਭਿਆਚਾਰ ਨਾਲ ਜੁੜਿਆ ਗਿੱਧਾ ਤੇ ਬੋਲੀਆਂ ਨਾਲ ਆਪਣੇ ਮਨ ਦੀ ਗੱਲ ਹੋਰਨਾਂ ਤੱਕ ਪਹੁੰਚਾਉਂਦੀਆਂ ਸਨ। ਉਨ੍ਹਾਂ ਕਿਹਾ ਕਿ ਅਜਿਹਾ ਸਾਡੇ ਪੰਜਾਬ ਅੰਦਰ ਹੀ ਹੋ ਸਕਦਾ ਹੈ, ਕਿਉਂਕਿ ਪੰਜਾਬੀਆਂ ਨੇ ਆਪਣੀਆਂ ਬੇਟੀਆਂ ਨੂੰ ਹਮੇਸ਼ਾਂ ਹੀ ਬੇਟਿਆਂ ਨਾਲੋਂ ਵੱਧ ਕੇ ਪਿਆਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੂਚਨਾ ਤਕਨਾਲੌਜੀ ਦੇ ਇਸ ਯੁੱਗ ਵਿੱਚ ਪੁਰਣੀਆਂ ਰਸਮਾਂ ਤੇ ਰੀਵਾਜ ਨਹੀਂ ਰਹੇ ਪ੍ਰੰਤੂ ਅਜਿਹੇ ਮੇਲੇ ਕਰਵਾ ਕੇ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਆਪਣੇ ਅਮੀਰ ਵਿਰਸੇ ਨਾਲ



ਜੋੜ ਸਕਦੇ ਹਾਂ ਜੋ ਕਿ ਅੱਜ ਦੀ ਬਹੁਤ ਵੱਡੀ ਲੋੜ ਹੈ।

ਸ. ਜੌੜੇਮਾਜਰਾ ਨੇ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਧੀਆਂ ਆਪਣੇ ਮਾਪਿਆਂ ਨੂੰ ਬੇਟਿਆਂ ਨਾਲੋਂ ਵੱਧ ਪਿਆਰ ਕਰਦੀਆਂ ਹਨ ਤੇ ਆਪਣੇ ਮਾਪਿਆਂ ਦੀ ਸਦਾ ਚੜ੍ਹਦੀ ਕਲਾ ਦੀ ਸੁੱਖ ਮੰਗਦੀਆਂ ਰਹਿੰਦੀਆਂ ਹਨ। ਇਸ ਲਈ ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਧੀਆਂ ਨੂੰ ਵੀ ਪੁੱਤਰਾਂ ਵਾਂਗ ਹੀ ਸਮਾਜ ਦੇ ਹਰੇਕ ਖੇਤਰ ਵਿੱਚ ਅੱਗੇ ਵੱਧਣ ਦੇ ਮੌਕੇ ਪ੍ਰਦਾਨ ਕੀਤੇ ਜਾਣ ਕਿਉਂਕਿ ਇਸੇ ਤਰ੍ਹਾਂ ਸਮਾਜ ਦਾ ਚੋਹਤਰਫਾ ਵਿਕਾਸ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਸਾਡੀ ਨੌਜਵਾਨ ਪੀੜ੍ਹੀ ਗਲਤ ਸੰਗਤ ਵਿੱਚ ਪੈ ਕੇ ਨਸ਼ਿਆਂ ਦੀ ਦਲਦਲ ਵਿੱਚ ਫਸਦੀ ਚਲੀ ਗਈ ਜੋ ਕਿ ਸਾਡੇ ਸਭਨਾਂ ਲਈ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਨਸ਼ਿਆਂ ਦੇ ਆਦੀ ਨੌਜਵਾਨਾਂ ਦਾ ਨਸ਼ਾ ਛੁਡਵਾ ਕੇ ਉਨ੍ਹਾਂ ਨੂੰ ਮੁੜ ਤੋਂ ਸਮਾਜ ਅੰਦਰ ਚੰਗੇ ਨਾਗਰਿਕ ਦੀ ਤਰ੍ਹਾਂ ਜੀਵਨ ਬਤੀਤ ਕਰਨ ਦਾ ਮੌਕਾ ਪ੍ਰਦਾਨ ਕੀਤਾ ਜਾਵੇ, ਇਸ ਲਈ ਜੇਕਰ ਕਿਸੇ ਪਰਿਵਾਰ ਦਾ ਕੋਈ ਬੇਟਾ ਨਸ਼ਿਆਂ ਦਾ ਆਦੀ ਹੋ ਚੁੱਕਾ ਹੈ ਤਾਂ ਉਸ ਬਾਰੇ ਸਥਾਨਕ ਵਿਧਾਇਕ ਜਾਂ ਸਿੱਧੇ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਜਾਵੇ ਤਾਂ ਜੋ ਸੂਬੇ ਅੰਦਰੋਂ ਨਸ਼ਿਆਂ ਦਾ ਮੁਕੰਮਲ ਖਾਤਮਾ ਕੀਤਾ ਜਾ ਸਕੇ।

ਸ. ਜੌੜੇਮਾਜਰਾ ਨੇ ਪਿੰਡਾਂ ਦੇ ਲੋਕਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਆਪਸੀ ਭਾਈਚਾਰੇ ਤੋਂ ਵੱਧ ਕੇ ਕੁਝ ਨਹੀਂ ਹੁੰਦਾ ਇਸ ਲਈ ਆਉਣ ਵਾਲੀਆਂ ਪੰਚਾਇਤੀ ਚੋਣਾ ਵਿੱਚ ਪਿੰਡਾਂ ਦੇ ਲੋਕ ਸਰਬ ਸੰਮਤੀ ਨਾਲ ਪੰਚਾਇਤਾਂ ਦੀ ਚੋਣ ਕਰਨ ਅਤੇ ਪਿੰਡਾਂ ਦੇ ਸਰਪੰਚ ਜਾਂ ਪੰਚ ਦੀ ਚੋਣ ਬਿਨਾਂ ਕਿਸੇ ਲਾਲਚ ਜਾਂ ਦਬਾਅ ਤੋਂ ਕੀਤੀ ਜਾਵੇ ਤਾਂ ਜੋ ਪਿੰਡਾਂ ਦੇ ਲੋਕਾਂ ਦੀ ਸ਼ਮੂਲੀਅਤ ਨਾਲ ਪਿੰਡਾਂ ਦਾ ਵਿਕਾਸ ਕੀਤਾ ਜਾ ਸਕੇ।

ਉਨ੍ਹਾਂ ਇਹ ਵੀ ਕਿਹਾ ਕਿ ਪੰਚਾਇਤੀ ਚੋਣਾਂ ਦੌਰਾਨ ਨਸ਼ਿਆਂ ਦਾ ਲਾਲਚ ਦੇਣ ਵਾਲੇ ਲੋਕਾਂ ਦੀਆਂ ਗੱਲਾਂ ਵਿੱਚ ਨਾ ਆਵੋ ਸਗੋਂ ਅਜਿਹੇ ਲੋਕਾਂ ਨੂੰ ਆਪਣੀ ਵੋਟ ਨਾ ਦੇਵੋ ਕਿਉਂਕਿ ਅਜਿਹਾ ਕਰਕੇ ਅਸੀਂ ਨਸ਼ਿਆਂ ਦਾ ਖਾਤਮਾ ਕਰ ਸਕਦੇ ਹਾਂ। ਉਨ੍ਹਾਂ ਪਿੰਡ ਲਟੌਰ ਦੀ ਪੰਚਾਇਤ ਵੱਲੋਂ ਕਰਵਾਈਆਂ ਤੀਆਂ ਤੀਜ ਦੀਆਂ ਸਮਾਗਮ ਦੀ ਸ਼ਲਾਘਾ ਵੀ ਕੀਤੀ।

ਇਸ ਮੌਕੇ ਹਲਕਾ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਨੇ ਕਿਹਾ ਕਿ ਅਜਿਹੇ ਸਮਾਗਮ ਵੇਖ ਕੇ ਦਿਲ ਨੂੰ ਬਹੁਤ ਖੁਸ਼ੀ ਹੁੰਦੀ ਹੈ ਕਿਉਂਕਿ ਪਿਛਲੇ ਕੁਝ ਸਮੇਂ ਤੋਂ ਸਾਡੇ ਤਿਓਹਾਰ ਸਾਡੇ ਤੋਂ ਖੁਸਦੇ ਜਾ ਰਹੇ ਸਨ। ਜਿਸ ਨਾਲ ਦਿਲ ਨੂੰ ਦੁੱਖ ਵੀ ਪਹੁੰਚਦਾ ਸੀ ਪ੍ਰੰਤੂ ਹੁਣ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਵੱਲੋਂ ਸੂਬੇ ਦੇ ਵਿਕਾਸ ਲਈ ਕੀਤੇ ਜਾ ਰਹੇ ਕੰਮਾਂ ਕਾਰਨ ਮੁੜ ਤੋਂ ਸਾਡੇ ਪੁਰਾਣੇ ਤਿਓਹਾਰ ਮਨਾਉਣੇ ਸ਼ੁਰੂ ਹੋਏ ਹਨ ਜੋ ਕਿ ਪੰਜਾਬੀਆਂ ਲਈ ਮਾਣ ਦੀ ਗੱਲ ਹੈ। ਉਨ੍ਹਾਂ ਸਮਾਗਮ ਦੌਰਾਨ ਪਿੰਡ ਲਟੌਰ ਦੇ ਸਰਕਾਰੀ ਹਾਈ ਸਕੂਲ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਸੱਭਿਆਚਾਰਕ ਸਮਾਗਮ ਦੀ ਵੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਪਿੰਡ ਲਟੌਰ ਦੀ ਪੰਚਾਇਤ ਵੱਲੋਂ ਕੈਬਨਿਟ ਮੰਤਰੀ ਸ. ਚੇਤਨ ਸਿੰਘ ਜੌੜੇਮਾਜਰਾ ਤੇ ਹਲਕਾ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਦਾ ਵਿਸ਼ੇਸ਼ ਤੇ ਸਨਮਾਨ ਵੀ ਕੀਤਾ।

ਇਸ ਮੌਕੇ ਪਿੰਡ ਦੀ ਸਾਬਕਾ ਸਰਪੰਚ ਰਣਜੀਤ ਕੌਰ, ਗੁਰਜੀਤ ਸਿੰਘ, ਗਿਆਨ ਸਿੰਘ, ਗਿਆਨੀ ਸੁਖਦੇਵ ਸਿੰਘ, ਦਿਆਲ ਸਿੰਘ, ਰਣਜੀਤ ਸਿੰਘ, ਵਿਧਾਇਕ ਦੇ ਪੀ.ਏ. ਮਾਨਵ, ਬਹਾਦਰ ਅਲੀ, ਰੋਹਿਤ ਸਿੰਗਲਾ ਨੰਬਰਦਾਰ ਦਰਸ਼ਨ ਸਿੰਘ, ਨੰਬਰਦਾਰ ਸੁਖਦੇਵ ਸਿੰਘ, ਬਾਬਾ ਪਰੇਮ ਸਿੰਘ, ਹਰਨੇਕ ਸਿੰਘ, ਗੁਰਪ੍ਰੀਤ ਸਿੰਘ, ਸੁਖਬੀਰ ਸਿੰਘ ਸੋਨੀ, ਬਲਦੇਵ ਸਿੰਘ ਨਲੀਨਾ, ਰਾਜਦੀਪ ਰਾਜੂ, ਬੰਟੀ ਨਲੀਨਾਂ, ਹਰਪ੍ਰੀਤ ਸਿੰਘ, ਭੁਪਿੰਦਰ ਸਿੰਘ, ਗੁਰਜੀਤ ਸਿੰਘ ਬਿੱਟਾ, ਮੁੱਖ ਅਧਿਆਪਕ ਦਰਬਾਰਾ ਸਿੰਘ, ਅਧਿਆਪਕ ਰੂਬੀ ਖੁਲਰ, ਗੀਟਾ ਰਾਣੀ, ਸਤੀਸ਼ ਲਟੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਦੇ ਪੰਚ, ਇਲਾਕੇ ਦੇ ਪਤਵੰਤੇ ਤੇ ਆਮ ਆਦਮੀ ਪਾਰਟੀ ਦੇ ਆਗੂ ਵੀ ਮੌਜੂਦ ਸਨ।

## ਸ਼ਿਵ ਸੈਨਾ ਹਿੰਦੁਸਤਾਨ ਪੰਜਾਬ ਪੰਜਾਬ ਦੇ ਹਿੰਦੂਆਂ ਦੇ ਹੱਕਾਂ ਲਈ ਖੜ੍ਹੀ ਹੈ: ਪਵਨ ਗੁਪਤਾ

**ਪਟਿਆਲਾ, 14 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਪੰਜਾਬ ਪੰਜਾਬ ਦੇ ਹਿੰਦੂਆਂ ਦੇ ਹੱਕਾਂ ਲਈ ਖੜ੍ਹੀ ਹੈ ਅਤੇ ਪੰਜਾਬ ਵਿੱਚ ਖਾਲਿਸਤਾਨੀ ਵਿਚਾਰਧਾਰਾ ਦੇ ਨਿਹੰਗਾਂ ਵੱਲੋਂ ਨਿਰਦੋਸ਼ ਹਿੰਦੂਆਂ ਦੇ ਲਗਾਤਾਰ ਹੋ ਰਹੇ ਕਤਲਾਂ ਅਤੇ ਖਾਲਿਸਤਾਨੀ ਆਂ ਵੱਲੋਂ ਪੰਜਾਬ ਦੇ ਵੱਖ-ਵੱਖ ਹਿੰਦੂ ਆਗੂਆਂ ’ਤੇ ਲਗਾਤਾਰ ਹੋ ਰਹੇ ਹਮਲਿਆਂ ਦੇ ਬਾਵਜੂਦ ਪੰਜਾਬ ਦੇ ਮੁੱਖ ਮੰਤਰੀ ਸ. ਸਿੰਘ ਮਾਨ ਜੀ ਪੰਜਾਬ ਵਿੱਚ ਸ਼ਿਵ ਸੈਨਾ ਹਿੰਦੁਸਤਾਨ ਵੱਲੋਂ ਹਰ ਜਿਲ੍ਹੇ ਵਿੱਚ ਭਗਵਾ ਮੀਟਿੰਗਾਂ ਕਰਕੇ ਆਪਣਾ ਰੋਸ ਪ੍ਰਗਟ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਜ਼ਿਲ੍ਹਾ ਸ਼ਿਵ ਸੈਨਾ ਹਿੰਦੁਸਤਾਨ ਵੱਲੋਂ ਪਟਿਆਲਾ ਵਿਖੇ ਭਗਵਾ ਮੀਟਿੰਗ ਕੀਤੀ ਗਈ। ਜਿਸ ਦੀ ਪ੍ਰਧਾਨਗੀ ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਨੇ ਕੀਤੀ।




ਸਭ ਤੋਂ ਪਹਿਲਾਂ ਸ਼ਿਵ ਸੈਨਾ ਹਿੰਦੁਸਤਾਨ ਦੀ ਇਸ ਭਗਵਾ ਮੀਟਿੰਗ ਵਿਚ ਬੰਗਲਾਦੇਸ਼ ਦੇ ਹਿੰਦੂਆਂ ਦੀ ਹਾਲਤ ’ਤੇ ਡੂੰਘੇ ਗੁੱਸੇ ਅਤੇ ਰੋਸ ਦਾ ਪ੍ਰਗਟਾਵਾ ਕਰਦਿਆਂ ਇਕ ਮਤਾ ਪਾਸ ਕੀਤਾ ਗਿਆ ਅਤੇ ਰਾਸ਼ਟਰਮੰਡਲ ਨੂੰ ਹਿੰਦੂਆਂ ’ਤੇ ਮੁਸਲਿਮ ਜਹਾਦੀ ਤਾਕਤਾਂ ਵਲੋਂ ਕੀਤੇ ਜਾ ਰਹੇ ਹਮਲੇ ਬੰਦ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ। ਬੰਗਲਾਦੇਸ਼।

ਜਿਲ੍ਹਾ ਸ਼ਿਵ ਸੈਨਾ ਹਿੰਦੁਸਤਾਨ ਪਟਿਆਲਾ ਵੱਲੋਂ ਕਰਵਾਈ ਗਈ ਇਸ ਭਗਵਾ ਸਭਾ ਵਿੱਚ ਹਿੰਦੂਆਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸ਼੍ਰੀ ਪਵਨ ਗੁਪਤਾ ਜੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕਹਿ ਰਹੇ ਹਨ ਕਿ ਜਿਹੜਾ ਵੀ ਤਾਨਾਸ਼ਾਹ ਬਣ ਜਾਂਦਾ ਹੈ, ਉਸ ਨੂੰ ਬੰਗਲਾਦੇਸ਼ ਵਰਗੇ ਕਈ ਆਗੂ ਭੁਗਤਦੇ ਹਨ ਮਾਨ ਸਿੰਘ ਆਪਣੇ ਹੀ ਰਾਜ ਵਿੱਚ ਹਿੰਦੂਆਂ ਦੇ ਖਿਲਾਫ ਹਿੰਸਾ ਕਰ ਰਹੇ ਹਨ ਪਰ ਪੰਜਾਬ ਦੇ ਮੁੱਖ ਮੰਤਰੀ ਇਸ ਦੇ ਖਿਲਾਫ ਇੱਕ ਵੀ ਸ਼ਬਦ ਨਹੀਂ ਬੋਲ ਰਹੇ ਹਨ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਕੀਤੇ ਜਾ ਰਹੇ ਮਤਰੇਈ ਮਾਂ ਵਾਲੇ ਸਲੂਕ ਵਿਰੁੱਧ ਲਗਾਤਾਰ ਆਪਣਾ ਗੁੱਸਾ ਜ਼ਾਹਰ ਕਰ ਰਹੇ ਹਨ ਜਦੋਂ ਲੁਧਿਆਣਾ ਵਿੱਚ ਇੱਕ ਹਿੰਦੂ ਆਗੂ ’ਤੇ ਹਮਲਾ ਹੁੰਦਾ ਹੈ ਤਾਂ ਮੁੱਖ ਮੰਤਰੀ ਉਨ੍ਹਾਂ ਗੁੰਡਾਗਰਦੀ ਵਿਰੁੱਧ ਇੱਕ ਸ਼ਬਦ ਨਹੀਂ ਬੋਲਦੇ! ਇਸੇ ਤਰ੍ਹਾਂ ਤਰਨਤਾਰਨ ਦੀ ਪੱਟੀ ’ਚ ਇਕ ਹਿੰਦੂ ਪਰਿਵਾਰ ’ਤੇ ਸੋਚ ਵਾਲੇ ਨਿਹੰਗਾਂ ਵਲੋਂ ਉਨ੍ਹਾਂ ਦੇ ਘਰ ਜਾ ਕੇ ਤਲਵਾਰਾਂ ਨਾਲ ਹਮਲਾ ਕਰਕੇ ਸ਼ਮੀ ਪੁਰੀ ਦਾ ਕਤਲ ਕੀਤਾ ਗਿਆ, ਕਾਨੂੰਨ ਵਿਵਸਥਾ ਦਾ ਖੁੱਲ੍ਹੇਆਮ ਮਜ਼ਾਕ ਉਡਾਇਆ ਗਿਆ ਪਰ ਮੁੱਖ ਮੰਤਰੀ ਸ ਜੀ ਇਸ ਮਾਮਲੇ ’ਤੇ ਚੁੱਪ ਹਨ? ਪੰਜਾਬ ਦਾ ਹਿੰਦੂ ਇਹ ਜਾਣਨਾ ਚਾਹੁੰਦਾ ਹੈ ਕਿ ਕੀ ਮੁੱਖ ਮੰਤਰੀ ਪੰਜਾਬ ਦੇ ਸਾਰੇ ਨਾਗਰਿਕਾਂ ਦਾ ਮੁੱਖ ਮੰਤਰੀ ਹੈ ਜਾਂ ਸਿਰਫ਼ ਇੱਕ ਭਾਈਚਾਰੇ ਦਾ ਮੁੱਖ ਮੰਤਰੀ ਹੈ?

ਭਗਵਾ ਸਭਾ ਨੂੰ ਸੰਬੋਧਨ ਕਰਦਿਆਂ ਸ਼੍ਰੀ ਪਵਨ ਗੁਪਤਾ ਜੀ ਨੇ ਪੰਜਾਬ ਦੇ ਹਿੰਦੂਆਂ ਨੂੰ ਸੱਦਾ ਦਿੱਤਾ ਕਿ ਜਿਸ ਤਰ੍ਹਾਂ ਬੰਗਲਾਦੇਸ਼ ਵਿਚ ਹਿੰਦੂ ਸਮਾਜ ਨੇ ਇਕਜੁੱਟ ਹੋ ਕੇ ਉਥੋਂ ਦੀਆਂ ਸੋਚ ਵਾਲੀਆਂ ਮੁਸਲਿਮ ਤਾਕਤਾਂ ਦਾ ਡਟ ਕੇ ਵਿਰੋਧ ਕੀਤਾ ਹੈ, ਉਸੇ ਤਰ੍ਹਾਂ ਪੰਜਾਬ ਦੇ ਹਿੰਦੂ ਸਮਾਜ ਨੂੰ ਵੀ ਇਕਜੁੱਟ ਹੋਣਾ ਚਾਹੀਦਾ ਹੈ।

ਸ਼ਾਂਤਮਈ ਢੰਗ ਨਾਲ ਦੇਸ਼ ਵਿਰੋਧੀ ਅਤੇ ਖਾਲਿਸਤਾਨੀ ਦਹਿਸ਼ਤਗਰਦ ਸੋਚ ਦਾ ਸਖ਼ਤ ਵਿਰੋਧ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਭਾਰਤ ਸਰਕਾਰ ਤੋਂ ਮੰਗ ਕੀਤੀ, ਖਾਸ ਤੌਰ ’ਤੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਤੋਂ ਮੰਗ ਕੀਤੀ ਕਿ ਜੇਕਰ ਭਾਰਤ ਪਾਕਿਸਤਾਨ ਦੇ ਮੁਸਲਮਾਨਾਂ ਨੂੰ ਇਨਸਾਫ਼ ਦਿਵਾਉਣ ਲਈ ਆਪਣੀ ਫੌਜ ਦੀ ਵਰਤੋਂ ਕਰਕੇ ਨਵਾਂ ਦੇਸ਼ ਬੰਗਲਾਦੇਸ਼ ਬਣਾ ਸਕਦਾ ਸੀ, ਤਾਂ ਹੁਣ ਜਦੋਂ ਹਿੰਦੂਆਂ ਨੂੰ ਭਾਰੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਤੇ ਜੇਕਰ ਤੁਸੀਂ ਬੰਗਲਾਦੇਸ਼ ਵਿੱਚ ਬੇਇੱਜ਼ਤੀ ਬਰਦਾਸ਼ਤ ਕਰ ਰਹੇ ਹੋ, ਤਾਂ ਇਸ ਮੌਕੇ ’ਤੇ ਭਾਰਤ ਸਰਕਾਰ ਨੂੰ ਬੰਗਲਾਦੇਸ਼ ਦੇ ਹਿੰਦੂਆਂ ਨੂੰ ਬਚਾਉਣ ਅਤੇ ਉਨ੍ਹਾਂ ਨੂੰ ਨਿਆਂ ਦਿਵਾਉਣ ਲਈ ਇੱਕ ਨਵਾਂ ਦੇਸ਼ ਬਣਾਉਣ ਲਈ ਫੌਜੀ ਤਾਕਤ ਦੀ ਵਰਤੋਂ ਕਰਨ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ।

ਉਨ੍ਹਾਂ ਨੇ ਸ਼੍ਰੀ ਨਰੇਂਦਰ ਮੋਦੀ ਜੀ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਸ਼੍ਰੀ ਯੋਗੀ ਆਦਿਤਿਆਨਾਥ ਜੀ ਦੀ ਜ਼ੋਰਦਾਰ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਬੈਕਫ ਬੋਰਡ ਕਾਨੂੰਨ ਵਿੱਚ ਸੋਧ ਕਰਨ ਲਈ ਬਿੱਲ ਲੈ ਕੇ ਆਏ ਹਨ ਅਤੇ ਸ਼ਿਵ ਸੈਨਾ ਹਿੰਦੁਸਤਾਨ ਦੇਸ਼ ਵਿੱਚ ਅਜਿਹੇ ਯਤਨਾਂ ਦਾ ਪੁਰਜ਼ੋਰ ਸਮਰਥਨ ਕਰਦੀ ਹੈ ਆਮ ਨਾਗਰਿਕਾਂ ਦੇ ਹਿੱਤ ਵਿੱਚ ਕੀਤਾ ਜਾਣਾ ਚਾਹੀਦਾ ਹੈ। ਜਿਸ ਤਰ੍ਹਾਂ ਸ਼੍ਰੀ ਯੋਗੀ ਆਦਿਤਿਆਨਾਥ ਜੀ ਅਪਰਾਧ ਨੂੰ ਖਤਮ ਕਰਨ ਲਈ ਸਖਤੀ ਨਾਲ ਕੰਮ ਕਰ ਰਹੇ ਹਨ, ਉਸ ਤੋਂ ਇੱਕ ਵਿਸ਼ੇਸ਼ ਅਪਰਾਧੀ ਵਰਗ ਸਮਝ ਰਿਹਾ ਹੈ ਕਿ ਕਿਵੇਂ ਕਾਨੂੰਨ ਅਪਰਾਧ ’ਤੇ ਰੋਕ ਲਗਾ ਸਕਦਾ ਹੈ।

ਸ਼ਿਵ ਸੈਨਾ ਹਿੰਦੁਸਤਾਨ ਦੀ ਭਗਵਾ ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਖਾਲਿਸਤਾਨੀ ਆਂ ਨੂੰ ਇਹ ਗੱਲ ਸਾਫ਼ ਸਮਝ ਲੈਣੀ ਚਾਹੀਦੀ ਹੈ ਕਿ ਉਨ੍ਹਾਂ ਦਾ ਭਾਰਤ ਵਿਚ ਕੋਈ ਸਟੈਂਡ ਨਹੀਂ ਹੈ ਅਤੇ ਉਹ ਹਥਿਆਰਾਂ ਦੇ ਜ਼ੋਰ ’ਤੇ ਖਾਲਿਸਤਾਨ ਦੇ ਨਾਂ ’ਤੇ ਹਿੰਦੂ ਸਮਾਜ ਜਾਂ ਹਿੰਦੂ ਨੇਤਾਵਾਂ ਨੂੰ ਧਮਕੀਆਂ ਨਹੀਂ ਦੇ ਸਕਦੇ।

ਪੰਜਾਬ ਦਾ ਕੋਈ ਵੀ ਹਿੰਦੂ ਆਗੂ ਜਾਂ ਸ਼ਿਵ ਸੈਨਾ ਹਿੰਦੁਸਤਾਨ ਦਾ ਕੋਈ ਵੀ ਆਗੂ ਜਾਂ ਵਰਕਰ ਉਸਦੀ ਕਿਸੇ ਵੀ ਗਿੱਦੜ ਦੀ ਧਮਕੀ ਤੋਂ ਡਰਦਾ ਨਹੀਂ ਸ਼ਿਵ ਸੈਨਾ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਪੂਰੀ ਤਾਕਤ ਨਾਲ ਲੜਦੀ ਰਹੇਗੀ।

ਉਨ੍ਹਾਂ ਕੇਂਦਰ ਸਰਕਾਰ ਨੂੰ ਇਹ ਵੀ ਕਿਹਾ ਕਿ ਪੰਜਾਬ ਦੇ ਹਿੰਦੂਆਂ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਇਨਸਾਫ਼ ਦਿਵਾਉਣ ਲਈ ਅੱਗੇ ਵਧਣਾ ਚਾਹੀਦਾ ਹੈ। ਪੰਜਾਬ ਦੇ 35,000 ਅੱਤਵਾਦ ਪ੍ਰਭਾਵਿਤ ਹਿੰਦੂਆਂ ਨੂੰ ਮਨਜ਼ੂਰ 781 ਕਰੋੜ ਰੁਪਏ ਦਾ ਪੈਕੇਜ, ਜੋ ਕਿ ਅੱਜ ਤੱਕ ਨਹੀਂ ਦਿੱਤਾ ਗਿਆ, ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਵੱਲੋਂ ਤੁਰੰਤ ਜਾਰੀ ਕੀਤਾ ਜਾਣਾ ਚਾਹੀਦਾ ਹੈ।

ਭਾਜਪਾ ਨੂੰ ਪੰਜਾਬ ਦੇ ਹਿੰਦੂ ਸਮਾਜ ਲਈ ਵੀ ਆਪਣੀਆਂ ਨੀਤੀਆਂ ਬਦਲਣੀਆਂ ਪੈਣਗੀਆਂ, ਜਿਸ ਕਾਰਨ ਪੰਜਾਬ ਦੇ ਹਿੰਦੂ ਸਮਾਜ ਨੂੰ ਨਜ਼ਰਅੰਦਾਜ਼ ਕਰਕੇ ਪੰਜਾਬ ਵਿਚ 18% ਵੋਟਾਂ ਹਾਸਲ ਕੀਤੀਆਂ ਗਈਆਂ ਹਨ, ਉਨ੍ਹਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਜੀ ਦੀਆਂ ਭਾਵਨਾਵਾਂ ਸਦਕਾ ਹੀ ਸ੍ਰੀ ਰਾਮ ਮੰਦਿਰ ਬਣ ਸਕਿਆ ਹੈ ਪਰ ਪੰਜਾਬ ਦੇ ਹਿੰਦੂ ਪੰਜਾਬ ਵਿੱਚ ਭਾਜਪਾ ਦੀਆਂ ਨੀਤੀਆਂ ਦੇ ਵਿਰੁੱਧ ਹਨ, ਇਸ ਲਈ ਜੇਕਰ ਭਾਜਪਾ ਦੀ ਕੇਂਦਰੀ ਹਾਈ ਕਮਾਂਡ ਪੰਜਾਬ ਦੇ ਹਿੰਦੂ ਸਮਾਜ ਦੇ ਦਰਦ ਨੂੰ ਸਮਝਦੀ ਹੈ ਅਤੇ ਇੱਕ ਪੈਕੇਜ਼ ਪੰਜਾਬ ਦੇ 35000 ਅੱਤਵਾਦ ਪ੍ਰਭਾਵਿਤ ਹਿੰਦੂਆਂ ਨੂੰ 781 ਕਰੋੜ ਰੁਪਏ ਦਿੱਤੇ ਗਏ ਹਨ, ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ ਅਤੇ ਖਾਲਿਸਤਾਨ ਪੱਖੀ ਮਨੁੱਖੀ ਅਧਿਕਾਰਾਂ ਦੇ ਸਮਰਥਕਾਂ ਵੱਲੋਂ ਝੂਠੇ ਕੇਸਾਂ ਵਿੱਚ ਫਸਾ ਕੇ ਜੇਲ੍ਹਾਂ ਵਿੱਚ ਬੰਦ ਪੰਜਾਬ ਪੁਲਿਸ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਰਿਹਾਅ ਕੀਤਾ ਜਾਵੇ। ਨੂੰ ਤੁਰੰਤ ਰਿਹਾਅ ਕੀਤਾ ਜਾਵੇ ਤਾਂ ਜੋ ਪੰਜਾਬ ਪੁਲਿਸ ਦਾ ਮਨੋਬਲ ਉੱਚਾ ਹੋ ਸਕੇ ਅਤੇ ਜਿਨ੍ਹਾਂ ਨੇ ਖਾਲਿਸਤਾਨੀਆਂ ਨਾਲ ਲੜਦੇ ਹੋਏ ਬਹਾਦਰੀ ਨਾਲ ਲੜਦੇ ਹੋਏ ਆਪਣੇ ਪਰਿਵਾਰਾਂ ਨੂੰ ਸ਼ਹੀਦ ਕੀਤਾ ਹੈ, ਉਨ੍ਹਾਂ ਨੂੰ ਜੇਲ੍ਹ ਵਿੱਚ ਨਾ ਰੱਖਿਆ ਜਾਵੇ ਸਗੋਂ ਉਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਕੌਮ ਪ੍ਰਤੀ ਆਪਣਾ ਫਰਜ਼ ਨਿਭਾਉਂਦੇ ਹੋਏ।

ਇਸ ਭਗਵਾ ਮੀਟਿੰਗ ਵਿੱਚ ਪਾਰਟੀ ਦੇ ਕੌਮੀ ਜਨਰਲ ਸਕੱਤਰ ਪੰਜਾਬ ਇੰਚਾਰਜ ਸ਼੍ਰੀ ਕ੍ਰਿਸ਼ਨ ਸ਼ਰਮਾ ਨੇ ਵੀ ਸੰਬੋਧਨ ਕੀਤਾ ਅਤੇ ਕਿਹਾ ਕਿ ਸ਼੍ਰੀ ਪਵਨ ਗੁਪਤਾ ਜੀ ਦੀ ਅਗਵਾਈ ਵਿੱਚ ਅਸੀਂ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਲੜਾਈ ਪੂਰੀ ਤਾਕਤ ਨਾਲ ਲੜ ਰਹੇ ਹਾਂ, ਪਰ ਸ. ਅਸੀਂ ਹੈਰਾਨ ਹਾਂ ਕਿ ਜਿਹੜਾ ਮੁੱਖ ਮੰਤਰੀ ਇੰਨਾ ਭਾਰੀ ਬਹੁਮਤ ਨਾਲ ਜਿੱਤਿਆ ਹੈ, ਉਹ ਖਾਲਿਸਤਾਨੀ ਆਂ ਖਿਲਾਫ ਬੋਲਣ ਤੋਂ ਕਿਉਂ ਗੁਰੇਜ਼ ਕਰ ਰਿਹਾ ਹੈ? ਜੇਕਰ ਕੋਈ ਕਿਸਾਨ ਆਗੂ ਸ਼ਹੀਦ ਹੁੰਦਾ ਹੈ ਤਾਂ ਮੁੱਖ ਮੰਤਰੀ ਖ਼ੁਦ ਉਸ ਦੇ ਪਰਿਵਾਰ ਕੋਲ ਜਾ ਕੇ 1 ਕਰੋੜ ਰੁਪਏ ਦਾ ਚੈੱਕ ਭੇਟ ਕਰਦਾ ਹੈ ਪਰ ਦੂਜੇ ਪਾਸੇ ਹਿੰਦੂ ਭਾਈਚਾਰੇ ਦੇ ਇੱਕ ਵਿਅਕਤੀ ਨੂੰ ਖਾਲਿਸਤਾਨੀ ਸੋਚ ਵਾਲੇ ਨਿਹੰਗਾਂ ਵੱਲੋਂ ਸ਼ਰੇਆਮ ਉਸ ਦੇ ਘਰ ਅੰਦਰ ਵੜ ਕੇ ਕਤਲ ਕਰ ਦਿੱਤਾ ਜਾਂਦਾ ਹੈ। ਸਮੇ ਪੁਰੀ ਦੀ ਖੁਸ਼ੀ ਵਿੱਚ ਪੰਜਾਬ ਸਰਕਾਰ ਦਾ ਕੋਈ ਵੀ ਨੁਮਾਇੰਦਾ, ਮੰਤਰੀ ਜਾਂ ਮੁੱਖ ਮੰਤਰੀ ਜਾਣ ਤੋਂ ਗੁਰੇਜ਼ ਕਰਦਾ ਹੈ, ਨਾ ਹੀ ਕੋਈ ਪ੍ਰਸ਼ਾਸਨਿਕ ਅਧਿਕਾਰੀ ਮੁਆਵਜ਼ੇ ਲਈ 1 ਕਰੋੜ ਦਾ ਚੈੱਕ ਦਿੱਤਾ ਜਾਂਦਾ ਹੈ ਪੰਜਾਬ ਦੀ 45% ਆਬਾਦੀ ਹਿੰਦੂਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ?

ਇਸ ਭਗਵਾ ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੀ ਉੱਤਰੀ ਭਾਰਤ ਮਹਿਲਾ ਵਿੰਗ ਦੀ ਪ੍ਰਧਾਨ ਸ੍ਰੀਮਤੀ ਸਵਰਾਜ ਘੁੰਮਣ ਭਾਟੀਆ ਨੇ ਵੀ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਦੇ ਹਿੰਦੂਆਂ ਨੂੰ ਹੀ ਨਹੀਂ ਸਗੋਂ ਵਿਸ਼ਵ ਪੱਧਰ ’ਤੇ ਹਿੰਦੂ ਸਮਾਜ ਨੂੰ ਜਥੇਬੰਦ ਕਰਨ ਲਈ ਉਪਰਾਲੇ ਕੀਤੇ ਜਾਣ ਅਤੇ ਹਿੰਦੂ ਮੰਦਰਾਂ ਦੇ ਪ੍ਰਬੰਧ ਨੂੰ ਸੰਭਾਲਿਆ ਜਾਵੇ। ਅਖਿਲ ਭਾਰਤੀ ਹਿੰਦੂਆਂ ਦੁਆਰਾ ਕੀਤਾ ਜਾਣਾ ਚਾਹੀਦਾ ਹੈ, ਇਹ ਹਿੰਦੂ ਸਮਾਜ ਨੂੰ ਮੰਦਰ ਪ੍ਰਬੰਧਨ ਐਕਟ ਰਾਹੀਂ ਪ੍ਰਾਪਤ ਕਰਨਾ ਚਾਹੀਦਾ ਹੈ ਤਾਂ ਜੋ ਹਿੰਦੂ ਸਮਾਜ ਹਰ ਪੱਖ ਤੋਂ ਮਜ਼ਬੂਤ ਹੋ ਸਕੇ।

ਇਸ ਮੌਕੇ ਸ਼ਿਵ ਸੈਨਾ ਹਿੰਦੁਸਤਾਨ ਜਿਲ੍ਹਾ ਪਟਿਆਲਾ ਦੇ ਸਾਰੇ ਸੀਨੀਅਰ ਆਗੂ ਜਿਨ੍ਹਾਂ ਵਿੱਚ ਸ੍ਰੀ ਕਸ਼ਮੀਰ ਕਾਂਤ ਪਾਂਡੇ ਸੀਨੀਅਰ ਮੀਤ ਪ੍ਰਧਾਨ ਪੰਜਾਬ, ਸ੍ਰੀ ਹੇਮਰਾਜ ਗੋਇਲ ਕੌਮੀ ਸਲਾਹਕਾਰ, ਸ੍ਰੀ ਸੰਜੀਵ ਦੇਵ ਪੰਜਾਬ ਪ੍ਰਧਾਨ, ਸ੍ਰੀ ਅਮਰਜੀਤ ਬੰਟੀ ਇੰਚਾਰਜ ਹਿੰਦੁਸਤਾਨ ਯੁਵਾ ਸੈਨਾ ਸ., ਸ਼੍ਰੀ ਹਿਤੇਸ਼ ਰਿੰਕੂ ਪੰਜਾਬ ਪ੍ਰਧਾਨ ਆਈ.ਟੀ ਸੈਨਾ, ਸ਼੍ਰੀਮਤੀ ਕਾਂਤਾ ਬਾਂਸਲ ਮੀਤ ਪ੍ਰਧਾਨ ਉੱਤਰੀ ਭਾਰਤ ਹਿੰਦੁਸਤਾਨ ਮਹਿਲਾ ਸੈਨਾ, ਸ਼੍ਰੀ ਕ੍ਰਿਸ਼ਨ ਗਾਬਾ ਪੰਜਾਬ ਪ੍ਰਧਾਨ ਹਿੰਦੁਸਤਾਨ ਵਪਾਰ ਸੈਨਾ, ਐਡਵੋਕੇਟ ਸ਼੍ਰੀ ਪੰਕਜ ਗੌੜ ਪੰਜਾਬ ਪ੍ਰਧਾਨ ਹਿੰਦੁਸਤਾਨ ਐਡਵੋਕੇਟ ਸੈਨਾ, ਸ਼੍ਰੀ ਰਵਿੰਦਰ ਸਿੰਗਲਾ ਪੰਜਾਬ ਚੇਅਰਮੈਨ ਸ਼ਿਵ ਸੈਨਾ ਹਿੰਦੁਸਤਾਨ ਪੰਜਾਬ। , ਸ਼੍ਰੀ ਰਾਕੇਸ਼ ਕੁਮਾਰ ਸ਼੍ਰੀ ਰਿੰਕੂ ਸ਼ਰਮਾ ਸ਼੍ਰੀ ਹਰਪ੍ਰੀਤ ਸ਼ਰਮਾ ਸ਼੍ਰੀ ਨੰਦਲਾਲ ਸ਼ਰਮਾ ਸਾਰੇ ਜਿਲ੍ਹਾ ਮੀਤ ਪ੍ਰਧਾਨ ਪਟਿਆਲਾ ਅਤੇ ਸ਼੍ਰੀਮਤੀ ਹਰਸ਼ ਬਜਾਜ ਜਿਲ੍ਹਾ ਪ੍ਰਧਾਨ ਮਹਿਲਾ ਸੈਨਾ ਪਟਿਆਲਾ, ਸ਼੍ਰੀ ਰਵੀ ਸੋਹਲ, ਸ਼੍ਰੀ ਰਾਮ ਬੱਚਨ ਪੰਜਾਬ ਮੀਤ ਪ੍ਰਧਾਨ ਪੰਜਾਬ, ਸ਼੍ਰੀਮਤੀ ਮਨਦੀਪ ਸ਼ਰਮਾ ਪੰਜਾਬ। ਭਗਵਾ ਮੀਟਿੰਗ ਵਿੱਚ ਪ੍ਰਧਾਨ ਮਹਿਲਾ ਸੈਨਾ, ਸ੍ਰੀ ਅਜੇ ਚੌਹਾਨ ਚੰਡੀਗੜ੍ਹ ਪ੍ਰਦੇਸ਼ ਪ੍ਰਧਾਨ, ਅਰਵਿੰਦ ਗੌਤਮ ਪੰਜਾਬ ਪ੍ਰਧਾਨ ਯੁਵਾ ਸੈਨਾ, ਸ੍ਰੀ ਅਖਿਲੇਸ਼ ਕੁਮਾਰ ਜਿਲ੍ਹਾ ਇੰਚਾਰਜ ਮੁਹਾਲੀ ਰੋਪੜ, ਸ੍ਰੀ ਅਸ਼ਵਨੀ ਕੁਮਾਰ ਜਿਲ੍ਹਾ ਪ੍ਰਧਾਨ ਮੁਹਾਲੀ ਆਦਿ ਆਗੂ ਵੱਡੀ ਗਿਣਤੀ ਵਿੱਚ ਹਾਜਰ ਸਨ।

# ਸਾਵਣ ਅਸ਼ਟਮੀ ਮੌਕੇ 14ਵਾਂ ਵਿਸ਼ਾਲ ਭੰਡਾਰਾ ਭਨੂਪਲੀ ਵਿਖੇ ਹੋਇਆ ਸ਼ੁਰੂ

ਨੰਗਲ 14 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਨੰਗਲ-ਚੰਡੀਗੜ੍ਹ ਰੋਡ ਤੇ ਪਿੰਡ ਭਨੂਪਲੀ ਵਿਖੇ ਹਰ ਸਾਲ ਸਾਵਣ ਅਸ਼ਟਮੀ ਦੇ ਨਵਰਾਤਰਿਆਂ ਮੌਕੇ ਵਿਸ਼ਾਲ ਭੰਡਾਰੇ ਕਰਵਾਏ ਜਾਂਦੇ ਹਨ। ਇਸ ਸਾਲ ਨਵਰਾਤਰੇ ਮੌਕੇ 5 ਅਗਸਤ ਤੋਂ 15 ਅਗਸਤ ਤੱਕ ਸਾਵਣ ਅਸ਼ਟਮੀ ਦਾ ਮੇਲਾ ਚੱਲ ਰਿਹਾ ਹੈ। ਅੱਜ ਤੋਂ ਸ਼ੁਰੂ ਹੋਇਆ ਇਹ 14ਵਾਂ ਵਿਸ਼ਾਲ ਭੰਡਾਰਾ ਸਮੂਹ ਭਨੂਪਲੀ ਬਜ਼ਾਰ ਦੇ ਦੁਕਾਨਦਾਰਾਂ/ਵਪਾਰੀਆਂ ਦੇ ਨਾਲ ਨਾਲ ਹੋਰ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਲਗਾਇਆ ਗਿਆ ਹੈ। ਸ੍ਰੀ ਦੀਪਕ ਸੋਨੀ ਨੇ ਦੱਸਿਆ ਕਿ ਮਾਤਾ ਸ੍ਰੀ ਨੈਣਾ ਦੇਵੀ ਜੀ ਤੋਂ ਜੋਤ ਪ੍ਰਬਲ ਕਰਕੇ ਇਸ ਭੰਡਾਰੇ ਦੀ ਸ਼ੁਰੂਆਤ ਅੱਜ ਸਵੇਰ ਸਮੇਂ ਕੀਤੀ ਗਈ ਹੈ ਤੇ ਇਹ ਭੰਡਾਰਾ 15 ਅਗਸਤ ਤੱਕ ਚੱਲੇਗਾ।

ਇਹ ਜਾਣਕਾਰੀ ਦੀਪਕ ਸੋਨੀ ਤੇ ਮਨੂੰ ਪੁਰੀ ਸੇਵਾਦਾਰ ਵੱਲੋਂ ਦਿੰਦੇ ਹੋਏ ਦੱਸਿਆ ਗਿਆ ਕਿ ਬੀਤੇ ਸਾਲ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਪੰਜਾਬ, ਵਿਧਾਇਕ ਹਲਕਾ ਸ੍ਰੀ ਅਨੰਦਪੁਰ ਸਾਹਿਬ ਨੇ ਭੰਡਾਰੇ ਵਾਲੇ ਸਥਾਨ ਤੇ ਆ ਕੇ ਹਾਜਰੀ ਲਗਵਾਈ ਸੀ, ਤੇ ਰਾਸ਼ਟਰੀ ਸੰਤ ਬਾਬਾ ਬਾਲ ਜੀ ਦਾ ਅਸ਼ੀਰਵਾਦ ਵੀ ਪ੍ਰਾਪਤ ਕੀਤਾ ਸੀ। ਕੈਬਨਿਟ ਮੰਤਰੀ ਵੱਲੋਂ ਹਰ ਸਾਲ ਇਸ ਭੰਡਾਰੇ ਵਿਚ ਸਹਿਯੋਗ ਦਿੱਤਾ ਜਾਦਾ ਹੈ ਅਤੇ ਇਸ ਸਾਲ ਵੀ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਸੇਵਾਦਾਰਾਂ ਵੱਲੋਂ ਇਸ ਭੰਡਾਰੇ ਵਿਚ ਹਾਜਰੀ ਲਗਵਾ ਕੇ ਮਾਤਾ ਦਾ ਆਸੀਰਵਾਦ ਪ੍ਰਾਪਤ ਕਰਨ ਲਈ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ 15 ਅਗਸਤ ਨੂੰ ਰਾਸ਼ਟਰੀ ਸੰਤ ਬਾਬਾ ਬਾਲ ਜੀ ਵੀ ਇਸ ਭੰਡਾਰੇ ਵਿੱਚ ਸਾਮਿਲ ਹੋਣਗੇ ਤੇ ਆਪਣੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਭੰਡਾਰੇ ਵਿੱਚ ਸੰਤ ਕ੍ਰਿਪਾਲਾ ਨੰਦ ਜੀ ਮਹਾਰਾਜ ਦੜੋਲੀ ਵਾਲੇ ਵੀ ਭੰਡਾਰੇ ਵਿਚ ਆਉਣਗੇ।

ਜਿਕਰਯੋਗ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿੱਚ ਵੱਖ ਵੱਖ ਧਰਮਾਂ ਦੇ ਵੱਡੇ ਧਾਰਮਿਕ ਸਥਾਨ ਹਨ ਅਤੇ ਵੱਖ ਵੱਖ ਸਮਾਂਗਮਾਂ ਦੌਰਾਨ ਇਸ ਸਥਾਨ ਦੀ ਵਰਤੋਂ ਧਾਰਮਿਕ ਸੰਸਥਾਵਾਂ, ਲੰਗਰ ਕਮੇਟੀਆਂ ਵੱਲੋਂ ਕੀਤੀ ਜਾਂਦੀ ਹੈ।

ਉੱਤਰੀ ਭਾਰਤ ਦੇ ਪ੍ਰਸਿੱਧ ਸ਼ਕਤੀ ਪੀਠ ਮਾਤਾ ਸ੍ਰੀ ਨੈਣਾ ਦੇਵੀ ਜੀ ਦੇ ਦਰਬਾਰ ਹਿਮਾਚਲ ਪ੍ਰਦੇਸ਼ ਅਤੇ ਹੋਰ ਧਾਰਮਿਕ ਸਮਾਗਮਾਂ ਵਿੱਚ ਸ਼ਾਮਿਲ ਹੋਣ ਲਈ ਹਰ ਸਾਲ ਲੱਖਾਂ ਸ਼ਰਧਾਲੂ ਨੰਗਲ, ਸ੍ਰੀ ਅਨੰਦਪੁਰ ਸਾਹਿਬ ਤੋਂ ਹੁੰਦੇ ਹੋਏ ਗੁਜਰਦੇ ਹਨ।

ਭੰਡਾਰਾ ਕਮੇਟੀ ਨੇ ਅੱਜ ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਪਿਤਾ ਸੋਹਣ ਸਿੰਘ ਬੈਂਸ ਅਤੇ ਮਾਤਾ ਬਲਵਿੰਦਰ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਸ਼ਾਰਧਾ ਬਾਬਾ, ਸੁਨੀਲ ਪੁਰੀ, ਦੀਪਕ ਸੋਨੀ, ਨਿਪੁਨ ਸੋਨੀ, ਗੋਪਾਲ ਉੱਪਲ, ਮਨੂੰ ਪੁਰੀ, ਸੰਜੂ ਸੋਨੀ ਤੇ ਹੋਰ ਵੱਡੀ ਗਿਣਤੀ ਵਿੱਚ ਸੇਵਾਦਾਰ, ਸ਼ਰਧਾਲੂ ਤੇ ਯਾਤਰੀ ਹਾਜ਼ਰ ਸਨ।

# ਬਲਜੀਤ ਕੌਰ ਨੇ ਕੇਂਦਰੀ ਮੰਤਰੀ ਅੰਨਪੂਰਨਾ ਦੇਵੀ ਕੋਲ ਸਮਾਜਿਕ ਸੁਰੱਖਿਆ ਵਿਭਾਗ ਸਬੰਧੀ ਵੱਖ-ਵੱਖ ਮੁੱਦੇ ਉਠਾਏ

ਚੰਡੀਗੜ੍ਹ, 14 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕੇਂਦਰੀ ਮੰਤਰੀ ਸ੍ਰੀਮਤੀ ਅੰਨਪੂਰਨਾ ਦੇਵੀ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਹੋਈ ਅਹਿਮ ਗੱਲਬਾਤ ਦੌਰਾਨ ਸੂਬੇ ਵਿੱਚ ਮਹਿਲਾਵਾਂ ਅਤੇ ਬੱਚਿਆਂ ਲਈ ਭਲਾਈ ਪ੍ਰੋਗਰਾਮਾਂ ਨੂੰ ਹੋਰ ਮਜ਼ਬੂਤ ਕਰਨ ਲਈ ਇਸਤਰੀ ਅਤੇ ਬਾਲ ਵਿਕਾਸ ਮੰਤਰਾਲੇ ਤੋਂ ਵਿੱਤੀ ਸਹਾਇਤਾ ਅਤੇ ਸੰਚਾਲਨ ਸਬੰਧੀ ਸਹਾਇਤਾ ਵਿੱਚ ਵਾਧਾ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਡਾ. ਬਲਜੀਤ ਕੌਰ ਨੇ ਗੱਲਬਾਤ ਦੌਰਾਨ ਮੁੱਖ ਖੇਤਰਾਂ ਵਿੱਚ ਹੋਈ ਮਹੱਤਵਪੂਰਨ ਪ੍ਰਗਤੀ ਬਾਰੇ ਜਾਣਕਾਰੀ ਦਿੱਤੀ, ਇਸ ਦੇ ਨਾਲ ਹੀ ਉਨ੍ਹਾਂ ਚੁਣੌਤੀਆਂ 'ਤੇ ਵੀ ਚਾਨਣਾ ਪਾਇਆ ਜਿਨ੍ਹਾਂ 'ਤੇ ਤੁਰੰਤ ਧਿਆਨ ਦੇਣ ਅਤੇ ਸਹਾਇਤਾ ਦੀ ਜ਼ਰੂਰਤ ਹੈ। ਕੈਬਨਿਟ ਮੰਤਰੀ ਨੇ ਲੋੜੀਂਦੇ ਤੱਤਾਂ ਅਤੇ ਉੱਚ-ਕੈਲੋਰੀ ਵਾਲੇ ਭੋਜਨ ਪਦਾਰਥਾਂ ਦੀਆਂ ਵਧਦੀਆਂ ਕੀਮਤਾਂ ਨੂੰ ਪੂਰਾ ਕਰਨ ਲਈ ਸਪਲੀਮੈਂਟਰੀ ਨਿਊਟ੍ਰੀਸ਼ਨ ਪ੍ਰੋਗਰਾਮ (ਐਸ.ਐਨ.ਪੀ.) ਤਹਿਤ ਮੌਜੂਦਾ ਲਾਗਤ ਨਿਯਮਾਂ ਦੀ ਘਾਟ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਲਾਭਪਾਤਰੀਆਂ ਦੀਆਂ ਪੌਸ਼ਟਿਕ ਜ਼ਰੂਰਤਾਂ ਨੂੰ ਉਚਿਤ ਢੰਗ ਨਾਲ ਪੂਰਾ ਕਰਨਾ ਯਕੀਨੀ ਬਣਾਉਣ ਵਾਸਤੇ ਕੇਂਦਰੀ ਮੰਤਰੀ ਨੂੰ ਇਹਨਾਂ ਨਿਯਮਾਂ ਵਿੱਚ ਸੋਧ ਕਰਨ ਦੀ ਅਪੀਲ ਕੀਤੀ।

ਇਸ ਤੋਂ ਇਲਾਵਾ ਪ੍ਰਾਈਵੇਟ ਸਕੂਲਾਂ ਵਿੱਚ ਜਾਣ ਵਾਲੇ ਬੱਚਿਆਂ ਨੂੰ ਪੋਸ਼ਣ ਟਰੈਕਰ ਨਿਊਟ੍ਰੀਸ਼ੀਅਨ ਸਿਸਟਮ ਤੋਂ ਬਾਹਰ ਰੱਖਣ ਬਾਰੇ ਗੱਲ ਕਰਦਿਆਂ ਉਨ੍ਹਾਂ ਨੇ ਸਾਰੇ ਵਿਦਿਅਕ ਅਦਾਰਿਆਂ ਵਿੱਚ ਵਿਆਪਕ ਪੋਸ਼ਣ ਸਬੰਧੀ ਸਹਾਇਤਾ ਨੂੰ ਯਕੀਨੀ ਬਣਾਉਣ ਲਈ ਉਹਨਾਂ ਬੱਚਿਆਂ ਨੂੰ ਇਸ ਵਿੱਚ ਸ਼ਾਮਲ ਕਰਨ ਦੀ ਵਕਾਲਤ ਕੀਤੀ।

ਮੰਤਰੀ ਨੇ ਪੰਜਾਬ ਵਿੱਚ ਆਂਗਣਵਾੜੀ ਕੇਂਦਰਾਂ ਨੂੰ ਪ੍ਰਾਇਮਰੀ ਸਕੂਲਾਂ ਨਾਲ ਜੋੜਨ ਸਬੰਧੀ ਕੀਤੀਆਂ ਮਹੱਤਵਪੂਰਨ ਪ੍ਰਾਪਤੀਆਂ ਨੂੰ ਉਜਾਗਰ ਕੀਤਾ, ਜਿਸ ਨਾਲ ਬੁਨਿਆਦੀ ਢਾਂਚੇ ਅਤੇ ਮੁੱਢਲੇ ਬਚਪਨ ਸਬੰਧੀ ਦੇਖਭਾਲ ਅਤੇ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਹੋਇਆ ਹੈ। ਉਨ੍ਹਾਂ ਆਂਗਣਵਾੜੀ ਵਰਕਰਾਂ ਅਤੇ ਸਕੂਲ ਅਧਿਆਪਕਾਂ ਦਰਮਿਆਨ ਸੰਚਾਲਨ ਸਬੰਧੀ ਪਾੜੇ ਬਾਰੇ ਦੱਸਿਆ, ਜਿਸ ਨਾਲ ਉਲਝਣ ਪੈਦਾ ਹੋਣ ਦੇ ਨਾਲ ਨਾਲ ਸੇਵਾਵਾਂ ਦੀ ਉਚਿਤ ਵਰਤੋਂ ਵਿੱਚ ਕਮੀ ਆਉਂਦੀ ਹੈ। ਡਾ. ਬਲਜੀਤ ਕੌਰ ਨੇ ਪ੍ਰੀ-ਪ੍ਰਾਇਮਰੀ ਸਿੱਖਿਆ ਪ੍ਰਦਾਨ ਕਰਨ ਵਿੱਚ ਵਧੇਰੇ ਅਨੁਕੂਲਤਾ ਲਿਆਉਣ ਲਈ ਵਰਕਰਾਂ ਅਤੇ ਅਧਿਆਪਕਾਂ ਦੀਆਂ ਭੂਮਿਕਾਵਾਂ ਤੇ ਜ਼ਿੰਮੇਵਾਰੀਆਂ ਨੂੰ ਦਰਸਾਉਣ ਲਈ ਸਪੱਸ਼ਟ ਦਿਸ਼ਾ-ਨਿਰਦੇਸ਼ਾਂ ਦੀ ਮੰਗ ਕੀਤੀ।

ਡਾ. ਬਲਜੀਤ ਕੌਰ ਨੇ ਸਪੱਸ਼ਟ ਦਿਸ਼ਾ-ਨਿਰਦੇਸ਼ਾਂ ਅਤੇ ਠੋਸ ਸਿਖਲਾਈ ਕਾਰਜਕ੍ਰਮਾਂ ਦੀ ਘਾਟ ਨੂੰ ਉਜਾਗਰ ਕੀਤਾ ਜੋ ਪ੍ਰੋਗਰਾਮ ਨੂੰ ਇਸਦੀ ਪੂਰੀ ਸਮਰੱਥਾ ਤੱਕ ਪਹੁੰਚਣ ਤੋਂ ਰੋਕਦਾ ਹੈ। ਉਨ੍ਹਾਂ ਸਕੂਲਾਂ ਵਿੱਚ ਉੱਚਿਤ ਵਿਧੀ ਰਾਹੀਂ ਹੁਨਰ ਵਿਕਾਸ ਸਿਖਲਾਈ ਦੀ ਸ਼ੁਰੂਆਤ ਦੀ ਮੰਗ ਕੀਤੀ ਤਾਂ ਜੋ ਇਸਦੀ ਮੁਕੰਮਲ ਪ੍ਰਭਾਵਸ਼ੀਲਤਾ ਨੂੰ ਯਕੀਨੀ ਬਣਾਇਆ ਜਾ ਸਕੇ। ਗੱਲਬਾਤ ਦੌਰਾਨ ਮੰਤਰੀ ਨੇ ਫੰਡ ਜਾਰੀ ਕਰਨ ਵਿੱਚ ਹੋ ਰਹੀ ਦੇਰੀ 'ਤੇ ਚਿੰਤਾ ਜ਼ਾਹਰ ਕੀਤੀ ਜਿਸ ਨਾਲ ਐਸ.ਏ.ਐਸ.ਨਗਰ ਵਿੱਚ ਵਾਤਸਲਿਆ ਸਦਨ ਅਤੇ ਕੰਮਕਾਜੀ ਮਹਿਲਾ ਲਈ ਹੋਸਟਲ ਦੀ ਉਸਾਰੀ ਸਮੇਤ ਮਹੱਤਵਪੂਰਨ ਪ੍ਰਾਜੈਕਟਾਂ ਦੇ ਮੁਕੰਮਲ ਹੋਣ ਵਿੱਚ ਰੁਕਾਵਟ ਪੈਦਾ ਹੋ ਰਹੀ ਹੈ। ਉਨ੍ਹਾਂ ਸਪਾਂਸਰਸ਼ਿਪਾਂ ਅਤੇ ਪਾਲਣ-ਪੋਸ਼ਣ ਸਬੰਧੀ ਸੇਵਾਵਾਂ ਦੀ ਵੱਧ ਰਹੀ ਮੰਗ ਨੂੰ ਪੂਰਾ ਕਰਨ ਲਈ ਵਾਧੂ ਫੰਡ ਜਾਰੀ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਡਾ. ਬਲਜੀਤ ਕੌਰ ਨੇ ਸਾਰੇ ਵੂਮੈਨ ਐਂਡ ਚਾਈਲਡ ਡਿਵੈਲਪਮੈਂਟ (ਡਬਲਯੂ.ਸੀ.ਡੀ.) ਪ੍ਰੋਗਰਾਮਾਂ ਪ੍ਰਤੀ ਪੰਜਾਬ ਦੀ ਵਚਨਬੱਧਤਾ ਨੂੰ ਦੁਹਰਾਇਆ ਅਤੇ ਮੌਜੂਦਾ ਚੁਣੌਤੀਆਂ ਨਾਲ ਨਜਿੱਠਣ ਲਈ ਸੂਬੇ ਅਤੇ ਕੇਂਦਰ ਸਰਕਾਰ ਦਰਮਿਆਨ ਨਿਰੰਤਰ ਸਹਿਯੋਗ ਲਈ ਵਿਸ਼ਵਾਸ਼ ਪ੍ਰਗਟਾਇਆ। ਉਨ੍ਹਾਂ ਨੇ ਕੇਂਦਰੀ ਮੰਤਰੀ ਸ੍ਰੀਮਤੀ ਅੰਨਪੂਰਨਾ ਦੇਵੀ ਅਤੇ ਉਨ੍ਹਾਂ ਦੀ ਟੀਮ ਨੂੰ ਪੰਜਾਬ ਵਿੱਚ ਹੋ ਰਹੀ ਪ੍ਰਗਤੀ ਦਾ ਜਾਇਜ਼ਾ ਲੈਣ ਅਤੇ ਸਹਿਯੋਗ ਦੇ ਹੋਰ ਮੌਕਿਆਂ ਬਾਰੇ ਚਰਚਾ ਕਰਨ ਵਾਸਤੇ ਆਉਣ ਵਾਲੇ ਮਹੀਨਿਆਂ ਵਿੱਚ ਪੰਜਾਬ ਦਾ ਦੌਰਾ ਕਰਨ ਦਾ ਸੱਦਾ ਦਿੱਤਾ।

# ਕ੍ਰਿਸ਼ੀ ਵਿਗਿਆਨ ਕੇਂਦਰ ਨੇ ਪਿੰਡ ਨੱਥੂਮਾਜਰਾ ਵਿਖੇ ਤੀਆਂ ਦੇ ਰੰਗ, ਨਾਰੀ ਸ਼ਕਤੀਕਰਨ ਦੇ ਸੰਗ ਤੀਆਂ ਦਾ ਤਿਉਹਾਰ ਮਨਾਇਆ

ਪਟਿਆਲਾ, 14 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-




ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਨੇ ਤੀਆਂ ਦੇ ਰੰਗ, ਨਾਰੀ ਸ਼ਕਤੀਕਰਨ ਦੇ ਸੰਗ ਵਿਸ਼ੇ ਉਪਰ ਪਿੰਡ ਨੱਥੂਮਾਜਰਾ ਵਿਖੇ ਤੀਆਂ ਦਾ ਤਿਉਹਾਰ ਮਨਾਇਆ। ਇਸ ਮੌਕੇ ਤੀਆਂ ਦੇ ਤਿਉਹਾਰ ਨੂੰ ਦਰਸਾਉਂਦੇ ਹੋਏ ਪੰਜਾਬ ਦੇ ਅਮੀਰ ਸੱਭਿਆਚਾਰ, ਵਿਰਸੇ ਅਤੇ ਪਰੰਪਰਾਵਾਂ ਨੂੰ ਦਿਲਚਸਪ ਢੰਗ ਨਾਲ ਪੇਸ਼ ਕਰਦਿਆਂ ਵੱਖ-ਵੱਖ ਸੱਭਿਆਚਾਰਕ ਪੇਸ਼ਕਾਰੀਆਂ ਕੀਤੀਆਂ ਗਈਆਂ। ਇਸ ਮੌਕੇ ਹਰ ਉਮਰ ਦੀਆਂ ਔਰਤਾਂ ਨੇ ਲੋਕ ਨਾਚ ਗਿੱਧਾ ਪਾ ਕੇ ਇਸ ਤਿਉਹਾਰ ਨੂੰ ਮਨਾਇਆ।

ਕ੍ਰਿਸ਼ੀ ਵਿਗਿਆਨ ਕੇਂਦਰ ਦੇ ਪ੍ਰੋਫੈਸਰ ਕਮ ਇੰਚਾਰਜ (ਗ੍ਰਹਿ ਵਿਗਿਆਨ) ਨੇ ਦੱਸਿਆ ਕਿ ਇਸ ਸਾਲ ਸਬੱਬ ਨਾਲ ਕੌਮੀ ਹੈਂਡਲੂਮ ਦਿਵਸ ਵੀ ਅਸੀਂ ਤੀਆਂ ਦੇ ਤਿਉਹਾਰ ਮੌਕੇ ਇਸ ਤਰ੍ਹਾਂ ਜਣ ਵਿਖੇ ਪੰਜਾਬੀ ਰਵਾਇਤੀ ਸ਼ਿਲਪਕਾਰੀ ਫੁਲਕਾਰੀ ਦੇ ਨਾਲ ਇਕੱਠੇ ਮਨਾ ਰਹੇ ਹਾਂ। ਉਨ੍ਹਾਂ ਨੇ ਪਿੰਡ ਦੀਆਂ ਔਰਤਾਂ ਨੂੰ ਗਹਿਣੇ, ਗਿਫਟ ਹੈਂਪਰ, ਪੋਟਲੀ ਪਰਸ ਵਰਗੇ ਨਵੀਨਤਾਕਾਰੀ ਉਤਪਾਦ ਬਣਾਉਣ ਲਈ ਸ਼ਿਲਪਕਾਰੀ ਦੀ ਮਾਰਕੀਟਿੰਗ ਦਾ ਵਿਸਤਾਰ ਕਰਨ ਲਈ ਪ੍ਰੇਰਤ ਕੀਤਾ। ਉਨ੍ਹਾਂ ਕਿਹਾ ਕਿ ਤਕਨਾਲੋਜੀ ਨੂੰ ਨਾਲ ਜੋੜਕੇ ਰਵਾਇਤੀ ਕਾਰੀਗਰਾਂ ਦੇ ਹੁਨਰ ਦਾ ਵਿਕਾਸ ਹੋਵੇਗਾ ਤਾਂ ਦਸਤਕਾਰੀ ਵੀ ਹੋਰ ਵਧੇਗੀ। ਬਾਗਬਾਨੀ ਦੇ ਪ੍ਰੋਫੈਸਰ ਰਚਨਾ ਸਿੰਗਲਾ ਨੇ ਫ਼ਲਾਂ ਦੇ ਪੌਸ਼ਟਿਕ ਮੁੱਲ ਅਤੇ ਫ਼ਲਾਂ ਦੇ ਪੌਦਿਆਂ ਦੀ ਚੋਣ, ਟੋਏ ਪੁੱਟਣ, ਉਚਿਤ ਦੂਰੀ ਉਪਰ ਪੌਦੇ ਲਗਾਉਣ ਬਾਅਦ ਇਨ੍ਹਾਂ ਦੀ ਦੇਖਭਾਲ ਬਾਰੇ ਮਾਰਗਦਰਸ਼ਨ ਕੀਤਾ। ਇਸ ਦੌਰਾਨ ਜੀਵਨ ਦੇ ਸਾਰੇ ਖੇਤਰਾਂ ਵਿੱਚ ਔਰਤਾਂ ਦੀ ਸਵੈ-ਨਿਰਭਰਤਾ ਦੀ ਮਹੱਤਤਾ 'ਤੇ ਵੀ ਵਿਚਾਰ ਕੀਤਾ ਗਿਆ। ਇਸ ਮੌਕੇ ਅਮਰਜੀਤ ਕੌਰ ਅਤੇ ਅਰਸਲੀਨ ਕੌਰ ਨੇ ਰਵਾਇਤੀ ਤ੍ਰਿੰਜਨ ਦ੍ਰਿਸ਼ ਨੂੰ ਪ੍ਰਦਰਸ਼ਿਤ ਕੀਤਾ।

# ਪੀਐਸਪੀਸੀਐਲ ਨੇ ਅੱਜ ਕੀਤੀ ਗਈ ਵਿਆਪਕ ਜਾਂਚ ਮੁਹਿੰਮ ਦੌਰਾਨ ਚੋਰੀ ਦੇ 1,108 ਮਾਮਲੇ ਫੜ

ਪਟਿਆਲਾ, 14 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਊਰਜਾ ਮੰਤਰੀ ਹਰਭਜਨ ਸਿੰਘ ਈਟੀਓ ਦੇ ਨਿਰਦੇਸ਼ਾਂ ਅਧੀਨ, ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ (ਪੀਐਸਪੀਸੀਐਲ) ਦੇ ਪੰਜ ਖੇਤਰਾਂ ਵਿੱਚ ਸ਼ਨੀਵਾਰ ਨੂੰ ਬਿਜਲੀ ਚੋਰੀ, ਬਿਜਲੀ ਦੀ ਅਣਅਧਿਕਾਰਤ ਵਰਤੋਂ (ਯੂਯੂਈ) ਅਤੇ ਲੋਡ ਦੇ ਅਣਅਧਿਕਾਰਤ ਵਿਸਤਾਰ (ਯੂਈ) ਅਤੇ ਹੋਰ ਮਾਮਲਿਆਂ ਦੀ ਜਾਂਚ ਲਈ ਇੱਕ ਵਿਆਪਕ ਜਾਂਚ ਮੁਹਿੰਮ ਚਲਾਈ ਗਈ।

ਵਧੇਰੇ ਜਾਣਕਾਰੀ ਦਿੰਦੇ ਹੋਏ, ਪੀਐਸਪੀਸੀਐਲ ਦੇ ਡਾਇਰੈਕਟਰ (ਵੰਡ) ਇੰਜ. ਡੀਪੀਐਸ ਗਰੇਵਾਲ ਨੇ ਦੱਸਿਆ ਕਿ ਮੁੱਖ ਇੰਜੀਨੀਅਰ, ਐਕਸੀਅਨ ਅਤੇ ਐਸਡੀਓ ਸਮੇਤ ਸਟਾਫ ਮੈਂਬਰਾਂ ਨੇ ਸਾਰੇ ਪੰਜ ਖੇਤਰਾਂ ਵਿੱਚ ਵੱਖ-ਵੱਖ ਥਾਵਾਂ 'ਤੇ ਅਚਾਨਕ ਜਾਂਚ ਕੀਤੀ, ਜਿਸ ਦੌਰਾਨ ਕੁੱਲ 26,599 ਬਿਜਲੀ ਕਨੈਕਸ਼ਨਾਂ ਦੀ ਜਾਂਚ ਕੀਤੀ ਗਈ।

ਜਾਂਚ ਦੌਰਾਨ ਕੁੱਲ 1,149 ਚੋਰੀ ਦੇ ਮਾਮਲੇ ਸਾਹਮਣੇ ਆਏ ਅਤੇ ਡਿਫਾਲਟਰਾਂ ਤੋਂ 437.54 ਲੱਖ ਰੁਪਏ ਦੀ ਰਾਸ਼ੀ ਵਸੂਲੀ ਗਈ। ਯੂਯੂਈ ਦੇ ਕੁੱਲ 219 ਮਾਮਲੇ ਸਾਹਮਣੇ ਆਏ ਅਤੇ 33.70 ਲੱਖ ਰੁਪਏ ਦੀ ਰਾਸ਼ੀ ਵਸੂਲੀ ਗਈ। ਇਸੇ ਤਰ੍ਹਾਂ, ਯੂਈ ਅਤੇ ਹੋਰ ਮਾਮਲਿਆਂ ਦੇ ਕੁੱਲ 227 ਮਾਮਲੇ ਸਾਹਮਣੇ ਆਏ ਅਤੇ 12.07 ਲੱਖ ਰੁਪਏ ਦੀ ਰਾਸ਼ੀ ਵਸੂਲੀ ਗਈ।

ਅੱਗੇ ਵਿਸਥਾਰ ਕਰਦੇ ਹੋਏ, ਉਨ੍ਹਾਂ ਕਿਹਾ ਕਿ ਕਪੂਰਥਲਾ, ਜਲੰਧਰ, ਹੁਸ਼ਿਆਰਪੁਰ ਅਤੇ ਨਵਾਂਸ਼ਹਿਰ ਦੇ ਸਰਕਲਾਂ ਵਾਲੇ ਉੱਤਰੀ ਖੇਤਰ ਵਿੱਚ ਕੁੱਲ 3,200 ਬਿਜਲੀ ਕਨੈਕਸ਼ਨਾਂ ਦੀ ਜਾਂਚ ਕੀਤੀ ਗਈ। ਇਨ੍ਹਾਂ ਮਾਮਲਿਆਂ ਵਿੱਚੋਂ 87 ਮਾਮਲਿਆਂ ਵਿੱਚ ਚੋਰੀ ਦਾ ਪਤਾ ਲੱਗਿਆ। ਇਨ੍ਹਾਂ ਡਿਫਾਲਟਰਾਂ ਤੋਂ 35.59 ਲੱਖ ਰੁਪਏ ਦੀ ਰਾਸ਼ੀ ਵਸੂਲੀ ਗਈ। ਯੂਯੂਈ ਦੇ ਕੁੱਲ 50 ਮਾਮਲੇ ਵੀ ਸਾਹਮਣੇ ਆਏ ਅਤੇ ਡਿਫਾਲਟਰਾਂ ਤੋਂ 4.3 ਲੱਖ ਰੁਪਏ ਦੀ ਰਾਸ਼ੀ ਵਸੂਲੀ ਗਈ।

# ਵਿਧਾਇਕ ਦਿਨੇਸ਼ ਚੱਡਾ ਦੇ ਸੱਦੇ ਤੇ ਕਬੱਡੀ ਖਿਡਾਰੀ ਪਦਮ ਸ਼੍ਰੀ ਅਜੈ ਠਾਕੁਰ ਅੱਜ ਘਨੌਲੀ ਦੇ ਗਰਾਊਂਡ ਵਿੱਚ ਦੇਣਗੇ ਤੰਦਰੁਸਤੀ ਸੰਦੇਸ਼

ਰੂਪਨਗਰ, 14 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-



ਨੌਜਵਾਨ ਪੀੜੀ ਅਤੇ ਆਮ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਖੇਡਾਂ ਦੇ ਨਾਲ ਜੋੜਨ ਦੇ ਲਈ ਹਲਕਾ ਵਿਧਾਇਕ ਦਿਨੇਸ਼ ਚੱਡਾ ਵੱਲੋਂ ਆਪਣੇ ਹਲਕੇ ਵਿੱਚ ਤੀਜੀ ਵਾਰ 11 ਤਰੀਕ ਦਿਨ ਐਤਵਾਰ ਨੂੰ ਘਨੌਲੀ ਪਿੰਡ ਦੇ ਗਰਾਊਂਡ ਵਿਚ ਇੱਕ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਜਾ ਰਿਹਾ ਹੈ।

ਵਿਧਾਇਕ ਦਿਨੇਸ਼ ਚੱਡਾ ਦੇ ਸੱਦੇ ਤੇ ਪ੍ਰਮੁੱਖ ਕਬੱਡੀ ਖਿਡਾਰੀ ਪਦਮ ਸ਼੍ਰੀ, ਅਰਜਨ ਅਵਾਰਡੀ ਇੰਡੀਅਨ ਟੀਮ ਦੇ ਸਾਬਕਾ ਕਪਤਾਨ ਪ੍ਰੋ. ਕਬੱਡੀ ਦੇ ਸਟਾਰ ਪਲੇਅਰ ਡੀਐਸਪੀ ਅਜੈ ਠਾਕੁਰ ਵਿਸ਼ੇਸ਼ ਤੌਰ ਤੇ ਪਹੁੰਚਣਗੇ ਅਤੇ ਨੌਜਵਾਨਾਂ ਨੂੰ ਸੰਦੇਸ਼ ਦੇਣਗੇ। ਇਸ ਸੰਬੰਧ ਵਿੱਚ ਵਿਧਾਇਕ ਚੱਡਾ ਨੇ ਕਿਹਾ ਕਿ ਇਹ ਪ੍ਰੋਗਰਾਮ ਹਲਕੇ ਦੇ ਨੌਜਵਾਨ ਅਤੇ ਖਿਲਾੜੀਆਂ ਦੀ ਮੰਗ ਤੇ ਦੂਜੀ ਵਾਰ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਇੱਕ ਪ੍ਰੋਗਰਾਮ ਬਲਾਕ ਨੂਰਪੁਰ ਬੇਦੀ ਦੇ ਪਿੰਡ ਤਖਤਗੜ੍ਹ ਦੇ ਡੀਏਵੀ ਸਕੂਲ ਅਤੇ ਰੋਪੜ ਸਰਕਾਰੀ ਕਾਲਜ ਵਿੱਚ ਕਰਵਾਇਆ ਗਿਆ। ਵਿਧਾਇਕ ਚੱਡਾ ਨੇ ਕਿਹਾ ਕਿ ਪਦਮ ਸ਼੍ਰੀ ਅਜੈ ਠਾਕੁਰ ਨੌਜਵਾਨਾਂ ਨਾਲ ਆਪਣਾ ਤਜਰਬਾ ਸਾਂਝਾ ਕਰਨਗੇ ਅਤੇ ਉਹਨਾਂ ਨੂੰ ਨਸ਼ਿਆਂ ਤੋਂ ਦੂਰ ਅਤੇ ਵਧੀਆ ਖਾਣ ਪੀਣ ਲਈ ਪ੍ਰੇਰਿਤ ਕਰਨਗੇ। ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ ਤੇ ਬੋਲੀਵੁੱਡ ਸਿੰਗਰ ਅਲਫਾਜ਼ ਵੀ ਹਿੱਸਾ ਲੈਣਗੇ।

ਵਿਧਾਇਕ ਵੱਲੋਂ ਖਿਡਾਰੀਆਂ ਅਤੇ ਨੌਜਵਾਨਾਂ ਅਤੇ ਖੇਡ ਪ੍ਰੇਮੀਆਂ ਨੂੰ ਅਤੇ ਰੋਪੜ ਸ਼ਹਿਰ ਦੇ ਸਾਰੇ ਨਾਗਰਿਕਾਂ ਨੂੰ ਇਸ ਪ੍ਰੋਗਰਾਮ ਵਿੱਚ ਵੱਧ ਤੋਂ ਵੱਧ ਸ਼ਾਮਿਲ ਹੋਣ ਲਈ ਤੇ ਹਿੱਸਾ ਲੈਣ ਲਈ ਸੱਦਾ ਪੱਤਰ ਦਿੱਤਾ।

## ਭਾਖੜਾ ਅਤੇ ਹੋਰ ਵੱਡੀਆਂ-ਛੋਟੀਆਂ ਨਹਿਰਾਂ ਵਿੱਚ ਨਹਾਉਣ 'ਤੇ ਪਾਬੰਦੀ ਦੇ ਹੁਕਮ ਜਾਰੀ

ਪਟਿਆਲਾ, 14 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਦੀ ਹੱਦ ਅੰਦਰੋਂ ਵੱਖ ਵੱਖ ਸਥਾਨਾਂ ਤੋਂ ਲੰਘਦੀ ਭਾਖੜਾ ਨਹਿਰ ਅਤੇ ਹੋਰ ਵੱਡੀਆਂ-ਛੋਟੀਆਂ ਨਦੀਆਂ/ਨਹਿਰਾਂ ਵਿੱਚ ਕਿਸੇ ਵੀ ਸਥਾਨ 'ਤੇ ਆਮ ਜਨਤਾ ਦੇ ਨਹਾਉਣ ਅਤੇ ਤੈਰਨ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀ ਦੇ ਖਿਲਾਫ ਕਾਨੂੰਨੀ ਕਾਰਵਾਈ ਨੂੰ ਅਮਲ ਵਿੱਚ ਲਿਆਉਣ ਦੇ ਆਦੇਸ਼ ਦਿੱਤੇ ਹਨ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਗਰਮੀ ਦਾ ਮੌਸਮ ਹੋਣ ਕਾਰਨ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀ ਅਤੇ ਆਮ ਲੋਕ ਜਿਨ੍ਹਾਂ ਵਿੱਚ ਬੱਚੇ ਤੇ ਨੌਜਵਾਨ ਵੀ ਸ਼ਾਮਲ ਹੁੰਦੇ ਹਨ, ਭਾਖੜਾ ਨਹਿਰ ਅਤੇ ਜ਼ਿਲ੍ਹੇ ਦੀਆਂ ਹੋਰ ਵੱਡੀਆਂ ਤੇ ਛੋਟੀਆਂ ਨਹਿਰਾਂ ਵਿੱਚ ਨਹਾਉਣ ਲਈ ਜਾਂਦੇ ਹਨ। ਉਨ੍ਹਾਂ ਕਿਹਾ ਕਿ ਕਈ ਵਾਰ ਪਾਣੀ ਦੇ ਤੇਜ਼ ਵਹਾਅ ਕਾਰਨ ਇਨ੍ਹਾਂ ਨਦੀਆਂ/ਨਹਿਰਾਂ ਵਿੱਚ ਤੈਰਨ/ਨਹਾਉਣ ਵਾਲੇ ਵਿਅਕਤੀ ਪਾਣੀ ਵਿੱਚ ਰੁੜ੍ਹ/ਡੁੱਬ ਜਾਂਦੇ ਹਨ ਜਿਸ ਕਾਰਨ ਪਟਿਆਲਾ ਜ਼ਿਲ੍ਹੇ ਦੀ ਹੱਦ ਅੰਦਰ ਪੈਂਦੀਆਂ ਨਹਿਰਾਂ ਵਿੱਚ ਨਹਾਉਣ 'ਤੇ ਪੂਰਨ ਪਾਬੰਦੀ ਲਗਾਈ ਗਈ ਹੈ। ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਪਾਬੰਦੀ ਦੇ ਇਹ ਹੁਕਮ 5 ਅਕਤੂਬਰ 2024 ਤੱਕ ਲਾਗੂ ਰਹਿਣਗੇ।

# ਸ਼ਿਵ ਸੈਨਾ ਹਿੰਦੁਸਤਾਨ ਵੱਲੋਂ ਪਟਿਆਲਾ ਵਿਚ ਭਗਵਾ ਮੀਟਿੰਗ ਅੱਜ

ਪਟਿਆਲਾ, 14 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-



ਸ਼ਿਵ ਸੈਨਾ ਹਿੰਦੁਸਤਾਨ ਵੱਲੋਂ ਪੰਜਾਬ ਦੇ ਹਿੰਦੂ ਸਮਾਜ ਦੀਆਂ ਅਹਿਮ ਮੰਗਾਂ ਅਤੇ ਅਮਨ-ਕਾਨੂੰਨ ਨੂੰ ਲੈ ਕੇ ਪੰਜਾਬ ਭਰ ਵਿੱਚ ਕੀਤੀਆਂ ਜਾ ਰਹੀਆਂ ਭਗਵਾਂ ਮੀਟਿੰਗਾਂ ਹੁਸ਼ਿਆਰਪੁਰ ਦੇ ਟਾਂਡਾ, ਮੋਗਾ, ਲੁਧਿਆਣਾ, ਗੁਰਦਾਸਪੁਰ ਵਿੱਚ ਕੀਤੀਆਂ ਗਈਆਂ ਹਨ। ਹੁਣ ਬੰਗਲਾਦੇਸ਼ ਤੋਂ ਆਏ ਜਹਾਦੀ ਤਾਕਤਾਂ ਵੱਲੋਂ ਜਿਸ ਤਰ੍ਹਾਂ ਹਿੰਦੂ ਭਾਈਚਾਰੇ 'ਤੇ ਹਮਲੇ ਕੀਤੇ ਜਾ ਰਹੇ ਹਨ, ਉਸ ਨਾਲ ਹਾਲਾਤ ਲਗਾਤਾਰ ਵਿਗੜਦੇ ਜਾ ਰਹੇ ਹਨ ਅਤੇ ਪੰਜਾਬ ਦੇ ਹਿੰਦੂ ਭਾਈਚਾਰੇ ਦੇ ਹੱਕਾਂ ਸਬੰਧੀ ਜ਼ਿਲ੍ਹਾ ਸ਼ਿਵ ਸੈਨਾ ਹਿੰਦੁਸਤਾਨ ਪਟਿਆਲਾ ਵੱਲੋਂ ਸਾਂਝੇ ਤੌਰ 'ਤੇ ਭਗਵਾ ਮੀਟਿੰਗ ਕੀਤੀ ਜਾ ਰਹੀ ਹੈ। ਐਤਵਾਰ ਨੂੰ ਸਵੇਰੇ 10:00 ਵਜੇ ਤੇਜਬਾਗ ਕਲੋਨੀ ਦੇ ਸ਼ਿਵ ਆਸ਼ਰਮ ਵਿਖੇ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਸ਼ਿਵ ਸੈਨਾ ਹਿੰਦੁਸਤਾਨ ਪੰਜਾਬ ਦੇ ਸਮੂਹ ਪ੍ਰਮੁੱਖ ਅਧਿਕਾਰੀ ਅਤੇ ਸੀਨੀਅਰ ਆਗੂ ਸ਼ਿਰਕਤ ਕਰਨਗੇ। ਇਸ ਮੀਟਿੰਗ ਦੀ ਪ੍ਰਧਾਨਗੀ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਕਰਨਗੇ। ਪਟਿਆਲਾ ਦੀਆਂ ਪ੍ਰਮੁੱਖ ਹਿੰਦੂ ਜਥੇਬੰਦੀਆਂ ਦੇ ਆਗੂਆਂ ਨੂੰ ਵੀ ਸੱਦਾ ਦਿੱਤਾ ਗਿਆ ਹੈ।

ਇਸ ਤਰ੍ਹਾਂ ਦੀ ਜਾਣਕਾਰੀ ਸ਼੍ਰੀ ਸ਼ਮਾ ਕਾਂਤ ਪਾਂਡੇ ਸੀਨੀਅਰ ਮੀਤ ਪ੍ਰਧਾਨ ਪੰਜਾਬ ਸ਼ਿਵ ਸੈਨਾ ਹਿੰਦੁਸਤਾਨ ਨੇ ਪ੍ਰੈਸ ਨੋਟ ਰਾਹੀਂ ਦਿੱਤੀ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਪੰਜਾਬ ਭਰ ਵਿੱਚ ਚਲਾਈ ਜਾ ਰਹੀ ਮੁਹਿੰਮ ਤਹਿਤ ਇਹ ਭਗਵਾ ਮੀਟਿੰਗ ਸ਼ਾਂਤਮਈ ਢੰਗ ਨਾਲ ਪਟਿਆਲਾ ਵਿਖੇ ਕੀਤੀ ਜਾਵੇਗੀ।

# ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਸਿੱਖ ਤਾਲਮੇਲ ਕਮੇਟੀ ਦੇ ਕਾਫਲੇ ਵਿੱਚ ਸ਼ਾਮਿਲ ਹੋਣ ਦਾ ਫੈਸਲਾ



ਜਲੰਧਰ, 14 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਿੱਖ ਤਾਲਮੇਲ ਕਮੇਟੀ ਵੱਲੋਂ ਸ਼ਹਿਰ ਦੀਆਂ ਸਮੁੱਚੀਆਂ ਸਿੱਖ ਜਥੇਬੰਦੀਆਂ ਨੂੰ ਇੱਕ ਪਲੇਟਫਾਰਮ ਤੇ ਇਕੱਠਾ ਕਰਨ ਦੀ ਸ਼ੁਰੂ ਕੀਤੀ ਇਸ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਇਸੇ ਲੜੀ ਤਹਿਤ ਜਸਬੀਰ ਸਿੰਘ ਬੱਗਾ ਜੋ ਕਿ ਸ਼ਹੀਦ ਭਗਤ ਸਿੰਘ ਯੂਥ ਕਲੱਬ ਦੇ ਪ੍ਰਧਾਨ ਹਨ ਅਤੇ ਪ੍ਰਭ ਮਿਲਨੇ ਕਾ ਚਾਉ ਸੰਸਥਾ ਜਲੰਧਰ ਦੇ ਭਾਈ ਸਤਿੰਦਰ ਸਿੰਘ ਮੁੱਖ ਸੇਵਾਦਾਰ ਹਨ।ਸ:ਮਨਬੀਰ ਸਿੰਘ ਐਡਵੋਕੇਟ ਜੋ ਕਿ ਆਲ ਇੰਡੀਆ ਮਜਬੀ ਸਿੱਖ ਵੈਲਫੇਅਰ ਦੇ ਕਾਨੂੰਨੀ ਸਲਾਹਕਾਰ ਹਨ ਅਤੇ ਐਡਵੋਕੇਟ ਜੇ.ਪੀ ਸਿੰਘ ਜੋ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਐਡਵੋਕੇਟ ਹਨ ਵੱਲੋਂ ਸਿੱਖ ਤਾਲਮੇਲ ਕਮੇਟੀ ਦੇ ਆਗੂਆਂ ਤਜਿੰਦਰ ਸਿੰਘ ਪ੍ਰਦੇਸੀ,ਹਰਪਾਲ ਸਿੰਘ ਚੱਡਾ,ਹਰਪ੍ਰੀਤ ਸਿੰਘ ਨੀਟੂ ਨਾਲ ਸੰਪਰਕ ਕੀਤਾ ਅਤੇ ਸਿੱਖੀ ਕਾਰਜਾਂ ਲਈ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ ਜਿਸ ਤੇ ਉਕਤ ਆਗੂਆਂ ਨੇ ਸਮੁੱਚੇ ਮੈਂਬਰਾਂ ਨਾਲ ਸਲਾਹ ਮਸ਼ਵਰਾ ਕਰਕੇ ਇਹਨਾਂ ਵੀਰਾਂ ਨੂੰ ਸਿੱਖ ਤਾਲਮੇਲ ਕਮੇਟੀ ਵਿੱਚ ਜ਼ਿੰਮੇਵਾਰੀਆਂ ਦਿੱਤੀਆਂ।ਜਿਸ ਅਨੁਸਾਰ ਜਸਬੀਰ ਸਿੰਘ ਬੱਗਾ ਅਤੇ ਭਾਈ ਸਤਿੰਦਰ ਸਿੰਘ ਨੂੰ ਸਿੱਖ ਤਾਲਮੇਲ ਕਮੇਟੀ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਇਹ ਵੀਰ ਜੋ ਆਪਣੀਆਂ ਸੁਤੰਤਰ ਜਥੇਬੰਦੀਆਂ ਚਲਾਉਂਦੇ ਹਨ ਉਹ ਨਿਰੰਤਰ ਉਹਨਾਂ ਵਿੱਚ ਸੇਵਾਵਾਂ ਦਿੰਦੇ ਰਹਿਣਗੇ ਐਡਵੋਕੇਟ ਜੇ.ਪੀ ਸਿੰਘ ਅਤੇ ਐਡਵੋਕੇਟ ਮਨਬੀਰ ਸਿੰਘ ਸਿੱਖ ਤਾਲਮੇਲ ਕਮੇਟੀ ਦੇ ਕਾਨੂੰਨੀ ਸਲਾਹਕਾਰ ਦੇ ਤੌਰ ਤੇ ਸੇਵਾਵਾਂ ਦੇਣਗੇ। ਅਗਰ ਕਿਸੇ ਸਿੱਖ ਵੀਰ ਨੂੰ ਕਨੂੰਨੀ ਸਲਾਹਕਾਰ ਦੀ ਜਰੂਰਤ ਹੋਵੇ ਤਾਂ ਇਹ ਆਪਣੀਆਂ ਸੇਵਾਵਾਂ ਦੇਣਗੇ ਇਸ ਮੌਕੇ ਤੇ ਤਜਿੰਦਰ ਸਿੰਘ ਪ੍ਰਦੇਸੀ, ਹਰਪਾਲ ਸਿੰਘ ਚੱਡਾ,ਹਰਪ੍ਰੀਤ ਸਿੰਘ ਨੀਟੂ ਨੇ ਕਿਹਾ ਕੀ ਕੋਈ ਵੀ ਸਿੱਖ ਵੀਰ ਸਿੱਖੀ ਕਾਰਜਾਂ ਲਈ ਆਪਣੀਆਂ ਸੇਵਾਵਾਂ ਦੇਵੇਗਾ ਉਸ ਨੂੰ ਸਿੱਖ ਤਾਲਮੇਲ ਕਮੇਟੀ ਵੱਲੋਂ ਉਸ ਦਾ ਬਣਦਾ ਸਤਿਕਾਰ ਕੀਤਾ ਜਾਵੇਗਾ ਅਤੇ ਸਿੱਖੀ ਸਰੋਕਾਰਾਂ ਲਈ ਮਿਲ ਕੇ ਲੜਾਈ ਲੜੀ ਜਾਵੇਗੀ ਇਸ ਮੌਕੇ ਤੇ ਵਿੱਕੀ ਸਿੰਘ ਖਾਲਸਾ,ਗੁਰਵਿੰਦਰ ਸਿੰਘ ਸਿੱਧੂ,ਹਰਜੋਤ ਸਿੰਘ ਲੱਕੀ, ਮਨਜੀਤ ਸਿੰਘ ਠਕੁਰਾਲ,ਤਜਿੰਦਰ ਸਿੰਘ ਸੰਤ ਨਗਰ, ਕਮਲਜੀਤ ਸਿੰਘ ਹੀਰ,ਮੁਹਮਦ ਅਲੀ, ਰਾਹੁਲ ਸ਼ਰਮਾ,ਸੰਨੀ ਸਿੰਘ ਉਬਰਾਏ, ਅਮਨਦੀਪ ਸਿੰਘ ਬੱਗਾ,ਲ ਖਬੀਰ ਸਿੰਘ ਲੱਕੀ ਆਦਿ ਹਾਜ਼ਰ ਸਨ ਇਸ ਮੌਕੇ ਤੇ ਚਾਰੋਂ ਵੀਰਾਂ ਨੂੰ ਦੁਮਾਲੇ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਪਟਿਆਲਾ ਜ਼ਿਲ੍ਹੇ 'ਚ ਜੇਲ੍ਹਾਂ ਦੇ ਖੇਤਰ ਅਤੇ ਜੇਲ੍ਹਾਂ ਦੇ ਆਲੇ ਦੁਆਲੇ 500 ਮੀਟਰ ਖੇਤਰ ਨੋ ਡਰੋਨ ਜ਼ੋਨ ਐਲਾਨਿਆ

ਪਟਿਆਲਾ, 14 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪਟਿਆਲਾ ਜ਼ਿਲ੍ਹੇ ਵਿੱਚ ਜੇਲ੍ਹਾਂ ਦੇ ਖੇਤਰ ਅਤੇ ਜੇਲ੍ਹਾਂ ਦੇ ਆਲੇ ਦੁਆਲੇ 500 ਮੀਟਰ ਖੇਤਰ ਨੂੰ ਨੋ ਡਰੋਨ ਜ਼ੋਨ ਐਲਾਨਿਆ ਹੈ। ਇਹ ਹੁਕਮ 3 ਅਕਤੂਬਰ 2024 ਤੱਕ ਲਾਗੂ ਰਹਿਣਗੇ ਤੇ ਉਲੰਘਣਾ ਕਰਨ ਵਾਲੇ ਵਿਅਕਤੀ ਦੇ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਡਾਇਰੈਕਟਰ ਜਨਰਲ ਪੁਲਿਸ ਪੰਜਾਬ ਦੇ ਜਾਰੀ ਪੱਤਰ ਮੁਤਾਬਕ ਡਰੋਨ ਜਨਤਕ ਡੋਮੇਨ ਵਿੱਚ ਤੇਜ਼ੀ ਨਾਲ ਪ੍ਰਸਿੱਧ ਅਤੇ ਅਸਾਨੀ ਨਾਲ ਪਹੁੰਚਣਯੋਗ ਬਣ ਗਏ ਹਨ, ਜੋ ਸੰਭਾਵੀ ਸੁਰੱਖਿਆ ਉਲੰਘਣਾਵਾਂ ਅਤੇ ਧਮਕੀਆਂ ਬਾਰੇ ਚਿੰਤਾਵਾਂ ਪੈਦਾ ਕਰਦੀਆਂ ਹਨ। ਜੇਲ੍ਹਾਂ ਦੇ ਨੇੜੇ ਡਰੋਨਾਂ ਦੀ ਅਣਅਧਿਕਾਰਤ ਨਿਗਰਾਨੀ ਲਈ, ਨਸ਼ੀਲੇ ਪਦਾਰਥਾਂ (ਮੋਬਾਇਲ, ਨਸ਼ੀਲੇ ਪਦਾਰਥਾਂ, ਹਥਿਆਰਾਂ ਆਦਿ) ਦੀ ਤਸਕਰੀ ਲਈ, ਭੱਜਣ ਦੀਆਂ ਕੋਸ਼ਿਸ਼ਾਂ ਦੀ ਸਹੂਲਤ ਲਈ ਅਤੇ ਇੱਥੋਂ ਤੱਕ ਕਿ ਰਾਜ ਦੀ ਪ੍ਰਭੂਸੱਤਾ ਨੂੰ ਚੁਨੌਤੀ ਦੇਣ ਦੇ ਉਦੇਸ਼ ਨਾਲ ਅੱਤਵਾਦੀ ਹਮਲਿਆਂ ਲਈ ਵੀ ਸੰਭਾਵਿਤ ਦੁਰਵਰਤੋਂ ਨੂੰ ਨਕਾਰਿਆਂ ਨਹੀਂ ਜਾ ਸਕਦਾ। ਜੇਲ੍ਹਾਂ ਦੇ ਨੇੜੇ ਅਜਿਹੀਆਂ ਅਣਅਧਿਕਾਰਤ ਡਰੋਨ ਉਡਾਣਾਂ ਇੱਕ ਗੰਭੀਰ ਖ਼ਤਰਾ ਪੈਦਾ ਕਰਦੀਆਂ ਹਨ, ਜਿਸ ਨਾਲ ਜੇਲ੍ਹਾਂ ਨੂੰ ਸੁਰੱਖਿਆ ਉਲੰਘਣਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਲ੍ਹਾਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਜੇਲ੍ਹਾਂ ਦੇ ਖੇਤਰ ਅਤੇ ਜੇਲ੍ਹਾਂ ਦੇ ਆਲੇ ਦੁਆਲੇ 500 ਮੀਟਰ ਖੇਤਰ ਨੂੰ ਨੋ ਡਰੋਨ ਜ਼ੋਨ ਐਲਾਨਣ ਜ਼ਰੂਰੀ ਹੈ।

# ਏਵੀਏਸ਼ਨ ਕਲੱਬ ਦੇ ਦੋ ਕਿਲੋਮੀਟਰ ਘੇਰੇ 'ਚ ਲਾਰਟੇਨ ਕਾਈਟਸ/ਵਿਸ਼ ਕਾਈਟਸ ਉਡਾਉਣ 'ਤੇ ਪਾਬੰਦੀ

ਪਟਿਆਲਾ, 14 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸਿਵਲ ਏਵੀਏਸ਼ਨ ਕਲੱਬ ਪਟਿਆਲਾ ਦੇ ਨੇੜੇ ਦੋ ਕਿਲੋਮੀਟਰ ਘੇਰੇ ਵਿੱਚ ਲਾਰਟੇਨ ਕਾਈਟਸ/ਵਿਸ਼ ਕਾਈਟਸ ਦੀ ਵਰਤੋਂ ਕਰਨ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾਈ ਹੈ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਏਵੀਏਸ਼ਨ ਸੈਕਟਰ ਦੇ ਏਰੀਆ ਵਿੱਚ ਤਿਉਹਾਰਾਂ ਮੌਕੇ ਆਮ ਪਬਲਿਕ ਵੱਲੋਂ ਲਾਰਟੇਨ ਕਾਈਟਸ/ਵਿਸ਼ ਕਾਈਟਸ ਹਵਾ ਵਿੱਚ ਉਡਾਇਆ ਜਾਂ ਛੱਡਿਆ ਜਾਂਦਾ ਹੈ। ਅਜਿਹੀਆਂ ਗਤੀਵਿਧੀਆਂ ਨਾਲ ਜਹਾਜ਼ਾਂ ਨੂੰ ਉਡਾਉਣ ਜਾਂ ਉਤਾਰਨ ਵਿੱਚ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਕਰਕੇ ਹਵਾਈ ਅੱਡੇ ਦੇ ਆਲੇ-ਦੁਆਲੇ ਦੋ ਕਿਲੋਮੀਟਰ ਘੇਰੇ ਵਿੱਚ ਲਾਰਟੇਨ ਕਾਈਟਸ/ਵਿਸ਼ ਕਾਈਟਸ ਨੂੰ ਉਡਾਉਣ ਜਾਂ ਹਵਾ ਵਿੱਚ ਛੱਡਣ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਉਣੀ ਜ਼ਰੂਰੀ ਹੈ। ਇਹ ਹੁਕਮ 5 ਅਕਤੂਬਰ 2024 ਤੱਕ ਲਾਗੂ ਰਹਿਣਗੇ।

# ਕਿਰਾਏਦਾਰਾਂ, ਨੌਕਰਾਂ ਅਤੇ ਪੇਇੰਗ ਗੈਸਟ ਦਾ ਪੂਰਾ ਵੇਰਵਾ ਪੁਲਿਸ ਥਾਣਿਆਂ 'ਚ ਦਰਜ ਕਰਵਾਉਣ ਦੇ ਹੁਕਮ ਜਾਰੀ

ਪਟਿਆਲਾ, 14 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤਾ ਹੈ ਕਿ ਜਿਲ੍ਹਾ ਪਟਿਆਲਾ ਦੀ ਹੱਦ ਅੰਦਰ ਮਿਊਂਸਪਲ ਕਮੇਟੀਆਂ, ਨਗਰ ਪੰਚਾਇਤਾਂ ਅਤੇ ਪਿੰਡਾਂ ਦੀਆਂ ਪੰਚਾਇਤਾਂ ਦੇ ਅਧਿਕਾਰ ਖੇਤਰ ਵਿੱਚ ਰਹਿਣ ਵਾਲਾ ਜਦੋਂ ਵੀ ਕੋਈ ਵਿਅਕਤੀ ਆਪਣੇ ਘਰ ਵਿੱਚ ਕਿਰਾਏਦਾਰ/ਨੌਕਰ/ਪੇਇੰਗ ਗੈਸਟ ਰੱਖੇਗਾ ਤਾਂ ਉਹ ਉਸ ਦਾ ਪੂਰਾ ਵੇਰਵਾ ਨੇੜੇ ਦੇ ਪੁਲਿਸ ਥਾਣੇ/ਚੌਕੀ ਵਿੱਚ ਦਰਜ ਕਰਾਉਣਾ ਯਕੀਨੀ ਬਣਾਏਗਾ।

ਮਨਾਹੀ ਦੇ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਪਟਿਆਲਾ ਚੰਡੀਗੜ੍ਹ ਅਤੇ ਹਰਿਆਣਾ ਦੇ ਨਜ਼ਦੀਕ ਹੋਣ ਕਾਰਨ ਅਤੇ ਇੱਥੇ ਇੰਡਸਟਰੀ ਹੋਣ ਕਰਕੇ ਦੂਜੇ ਰਾਜਾਂ ਅਤੇ ਬਾਹਰਲੇ ਜ਼ਿਲ੍ਹਿਆਂ ਤੋਂ ਬਹੁਤ ਸਾਰੇ ਲੋਕ ਨੌਕਰੀ/ਕੰਮ ਕਾਰ ਵਗੈਰਾ ਕਰਨ ਲਈ ਆਉਂਦੇ ਹਨ। ਇਸ ਤੋਂ ਇਲਾਵਾ ਹੋਰ ਵਿਦਿਅਕ ਅਦਾਰਿਆਂ/ਸੰਸਥਾਵਾਂ ਵਿੱਚ ਪੜ੍ਹਾਈ ਲਈ ਦੂਜੇ ਰਾਜਾਂ ਤੋਂ ਵਿਦਿਆਰਥੀ/ਸਿਖਿਆਰਥੀ, ਵੱਖ-ਵੱਖ ਕਿੱਤਿਆਂ/ਕਾਰੋਬਾਰਾਂ ਨਾਲ ਸਬੰਧਤ ਵਿਅਕਤੀ ਬਤੌਰ ਪੇਇੰਗ ਗੈਸਟ ਅਤੇ ਕਾਲ ਸੈਂਟਰਾਂ ਵਿੱਚ ਸਰਵਿਸ ਕਰ ਰਹੇ ਕਰਮਚਾਰੀ ਵੀ ਕਿਰਾਏ 'ਤੇ ਰਹਿ ਰਹੇ ਹਨ। ਇਨ੍ਹਾਂ ਵਿੱਚੋਂ ਕਈ ਵਿਅਕਤੀ ਵਾਰਦਾਤਾਂ ਕਰਨ ਤੋਂ ਬਾਅਦ ਵਾਪਿਸ ਚਲੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਲੱਭਣਾ ਮੁਸ਼ਕਿਲ ਹੋ ਜਾਂਦਾ ਹੈ। ਮਕਾਨ ਮਾਲਕਾਂ ਵੱਲੋਂ ਇਨ੍ਹਾਂ ਕਿਰਾਏਦਾਰਾਂ ਦੀ ਸੂਚਨਾ ਪੁਲਿਸ ਕੋਲ ਦਰਜ ਨਹੀਂ ਕਰਵਾਈ ਜਾਂਦੀ ਜਿਸ ਕਰਕੇ ਅਮਨ ਤੇ ਕਾਨੂੰਨ ਦੀ ਸਥਿਤੀ ਦੇ ਭੰਗ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਇਹ ਹੁਕਮ 5 ਅਕਤੂਬਰ 2024 ਤੱਕ ਲਾਗੂ ਰਹਿਣਗੇ।

# ਪ੍ਰਾਪਰਟੀ ਐਡਵਾਈਜ਼ਰ ਐਸੋ: ਵਲੋਂ ਸਰਕਾਰ ਖਿਲਾਫ਼ ਨਾਭਾ ਵਿਖੇ ਰੋਸ ਪ੍ਰਦਰਸ਼ਨ ਕਰਦਿਆਂ ਵਿੱਢਿਆ ਸੰਘਰਸ਼




ਨਾਭਾ, 14 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਾਪਰਟੀ ਐਡਵਾਈਜਰ ਐਸੋਸੀਏਸਨ ਵਲੋ ਸਮੁੱਚੇ ਮੈਂਬਰਾਂ ਨੇ ਜਥੇਬੰਦਕ ਹੋ ਕੇ ਅਤੇ ਕਈ ਹੋਰ ਸੰਸਥਾਵਾਂ ਨੂੰ ਨਾ ਲੈ ਕੇ ਰਜਿਸਟ੍ਰੀਆਂ ਨਾ ਹੋਣ ਤੇ ਚਲਦਿਆਂ ਅਤੇ ਐਨ. ਓ. ਸੀ. ਦੇ ਵਿਸ਼ੇ ਨੂੰ ਲੈ ਕੇ ਅਤੇ ਨਾਲ ਹੀ ਕਲੈਕਟਰ ਰੇਟਾਂ ਵਿਚ ਕੀਤੇ ਵਾਧੇ ਦੇ ਚਲਦਿਆਂ ਪੰਜਾਬ ਸਰਕਾਰ ਖਿਲਾਫ਼ ਰੋਟਰੀ ਭਵਨ ਨਾਭਾ ਵਿਖੇ ਇਕੱਠ ਕਰਕੇ ਪ੍ਰਦਰਸ਼ਨ ਕੀਤਾ ਗਿਆ। ਉਸ ਤੋਂ ਬਾਅਦ ਪਟਿਆਲਾ ਗੇਟ ਨਾਭਾ ਵਿਖੇ ਸੂਬਾ ਪ੍ਰਧਾਨ ਗੁਰਿੰਦਰ ਸਿੰਘ ਲਾਂਬਾ ਦੀ ਅਗਵਾਈ ਚ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ ਤੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ ਉਨ੍ਹਾਂ ਕਿਹਾ ਕਿ ਸਰਕਾਰ ਦਾ ਪ੍ਰਾਪਰਟੀ ਕਾਰੋਬਾਰ ਲਾਲ ਜੁੜੇ ਵਪਾਰੀਆਂ ਨਾਲ ਮਤਰੇਈ ਮਾਂ ਵਾਲਾ ਵਤੀਰਾ ਹੈ ਅਤੇ ਉਨ੍ਹਾਂ ਵਲੋਂ ਪਹਿਲਾਂ ਵੀ ਇਸ ਸਬੰਧੀ ਐਸ. ਡੀ. ਐਮ. ਰਾਹੀਂ ਸਰਕਾਰ ਤੱਕ ਮੰਗ ਪੱਤਰ ਦੇ ਕੇ ਆਪਣੀ ਆਵਾਜ਼ ਨੂੰ ਪਹੁੰਚਾਇਆ ਜਾ ਚੁੱਕਿਆ ਹੈ ਪਰ ਸਰਕਾਰ ਵਲੋਂ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ ਇਸ ਮੌਕੇ,ਜਿਲਾ ਪ੍ਰਧਾਨ ਰਾਜ ਕੁਮਾਰ ਰਾਣਾ, ਸੰਤ ਰਾਮ ਪ੍ਰਧਾਨ ਨਾਭਾ ,ਚੈਅਰਮੈਨ ਗੁਰਤੇਜ ਸਿੰਘ ਕੋਲ, ਦਲਜੀਤ ਸੰਧੂ, ਸਵਿੰਦਰ ਰਾਵਲ, ਨਰੇਸ਼ ਕੁਮਾਰ ਗਰਗ ਸਕੱਤਰ, ਭੀਮ ਸ਼ਰਮਾ ਖਜਾਨਚੀ, ਮੀਤ ਪ੍ਰਧਾਨ ਦਵਿੰਦਰ ਸਿੰਘ, ਮੀਤ ਪ੍ਰਧਾਨ ਨਰਿੰਦਰ ਪੁਰੀ, ਸਤੰਬਰ ਪ੍ਰਕਾਸ਼ ਜੁਆਇੰਟ ਸਕੱਤਰ,ਪਰਮਜੀਤ ਸਿੰਘ ਮੰਡੋਰ, ਮੁਸ਼ਤਾਕ ਸਤੀਸ਼ ਕੁਮਾਰ ਭੋਲਾ, ਦੀਪਕ ਬੱਤਾ, ਜਸਵਿੰਦਰ ਸ਼ਰਮਾ, ਬਿੱਟੂ ਸ਼ਰਮਾ ਅਲੋਹਰਾ, ਗੋਪੀ ਕਨਸੂਹਾ, ਜਗਦੇਵ ਸਿੰਘ ਜੱਗਾ, ਪਰਮਜੀਤ ਸਿੰਘ ਨੰਬਰਦਾਰ, ਬਬਲੂ, ਗੁਲਸ਼ਨ ਕੁਮਾਰ, ਅਮਰੀਕ ਸਿੰਘ ਅਲੋਹਰਾ,ਸਤਿਗੁਰ ਖਹਿਰਾ, ਜਸਪਾਲ ਉੱਪਲਾ, ਸੋਮਨਾਥ ਸੋਮਾ, ਹਰਬੰਸ ਮੱਲੇਵਾਲ, ਰਾਜੀਵ ਬਾਸਲ, ਸੰਜੀਵ ਹੈਪੀ, ਜਗਰੂਪ ਸਿੰਘ, ਜੈਲਦਾਰ ਪਹਾੜਪੁਰ ਤੋਂ ਇਲਾਵਾ ਬੁਲਾਰੇ ਦੀਪਕ ਚਰਨਾਥਲ, ਅਬਜਿੰਦਰ ਸਿੰਘ ਜੋਗੀ, ਗੁਰਦਿਆਲ ਇੰਦਰ ਬਿੱਲੂ, ਦਰਸ਼ਨ ਬੂੱਟਰ, ਰਾਜੇਸ਼ ਢੀਂਗਰਾ, ਕੁਲਵਿੰਦਰ ਸਿੰਘ ਸੁਖੇਵਾਲ,ਵੇਦ ਚੰਦ ਮੰਡੋੜ, ਕਸ਼ਮੀਰ ਗਦਾਈਆ ਆਦਿ ਮੌਜੂਦ ਸਨ।

# ਸਰਕਾਰ ਦੇ ਦਿੱਤੇ ਗਏ ਭਰੋਸੇ ਕਰਕੇ ਈਟੀਟੀ 2364 ਅਧਿਆਪਕਾਂ ਨੇ ਧਰਨਾ ਕੀਤਾ ਕੁਝ ਸਮੇਂ ਲਈ ਮੁਅੱਤਲ



ਬਠਿੰਡਾ 14 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਈਟੀਟੀ 2364 ਬੇਰੁਜ਼ਗਾਰ ਅਧਿਆਪਕਾਂ ਦੀ ਮੀਟਿੰਗ ਪਿਛਲੇ ਦਿਨੀ ਮਾਨਯੋਗ ਸਿੱਖਿਆ ਮੰਤਰੀ ਜੀ ਨਾਲ ਹੋਈ ਜਿਸ ਵਿੱਚ ਉਹਨਾਂ ਵੱਲੋਂ ਈਟੀਟੀ 2364 ਯੂਨੀਅਨ ਆਗੂਆਂ ਨੂੰ ਪੂਰਨ ਤੌਰ ਤੇ ਅਸਵਾਸਨ ਦੁਆਇਆ ਕਿ ਆਉਣ ਵਾਲੇ ਪੰਜ ਸੱਤ ਦਿਨਾਂ ਵਿੱਚ ਭਰਤੀ ਦੀ ਜੁਆਇਨਿੰਗ ਕਰਵਾਉਣ ਦਾ ਕੰਮ ਹੋ ਜਾਵੇਗਾ ਇਸ ਕਰਕੇ ਯੂਨੀਅਨ ਆਗੂਆਂ ਨੇ ਧਰਨਾ ਪ੍ਰਦਰਸ਼ਨ ਕਰਨ ਦੀ ਜੋ 14 ਅਗਸਤ ਦੀ ਤਾਰੀਖ ਜੋ ਰੱਖੀ ਸੀ ਉਹਨੂੰ ਕੁਝ ਸਮੇਂ ਲਈ ਵਿਸ਼ਰਾਮ ਦਿੱਤਾ ਹੈ ਤੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਯੂਨੀਅਨ ਆਗੂਆਂ ਨੇ ਕਿਹਾ ਕੀ ਜੇਕਰ ਸਰਕਾਰ ਆਉਣ ਵਾਲੇ ਸਮੇਂ ਵਿੱਚ ਜੁਆਇਨਿੰਗ ਕਰਵਾਉਣ ਦੀ ਪ੍ਰਕਿਰਿਆ ਮੁਕੰਮਲ ਨਹੀਂ ਕਰਦੀ ਤਾਂ 15 ਅਗਸਤ ਨੂੰ ਆਜ਼ਾਦੀ ਦਿਹਾੜੇ ਤੇ ਪੰਜਾਬ ਸਰਕਾਰ ਦਾ ਭੰਡੀ ਪ੍ਰਚਾਰ ਹਰ ਜਿਲ੍ਹੇ ਵਿੱਚ ਕਾਲੀਆਂ ਝੰਡੀਆਂ ਨਾਲ ਕੀਤਾ ਜਾਵੇਗਾ, ਜਿਸ ਲਈ ਯੂਨੀਅਨ ਵੱਲੋਂ ਜਿਲ੍ਹਾ ਪੱਧਰੀ ਟੀਮਾਂ ਦਾ ਗੱਠਨ ਕਰ ਦਿੱਤਾ ਹੈ।

ਯੂਨੀਅਨ ਆਗੂਆਂ ਵੱਲੋਂ ਸਰਕਾਰ ਨੂੰ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਮਾਨ ਸਰਕਾਰ ਜਲਦੀ ਸਾਡੀਆਂ ਉਮੀਦਾਂ ਤੇ ਖਰੇ ਨਹੀਂ ਉੱਤਰਦੀ ਤਾਂ ਸਮੁੱਚੇ ਪੰਜਾਬ ਵਿੱਚ ਸਰਕਾਰ ਦਾ ਤਿੱਖਾ ਵਿਰੋਧ ਕੀਤਾ ਜਾਵੇਗਾ। ਪੱਤਰਕਾਰਾਂ ਨਾਲ ਗੱਲ ਬਾਤ ਕਰਨ ਸਮੇਂ ਯੂਨੀਅਨ ਆਗੂ ਮਨਪ੍ਰੀਤ ਮਾਨਸਾ, ਹਰਜੀਤ ਬੁਡਲਾਡਾ, ਗੁਰਸੰਗਤ ਬੁਡਲਾਡਾ, ਗੁਰਸੇਵ ਸੰਗਰੂਰ, ਗੁਰਜੀਵਨ ਮਾਨਸਾ, ਜਸਵਿੰਦਰ ਮਾਛੀਵਾੜਾ, ਵਰਿੰਦਰ ਸਰਹੰਦ, ਅੰਮ੍ਰਿਤਪਾਲ ਮੀਮਸਾ ਤੇ ਕਿਰਨਦੀਪ ਨਾਭਾ ਆਦਿ ਹਾਜ਼ਰ ਸਨ।

# ਟਾਟਾ ਪੰਚ 4 ਲੱਖ ਯੂਨਿਟਾਂ ਦੀ ਵਿਕਰੀ ਦਾ ਅੰਕੜਾ ਪਾਰ ਕਰਨ ਵਾਲੀ ਸਭ ਤੋਂ ਤੇਜ਼ ਐਸ.ਯੂ.ਵੀ

ਚੰਡੀਗੜ੍ਹ, 14 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-




ਭਾਰਤ ਦੀ ਪ੍ਰਮੁੱਖ ਐਸ.ਯੂ.ਵੀ ਨਿਰਮਾਤਾ ਕੰਪਨੀ ਟਾਟਾ ਮੋਟਰਜ਼ ਨੇ ਐਲਾਨ ਕੀਤਾ ਹੈ ਕਿ ਟਾਟਾ ਪੰਚ ਨੇ ਸਿਰਫ 34 ਮਹੀਨਿਆਂ ਵਿੱਚ 4 ਲੱਖ ਯੂਨਿਟਾਂ ਦੀ ਸਭ ਤੋਂ ਤੇਜ਼ੀ ਨਾਲ ਵਿਕਰੀ ਹਾਸਲ ਕੀਤੀ ਹੈ। ਟਾਟਾ ਪੰਚ ਅਕਤੂਬਰ 2021 ਵਿੱਚ ਲਾਂਚ ਕੀਤਾ ਗਿਆ ਸੀ ਅਤੇ ਭਾਰਤ ਵਿੱਚ ਸਬ-ਕੰਪੈਕਟ ਐਸ.ਯੂ.ਵੀ ਸ਼੍ਰੇਣੀ ਵਿੱਚ ਪੇਸ਼ ਕੀਤਾ ਗਿਆ ਸੀ। ਇਸਦੇ ਉੱਚੇ ਕੱਦ, ਉੱਚ ਜ਼ਮੀਨੀ ਕਲੀਅਰੈਂਸ ਅਤੇ ਸ਼ਕਤੀਸ਼ਾਲੀ ਡਰਾਈਵਿੰਗ ਸਥਿਤੀ ਦੇ ਨਾਲ, ਪੰਚ ਇੱਕ ਆਕਰਸ਼ਕ ਅਤੇ ਬੋਲਡ ਐਸ.ਯੂ.ਵੀਹੈ ਜੋ ਇੱਕ ਵਧੀਆ ਡਰਾਈਵਿੰਗ ਅਨੁਭਵ ਪ੍ਰਦਾਨ ਕਰਦੀ ਹੈ। ਇਹ ਭਾਰਤ ਦੇ ਵੱਖ-ਵੱਖ ਖੇਤਰਾਂ ਵਿੱਚ ਆਸਾਨੀ ਨਾਲ ਚੱਲਦਾ ਹੈ। ਇਸ ਦਾ ਪ੍ਰਦਰਸ਼ਨ ਕਰਦੇ ਹੋਏ, ਟਾਟਾ ਪੰਚ ਸੰਦਕਫੂ ਨੂੰ ਅਜਿਹੀ ਉਚਾਈ 'ਤੇ ਜਿੱਤਣ ਵਾਲੀ ਪਹਿਲੀ ਫਰੰਟ-ਵ੍ਹੀਲ ਡਰਾਈਵ ਐਸ.ਯੂ.ਵੀਵਿੱਚੋਂ ਇੱਕ ਵਜੋਂ ਉਭਰੀ ਜੋ ਕਿ ਕਲਪਨਾਯੋਗ ਨਹੀਂ ਸੀ। ਖੜ੍ਹੀਆਂ ਢਲਾਣਾਂ 'ਤੇ ਆਪਣਾ ਰਸਤਾ ਬਣਾਉਂਦੇ ਹੋਏ, ਇਸ ਨੇ ਦੁਨੀਆ ਨੂੰ ਐਸ.ਯੂ.ਵੀ ਦੀ ਸਮਰੱਥਾ ਦਿਖਾਈ ਅਤੇ ਆਪਣੇ ਭਾਰ ਦੇ ਵਿਰੁੱਧ ਸਾਰੀਆਂ ਮੁਸ਼ਕਲਾਂ ਨੂੰ ਟਾਲ ਦਿੱਤਾ।

ਇਸ ਪ੍ਰਾਪਤੀ ਬਾਰੇ ਟਾਟਾ ਪੈਸੇਂਜਰ ਇਲੈਕਟ੍ਰਿਕ ਮੋਬਿਲਿਟੀ ਲਿ. ਸ਼੍ਰੀ ਵਿਵੇਕ ਸ਼੍ਰੀਵਤਸ, ਚੀਫ ਕਮਰਸ਼ੀਅਲ ਅਫਸਰ, ਟਾਟਾ ਮੋਟਰਜ਼ ਨੇ ਕਿਹਾ, ਟਾਟਾ ਮੋਟਰਸ ਹਮੇਸ਼ਾ ਭਾਰਤੀ ਖਪਤਕਾਰਾਂ ਦੀ ਡੂੰਘੀ ਸਮਝ ਲਈ ਜਾਣੀ ਜਾਂਦੀ ਹੈ। ਇਹ ਪ੍ਰਾਪਤੀ ਸਾਨੂੰ ਵਿਲੱਖਣ, ਪਰ ਉੱਚ ਕਾਰਜਸ਼ੀਲ ਉਤਪਾਦ ਬਣਾਉਣ ਲਈ ਸ਼ਕਤੀ ਪ੍ਰਦਾਨ ਕਰਦੀ ਹੈ। ਪੰਚ ਦੇ ਨਾਲ, ਅਸੀਂ ਭਾਰਤੀ ਬਾਜ਼ਾਰ ਵਿੱਚ ਇੱਕ ਨਵਾਂ ਉਪ-ਖੰਡ ਪੇਸ਼ ਕੀਤਾ ਹੈ ਅਤੇ ਇੱਕ ਐਸ.ਯੂ.ਵੀਦੇ ਗੁਣਾਂ ਨੂੰ ਸਾਰਿਆਂ ਲਈ ਪਹੁੰਚਯੋਗ ਬਣਾਇਆ ਹੈ। ਇਸਦੇ ਲਈ ਅਸੀਂ ਇੱਕ ਸੰਖੇਪ ਫੁਟਪ੍ਰਿੰਟ ਵਿੱਚ ਇੱਕ ਵਿਆਪਕ ਪੈਕੇਜ ਪ੍ਰਦਾਨ ਕੀਤਾ ਹੈ।

# ਨਾਰੀ ਸੰਸਾਰ

## ਕੀ ਸਮਾਰਟ ਫੋਨ ਬਣਾਉਂਦਾ ਹੈ ਸਮਾਰਟ



ਅਜੋਕੇ ਯੁੱਗ ਵਿਚ ਫੋਨ ਤਾਂ ਸਾਡੀ ਸਭ ਦੀ ਜ਼ਿੰਦਗੀ ਦੀ ਅਹਿਮ ਜ਼ਰੂਰਤ ਬਣ ਗਿਆ ਹੈ। ਅੱਜਕਲ੍ਹ ਹਰ ਚੀਜ਼ ਦੀ ਸਹੂਲਤ ਆਨਲਾਈਨ ਜੁ ਮਿਲ ਗਈ ਹੈ। ਸਮੇਂ ਦੇ ਨਾਲ ਚਲਣਾ ਵੀ ਜ਼ਰੂਰੀ ਹੈ। ਸਕਾਰਾਤਮਕ ਢੰਗ ਨਾਲ ਤਾਂ ਫੋਨ ਬਹੁਤ ਫਾਇਦੇਮੰਦ ਹੈ ਪਰ ਜਦੋਂ ਨਕਾਰਾਤਮਕ ਤਰੀਕੇ ਨਾਲ ਇਸਤੇਮਾਲ ਕਰਦੇ ਹਾਂ ਤਾਂ ਨੁਕਸਾਨ ਵੀ ਬਹੁਤ ਕਰਦਾ ਹੈ। ਅੱਜਕਲ੍ਹ ਬਹੁਤ ਛੋਟੇ ਬੱਚੇ ਵੀ ਹੱਥ ਵਿਚ ਮੋਬਾਈਲ ਫੋਨ ਆਮ ਰੱਖਦੇ ਦੇਖੇ ਜਾਂਦੇ ਹਨ। ਹੈਰਾਨੀ ਵੀ ਹੁੰਦੀ ਹੈ ਕਿ ਜਿਹੜੇ ਬੱਚੇ ਪੂਰੀ ਤਰ੍ਹਾਂ ਬੋਲਣਾ ਵੀ ਨਹੀਂ ਸਿੱਖੇ ਹੁੰਦੇ, ਫੋਨ ਦੀਆਂ ਸਾਰੀਆਂ ਗੇਮਾਂ ਅਤੇ ਐਪਲੀਕੇਸ਼ਨਾਂ ਜਾਣਦੇ ਹਨ। ਕੀ ਛੋਟੇ ਬੱਚਿਆਂ ਦੇ ਹੱਥ ਵਿਚ ਫੋਨ ਦੇਣਾ ਸਹੀ ਹੈ? ਮਾਪਿਆਂ ਨੂੰ ਵੀ ਕਈ ਵਾਰ ਠੀਕ ਲਗਦਾ ਹੈ ਕਿ ਚਲੋ ਬੱਚਾ ਫੋਨ ਦੇ ਕੰਮ ਲੱਗਿਆ ਰਹੇਗਾ, ਸ਼ਰਾਰਤਾਂ ਘੱਟ ਕਰੇਗਾ ਅਤੇ ਅਸੀਂ ਵੀ ਘੱਟ ਪ੍ਰੇਸ਼ਾਨ ਹੋਵਾਂਗੇ। ਪਰ 'ਸਮਾਰਟ ਫੋਨ' ਦਾ ਜ਼ਿਆਦਾ ਇਸਤੇਮਾਲ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਉੱਤੇ ਪ੍ਰਭਾਵ ਪਾਉਂਦਾ ਹੈ। ਫੋਨ ਦੀ ਆਦਤ ਬੱਚੇ ਨੂੰ ਬਾਹਰਲੇ ਵਾਤਾਵਰਨ ਤੋਂ ਦੂਰ ਕਰਦੀ ਹੈ ਤੇ ਉਹ ਬਾਹਰ ਜਾ ਕੇ ਖੇਡਦਾ ਹੀ ਨਹੀਂ। ਜੋ ਕੁਝ ਉਸ ਨੇ ਬਾਹਰ ਬੱਚਿਆਂ ਨਾਲ ਖੇਡ ਕੇ ਸਿੱਖਣਾ ਹੁੰਦਾ ਹੈ, ਉਸ ਤੋਂ ਉਹ ਵਾਂਝਾ ਰਹਿ ਜਾਂਦਾ ਹੈ। ਬੱਚੇ ਦੀ ਰਚਨਾਤਮਕ, ਕਾਲਪਨਿਕ ਤੇ ਸਵਾਲ ਪੁੱਛਣ ਦੀ ਬਿਰਤੀ ਖ਼ਤਮ ਹੁੰਦੀ ਜਾਂਦੀ ਹੈ। ਇਹ ਆਦਤ ਕਈ ਵਾਰ ਬੇਚੈਨ ਅਤੇ ਅਸਹਿਣਸ਼ੀਲ ਵੀ ਬਣਾਉਂਦੀ ਹੈ। ਬੱਚੇ ਦੂਜਿਆਂ ਤੋਂ ਕੱਟੇ-ਕੱਟੇ ਰਹਿਣ ਲੱਗ ਪੈਂਦੇ ਹਨ ਤੇ ਇਕੱਲਾ ਰਹਿਣਾ ਜ਼ਿਆਦਾ ਪਸੰਦ ਕਰਨ ਲੱਗ ਜਾਂਦੇ ਹਨ। ਬੱਚਿਆਂ ਦੀ ਸੁਰੱਖਿਆ ਦੀ ਲੋੜ ਦੇ ਹਿਸਾਬ ਨਾਲ ਤਾਂ ਫੋਨ ਦੇਣਾ ਠੀਕ ਹੈ। ਪੜ੍ਹਾਈ ਲਈ ਇਸ ਦੇ ਇਸਤੇਮਾਲ ਕਰਨ ਵੇਲੇ ਵੱਡਿਆਂ ਦੀ ਹਾਜ਼ਰੀ ਜ਼ਰੂਰੀ ਹੈ ਪਰ ਜ਼ਰੂਰਤ ਤੋਂ ਜ਼ਿਆਦਾ ਖਤਰਨਾਕ ਹੈ। ਬੱਚੇ ਫੋਨ ਦੇ ਆਦੀ ਨਾ ਹੋਣ, ਇਸ ਲਈ ਉਨ੍ਹਾਂ ਨੂੰ 'ਸਮਾਰਟ ਫੋਨ' ਨਹੀਂ ਆਪਣਾ 'ਸਮਾਰਟ ਸਮਾਂ' ਦੇਣਾ ਚਾਹੀਦਾ ਹੈ। ਆਖਰ ਬੱਚੇ ਹੀ ਤਾਂ ਹਨ ਸਾਡਾ ਅਸਲੀ ਸਰਮਾਇਆ।

**ਬੱਚੇ ਦੀ ਰਚਨਾਤਮਕ, ਕਾਲਪਨਿਕ ਤੇ ਸਵਾਲ ਪੁੱਛਣ ਦੀ ਬਿਰਤੀ ਖ਼ਤਮ ਹੁੰਦੀ ਜਾਂਦੀ ਹੈ। ਇਹ ਆਦਤ ਕਈ ਵਾਰ ਬੇਚੈਨ ਅਤੇ ਅਸਹਿਣਸ਼ੀਲ ਵੀ ਬਣਾਉਂਦੀ ਹੈ।**

**ਨਰਿੰਦਰਪਾਲ ਕੌਰ**

## ਵਿਚਾਰਾਂ ਦੀ ਸ਼ਕਤੀ ਦਾ ਕਮਾਲ



• ਅਜੀਤ ਸਿੰਘ ਚੰਦਨ

**ਤੁਹਾਡੀ ਰੂਹ ਤੇ ਕਲਬੂਤ ਵਿੱਚ ਚੰਗੀ ਕਲਪਨਾ ਤਦ ਹੀ ਪ੍ਰਵੇਸ਼ ਕਰੇਗੀ ਜੇਕਰ ਤੁਹਾਡੇ ਅੰਦਰ ਰੌਸ਼ਨੀ ਹੈ। ਤੁਸੀਂ ਆਪਣੇ ਮਨ ਨੂੰ ਸਾਧਿਆ ਹੈ ਤੇ ਚੰਗੀ ਸਾਧਨਾ ਲਈ ਪ੍ਰੇਰਿਆ ਹੈ। ਸੋਹਣੀ-ਸੁਚੱਜੀ ਤੇ ਸਾਵੀਂ ਜ਼ਿੰਦਗੀ ਦੀ ਜਾਚ ਕੇਵਲ ਨਵੀਆਂ ਪੁਸਤਕਾਂ ਪੜ੍ਹਨ ਨਾਲ ਹੀ ਆ ਸਕੇਗੀ। ਇਨਸਾਨ ਕੇਵਲ ਅੰਨ ਖਾਣ ਵਾਲਾ ਪਸ਼ੂ ਨਹੀਂ ਸਗੋਂ ਰੱਬ ਨੇ ਇਨਸਾਨ ਨੂੰ ਸਾਰੇ ਜਾਨਵਰਾਂ ਨਾਲੋਂ ਸ਼੍ਰੇਸ਼ਟ ਬੁੱਧੀ ਤੇ ਦਿਮਾਗ਼ ਦਿੱਤਾ ਹੈ।**

ਜਿਹੋ ਜਿਹੇ ਵਿਚਾਰ ਹਨ, ਓਹੋ ਜਿਹੇ ਤੁਸੀਂ ਇਨਸਾਨ ਹੋ। ਵਿਚਾਰਾਂ ਵਿੱਚ ਸ਼ਕਤੀ ਹੁੰਦੀ ਹੈ ਤੇ ਚੰਗੇ ਵਿਚਾਰ ਇਨਸਾਨ ਨੂੰ ਇੱਕ ਚੰਗਾ ਇਨਸਾਨ ਬਣਾ ਦਿੰਦੇ ਹਨ। ਜੇ ਤੁਹਾਡੇ ਵਿਚਾਰ ਚੰਗੇ ਨਹੀਂ ਤਾਂ ਤੁਸੀਂ ਤਰੱਕੀ ਨਹੀਂ ਕਰ ਸਕੋਗੇ। ਸਗੋਂ ਇੱਕ ਹੀ ਘਿਸੇ-ਪਿਟੇ ਰਾਹ ਉੱਤੇ ਤੁਰਦਿਆਂ ਤੁਸੀਂ ਆਪਣੀ ਸਾਰੀ ਜ਼ਿੰਦਗੀ ਗੁਜ਼ਾਰ ਦੇਵੋਗੇ। ਇਸੇ ਲਈ ਸਿਆਣਿਆਂ ਨੇ ਕਿਹਾ ਹੈ ਕਿ ਜੇ ਤੁਸੀਂ ਤਰੱਕੀ ਕਰਨੀ ਹੈ ਤਾਂ ਆਪਣੇ ਵਿਚਾਰ ਬਦਲ ਲਵੋ। ਵਿਚਾਰ ਬਦਲਣ ਨਾਲ ਤੁਸੀਂ ਨਵੇਂ ਇਨਸਾਨ ਬਣਦੇ ਜਾਓਗੇ।

ਜਿੰਨੇ ਵੀ ਫਿਲਾਸਫਰ ਦੁਨੀਆਂ 'ਤੇ ਹੋਏ ਹਨ, ਉਨ੍ਹਾਂ ਨੇ ਆਪਣੇ ਉੱਚੇ ਵਿਚਾਰਾਂ ਨਾਲ ਦੁਨੀਆਂ 'ਤੇ ਰਾਜ ਕੀਤਾ ਹੈ। ਕਈ ਵੱਡੇ ਪੀਰ-ਪੈਗੰਬਰਾਂ ਨੇ ਆਪਣੀ ਸ਼ੁੱਧ ਤੇ ਸ਼ਕਤੀਸ਼ਾਲੀ ਵਿਚਾਰਾਂ ਨਾਲ ਦੁਨੀਆਂ ਦੇ ਲੋਕਾਂ ਨੂੰ ਬਦਲਿਆ ਹੈ। ਬਾਬੇ ਨਾਨਕ ਨੇ ਆਪਣੇ ਵਿਚਾਰਾਂ ਨਾਲ ਭੁੱਲੇ-ਭਟਕਿਆਂ ਨੂੰ ਸਿੱਧੇ ਰਾਹ ਪਾਇਆ ਹੈ। ਕੌਡੇ ਰਾਕਸ਼ ਤੇ ਵਲੀ ਕੰਧਾਰੀ ਵਰਗੇ ਹੰਕਾਰਿਆਂ ਦਾ ਸਿਰ ਨੀਵਾਂ ਕੀਤਾ ਹੈ। ਇਸੇ ਲਈ ਦੁਨੀਆਂ ਅੱਜ ਵਿਚਾਰਾਂ ਦੀ ਕਦਰ ਕਰਨ ਲੱਗੀ ਹੈ। ਪੜ੍ਹੇ-ਲਿਖੇ ਇਨਸਾਨ ਹੋਰ ਉੱਚੀ ਪੜ੍ਹਾਈ ਕਰਨ ਲਈ ਬਾਹਰਲੇ ਮੁਲਕਾਂ ਦੇ ਚੱਕਰ ਕੱਟਦੇ ਹਨ ਤੇ ਕਈ ਵਿਦਿਆਰਥੀ ਉਨ੍ਹਾਂ ਮੁਲਕਾਂ 'ਚ ਚੰਗੀ ਸਿੱਖਿਆ ਲਈ ਪੜ੍ਹਨ ਚਲੇ ਜਾਂਦੇ ਹਨ। ਉੱਥੇ ਰਹਿ ਕੇ ਕਿਸੇ ਯੂਨੀਵਰਸਿਟੀ ਵਿੱਚ ਦਾਖਲਾ ਲੈ ਕੇ ਉਹ ਪੜ੍ਹਾਈ ਕਰਕੇ ਵੱਡੇ ਅਹੁਦਿਆਂ 'ਤੇ ਲੱਗੇ ਹੋਏ ਹਨ। ਕਈ ਕੰਪਿਊਟਰ ਸਾਇੰਸ ਦੀ ਉੱਚੀ ਡਿਗਰੀ ਪ੍ਰਾਪਤ ਕਰਕੇ ਕਿਤੇ ਦੇ ਕਿਤੇ ਪਹੁੰਚ ਗਏ ਹਨ। ਉੱਚੇ ਤੇ ਚੰਗੇ ਵਿਚਾਰ ਇਨਸਾਨ ਦੀ ਮੰਦਬੁੱਧੀ ਵਿੱਚ ਚਾਨਣ ਭਰ ਦਿੰਦੇ ਹਨ ਤੇ ਇਨਸਾਨ ਬਦਲ ਜਾਂਦਾ ਹੈ, ਪਰ ਇਹ ਤਦ ਹੀ ਵਾਪਰਦਾ ਹੈ, ਜੇ ਕੋਈ ਇਨਸਾਨ ਉੱਚੇ ਵਿਚਾਰਾਂ ਦਾ ਧਾਰਨੀ ਬਣਨ ਦੀ ਇੱਛਾ ਰੱਖਦਾ ਹੋਵੇ। ਨਹੀਂ ਤਾਂ ਕੋਹਲੂ ਦੇ ਬਲਦ ਵਾਂਗ ਇਨਸਾਨ ਆਪਣੀਆਂ ਅੱਖਾਂ 'ਤੇ ਖੋਪੇ ਬੰਨ੍ਹੀ ਸਾਰੀ ਉਮਰ ਉਸੇ ਇੱਕ ਚੱਕਰ ਵਿੱਚ ਘੁੰਮਦਾ ਰਹਿੰਦਾ ਹੈ। ਉਸ ਨੂੰ ਸੋਝੀ ਨਹੀਂ ਹੁੰਦੀ ਕਿ ਦੁਨੀਆਂ ਹੋਰ ਵੀ ਸੋਹਣੀ, ਸੁਚੱਜੀ ਤੇ ਸੁੰਦਰ ਹੈ। ਸਿਰਫ਼ ਇੱਕੋ ਜਗ੍ਹਾ ਗੇੜੇ ਕੱਢੀ ਜਾਵੋ, ਹਨੇਰ ਢੋਣ ਦੇ ਸਾਮਾਨ ਹੈ। ਦੁਨੀਆਂ ਬਦਲ ਰਹੀ ਹੈ ਤੇ ਹੋਰ ਚੰਗੀ ਬਣ ਰਹੀ ਹੈ। ਤੁਹਾਨੂੰ ਵੀ ਚਾਹੀਦਾ ਹੈ ਕਿ ਤੁਸੀਂ ਨਵੀਂ ਦੁਨੀਆਂ ਨਾਲ ਆਪਣੇ ਕਦਮ ਮਿਲਾ ਕੇ ਤੁਰ ਸਕੋ।

ਗੌਤਮ ਬੁੱਧ ਨੇ ਜੰਗਲਾਂ ਵਿੱਚ ਸੂਲਾਂ ਮਿੱਧਦਿਆਂ 6 ਸਾਲ ਗੁਜ਼ਾਰ ਦਿੱਤੇ ਤੇ ਫਿਰ ਸੱਤਵੇਂ ਸਾਲ ਗਯਾ ਦੇ ਬੋਹੜ ਥੱਲੇ ਸਮਾਧੀ ਲਾ ਕੇ ਬੈਠ ਗਿਆ, ਜਿੱਥੇ ਉਸ ਨੂੰ ਗਿਆਨ ਦੀ ਪ੍ਰਾਪਤੀ ਹੋਈ, ਭਾਵ ਉਹ ਜਾਗ ਗਿਆ। ਫਿਰ ਉਸ ਨੇ ਆਪਣੇ ਨਵੇਂ ਧਰਮ ਬੁੱਧ ਮੱਤ ਦਾ ਪ੍ਰਚਾਰ ਕੀਤਾ। ਹਨੇਰੇ ਵਿੱਚ ਡੁੱਬੀ ਦੁਨੀਆਂ ਨੂੰ ਚਾਨਣ ਦਾ ਰਾਹ ਦਿਖਾਇਆ। ਇੰਜ ਹੀ ਇੱਕ ਹੋਰ ਫਿਲਾਸਫਰ ਦਲਾਈਲਾਮਾ ਸਾਰੀ ਦੁਨੀਆਂ 'ਤੇ ਘੁੰਮ-ਫਿਰ ਕੇ ਗਿਆਨ ਵੰਡਦਾ ਆ ਰਿਹਾ ਹੈ। ਇਹੀ ਵਜ੍ਹਾ ਹੈ ਕਿ ਹਜ਼ਾਰਾਂ ਵਿਦਿਆਰਥੀ ਜਿਹੜੇ ਚਾਨਣ ਤੇ ਉੱਚੇ ਵਿਚਾਰਾਂ ਦੀ ਭਾਲ ਵਿੱਚ ਹਨ, ਕਿਸੇ ਲਾਇਬਰੇਰੀ ਵਿੱਚ ਜਾਂਦੇ ਹਨ ਤੇ ਪੁਸਤਕਾਂ ਪੜ੍ਹਦੇ ਹਨ। ਪੁਸਤਕਾਂ ਵਿੱਚ ਬੜੇ ਉੱਚੇ ਵਿਚਾਰ ਤੇ ਸੁੰਦਰ ਖਿਆਲ ਹੁੰਦੇ ਹਨ ਜਿਨ੍ਹਾਂ ਨੂੰ ਪੜ੍ਹ ਕੇ ਤੁਸੀਂ ਬਦਲ ਸਕਦੇ ਹੋ। ਇੱਕ ਆਮ ਬੰਦਾ ਵੀ ਹੇਠਲੇ ਪੱਧਰ ਤੋਂ ਉੱਠ ਕੇ ਚੰਗਾ ਸਿਆਣਾ ਇਨਸਾਨ ਬਣ ਸਕਦਾ ਹੈ।

ਇਨਸਾਨ ਨੂੰ ਕੇਵਲ ਧਨ ਕਮਾਉਣ ਤੀਕ ਹੀ ਸੀਮਤ ਨਹੀਂ ਹੋਣਾ ਚਾਹੀਦਾ। ਵਧੇਰੇ ਧਨ ਨਾਲ ਤੁਸੀਂ ਚੰਗਾ ਘਰ, ਚੰਗੇ ਕੱਪੜੇ ਤੇ ਹੋਰ ਸਾਮਾਨ ਜ਼ਰੂਰ ਖ਼ਰੀਦ ਸਕਦੇ ਹੋ, ਪਰ ਖ਼ੁਸ਼ੀ, ਖ਼ੁਸ਼ਹਾਲ ਜ਼ਿੰਦਗੀ ਤੇ ਬੁੱਧੀ ਨਹੀਂ ਖ਼ਰੀਦ ਸਕਦੇ।

ਤੁਹਾਡੀ ਰੂਹ ਤੇ ਕਲਬੂਤ ਵਿੱਚ ਚੰਗੀ ਕਲਪਨਾ ਤਦ ਹੀ ਪ੍ਰਵੇਸ਼ ਕਰੇਗੀ ਜੇਕਰ ਤੁਹਾਡੇ ਅੰਦਰ ਰੌਸ਼ਨੀ ਹੈ। ਤੁਸੀਂ ਆਪਣੇ ਮਨ ਨੂੰ ਸਾਧਿਆ ਹੈ ਤੇ ਚੰਗੀ ਸਾਧਨਾ ਲਈ ਪ੍ਰੇਰਿਆ ਹੈ। ਸੋਹਣੀ-ਸੁਚੱਜੀ ਤੇ ਸਾਵੀਂ ਜ਼ਿੰਦਗੀ ਦੀ ਜਾਚ ਕੇਵਲ ਨਵੀਆਂ ਪੁਸਤਕਾਂ ਪੜ੍ਹਨ ਨਾਲ ਹੀ ਆ ਸਕੇਗੀ। ਇਨਸਾਨ ਕੇਵਲ ਅੰਨ ਖਾਣ ਵਾਲਾ ਪਸ਼ੂ ਨਹੀਂ ਸਗੋਂ ਰੱਬ ਨੇ ਇਨਸਾਨ ਨੂੰ ਸਾਰੇ ਜਾਨਵਰਾਂ ਨਾਲੋਂ ਸ਼੍ਰੇਸ਼ਟ ਬੁੱਧੀ ਤੇ ਦਿਮਾਗ਼ ਦਿੱਤਾ ਹੈ। ਇਸ ਦੀ ਵਰਤੋਂ ਇਨਸਾਨ ਨੇ ਖ਼ੁਦ ਕਰਨੀ ਹੈ। ਜਿਹੜੇ ਇਨਸਾਨ ਆਪਣਾ ਮੂੰਹ ਚਾਨਣ ਵੱਲ ਕਰਦੇ ਹਨ, ਹੋਰ ਚਾਨਣ ਪ੍ਰਾਪਤ ਦੀ ਭਾਲ ਵਿੱਚ ਵਧਦੇ ਜਾਂਦੇ ਹਨ। ਪਰ ਹਨੇਰੇ ਵੱਲ ਜਾ ਰਹੇ ਯਾਤਰੀ ਕਿਸੇ ਹਨੇਰੇ ਜੰਗਲ ਵਿੱਚ ਜਾ ਪਹੁੰਚਦੇ ਹਨ। ਇਹ ਵੀ ਨਰਕ ਤੇ ਸਵਰਗ ਵਾਲੀ ਗੱਲ ਹੈ। ਜੇ ਤੁਸੀਂ ਇਸ ਧਰਤੀ 'ਤੇ ਸਵਰਗ ਵੇਖਣਾ ਹੈ ਤੇ ਅੰਦਰਲੀ ਰੌਸ਼ਨੀ ਪ੍ਰਾਪਤ ਕਰਨੀ ਹੈ ਤਾਂ ਇਹ ਰੌਸ਼ਨੀ ਚੰਗੀਆਂ ਪੁਸਤਕਾਂ ਪੜ੍ਹ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਮਹਾਨ ਬਣਨ ਲਈ ਕਵੀ ਵਰਜਿੱਲ ਤੇ ਵਿਕਟਰ ਹਿਊਗੋ ਜਾਂ ਵਾਲਟੇਅਰ ਬਣਨਾ ਪਵੇਗਾ।

ਇਨ੍ਹਾਂ ਖੁੱਲ੍ਹੇ ਵਿਚਾਰਾਂ ਤੇ ਨਵੀਂ ਜ਼ਿੰਦਗੀ ਲਈ ਇਸ ਧਰਤੀ 'ਤੇ ਸਵਰਗ ਲਿਆਉਣ ਖ਼ਾਤਰ ਆਪਣੇ ਦੇਸ਼ ਦੀ ਹਕੂਮਤ ਤੋਂ ਦੇਸ਼ ਨਿਕਾਲਾ ਵੀ ਸਵੀਕਾਰ ਕੀਤਾ, ਪਰ ਰੌਸ਼ਨੀ ਦੀ ਭਾਲ ਵਿੱਚ ਰੁਕੇ ਨਹੀਂ, ਸਗੋਂ ਹੋਰ ਅੱਗੇ ਵਧਦੇ ਗਏ। ਇਨ੍ਹਾਂ ਮਹਾਨ ਕਵੀਆਂ ਦੀਆਂ ਰਚਨਾਵਾਂ ਪੜ੍ਹ ਕੇ ਇਨਸਾਨ ਦਾ ਅੰਦਰਲਾ ਹਨੇਰਾ ਕਿਧਰੇ ਲੋਪ ਹੋ ਜਾਂਦਾ ਹੈ। ਜੇਕਰ ਸਾਡੇ ਦੇਸ਼ ਵਿੱਚ ਭੁੱਖ, ਮਾੜਾ ਪ੍ਰਬੰਧ ਤੇ ਬਦ-ਅਮਨੀ ਹੈ ਤਾਂ ਇਹ ਕੇਵਲ ਗਿਆਨ ਦੀ ਘਾਟ ਕਾਰਨ ਹੈ। ਅਨਪੜ੍ਹ ਲੋਕ ਹਨੇਰੇ ਵਿੱਚ ਰਹਿ ਕੇ ਹੋਰ ਹਨੇਰਾ ਫਲੈਅ ਰਹੇ ਹਨ। ਰਾਹਗੀਰਾਂ ਨੂੰ ਲੁੱਟ ਰਹੇ ਹਨ ਤੇ ਔਰਤਾਂ 'ਤੇ ਜ਼ੁਲਮ ਕਰ ਰਹੇ ਹਨ।

ਅੱਜ ਲੋੜ ਹੈ ਕਿ ਸਾਡੇ ਦੇਸ਼ ਵਿੱਚ ਹੋਰ ਰੌਸ਼ਨੀ ਲਈ ਨਵੀਆਂ ਪੁਸਤਕਾਂ ਖ਼ਰੀਦ ਕੇ ਲਾਇਬ੍ਰੇਰੀਆਂ ਖੋਲ੍ਹੀਆਂ ਜਾਣ। ਜੇਲ੍ਹਾਂ ਦੀ ਥਾਂ ਗਿਆਨ ਦੇ ਬੂਹੇ ਖੋਲ੍ਹਣ ਦੀ ਲੋੜ ਹੈ। ਅੱਜ ਇਸ ਹਨੇਰੇ ਵਿੱਚ ਡੁੱਬ ਰਹੇ ਮੁਲਕ ਨੂੰ ਬਚਾਉਣ ਲਈ ਇੱਕ ਹੋਰ ਗੁਰੂ ਨਾਨਕ ਦੇਵ ਜਾਂ ਗੌਤਮ ਬੁੱਧ ਦੀ ਲੋੜ ਹੈ।

**× ਆਪਣੀ ਮਰਿਆਦਾ ਅਤੇ ਸੰਸਕਾਰਾਂ ਨੂੰ ਅਣਡਿੱਠ ਨਾ ਕਰੋ। × ਫੁਰਸਤ ਦੇ ਪਲਾਂ ਵਿਚ ਦਿਲ ਨੂੰ ਖੁਸ਼ੀ ਦੇਣ ਵਾਲੀਆਂ ਮਿੱਠੀਆਂ ਯਾਦਾਂ ਵਿਚ ਡੁੱਬ ਕੇ ਅਨੰਦਿਤ ਹੋਵੋ। × ਦੂਜਿਆਂ ਨਾਲ ਉਸੇ ਤਰ੍ਹਾਂ ਦਾ ਹੀ ਵਿਵਹਾਰ ਕਰੋ, ਜਿਹੋ ਜਿਹਾ ਤੁਸੀਂ ਉਨ੍ਹਾਂ ਤੋਂ ਆਪਣੇ ਲਈ ਚਾਹੁੰਦੇ ਹੋ। × ਕਿਸੇ ਨੂੰ ਮਿਲਦੇ ਹੋਏ ਬੁੱਲ੍ਹਾਂ 'ਤੇ ਹਮੇਸ਼ਾ ਮੁਸਕਾਨ ਰੱਖੋ। × ਤੁਹਾਡੇ ਉੱਠਣ, ਬੈਠਣ ਅਤੇ ਚੱਲਣ ਵਿਚ ਤੁਹਾਡਾ ਸਲੀਕਾ ਦਿਖਾਈ ਦੇਣਾ ਚਾਹੀਦਾ ਹੈ। × ਉਮਰ ਭਾਵੇਂ ਕੋਈ ਵੀ ਹੋਵੇ, ਆਪਣੇ-ਆਪ ਨੂੰ ਆਕਰਸ਼ਕ ਬਣਾ ਕੇ ਰੱਖੋ। × ਕਿਸੇ ਸਭਾ ਜਾਂ ਸਮੂਹ ਵਿਚ ਸਲੀਕੇ ਨਾਲ ਬੈਠੋ। ਆਪਣੀ ਸੱਭਿਅਤਾ ਨੂੰ ਕਦੇ ਨਾ ਭੁੱਲੋ।**

## ਘੱਟ ਰਿਹਾ ਹੈ ਮਹਿਮਾਨਨਿਵਾਜ਼ੀ ਦਾ ਰੁਝਾਨ



ਦਿਨੇਸ਼ ਦਮਾਥੀਆ

ਪੂਰੀ ਦੁਨੀਆਂ ਵਿੱਚ ਪੰਜਾਬੀਆਂ ਨੂੰ ਉਨ੍ਹਾਂ ਦੀ ਮਹਿਮਾਨ ਨਿਵਾਜ਼ੀ ਕਰਕੇ ਜਾਣਿਆਂ ਅਤੇ ਪਛਾਣਿਆ ਜਾਂਦਾ ਹੈ। ਪਰ ਸਮੇਂ ਦੇ ਚੱਲਦੇ ਹੁਣ ਪੰਜਾਬੀਆਂ ਦੇ ਸੁਭਾਅ ਵਿੱਚੋਂ ਮਹਿਮਾਨਨਿਵਾਜ਼ੀ ਬਹੁਤ ਘੱਟਦੀ ਜਾ ਰਹੀ ਹੈ। ਲੋਕਾਂ ਵਿੱਚ ਆਪਸੀ ਸਾਂਝ ਦਾ ਘਟਣਾ ਵੀ ਇਸ ਦਾ ਇੱਕ ਵੱਡਾ ਕਾਰਨ ਮੰਨਿਆ ਜਾ ਸਕਦਾ ਹੈ। ਹਰ ਕੋਈ ਆਪਣੇ ਕੰਮ ਕਾਰੋਬਾਰ ਵਿੱਚ ਇੰਨਾ ਰੁੱਝ ਚੁੱਕਾ ਹੈ ਕਿ ਉਸ ਕੋਲ ਘਰ ਆਏ ਮਹਿਮਾਨ ਦੀ ਸੇਵਾ ਕਰਨਾ ਤਾਂ ਦੂਰ ਉਸ ਦੇ ਕੋਲ ਦੋ ਘੜੀਆਂ ਬੈਠਣ ਤਕ ਦਾ ਵੀ ਸਮਾਂ ਨਹੀਂ ਹੁੰਦਾ। ਰਿਸ਼ਤੇਦਾਰਾਂ ਅਤੇ ਰਿਸ਼ਤਿਆਂ ਵਿੱਚ ਫਿੱਕਾਪਣ ਵਧਣ ਕਰਕੇ ਵੀ ਇਨਸਾਨ ਦੇ ਸੁਭਾਅ ਵਿੱਚ ਖਿੱਝ ਵਾਲਾ ਵਤੀਰਾ ਪੈਦਾ ਹੋ ਗਿਆ ਹੈ।

ਨੌਜਵਾਨ ਪੀੜ੍ਹੀ ਵਿੱਚ ਪਰਿਵਾਰਕ ਸ਼ਿਸ਼ਟਾਚਾਰਾਂ ਦੀ ਬਹੁਤ ਜ਼ਿਆਦਾ ਘਾਟ ਹੋ ਰਹੀ ਹੈ। ਅੱਜ ਲੋਕਾਂ ਕੋਲ ਕਿਸੇ ਨੂੰ ਮਿਲਣ ਗਿਲਣ ਦਾ ਸਮਾਂ ਹੀ ਨਹੀਂ ਰਿਹਾ। ਇਸ ਪਿੱਛੇ ਕਿਤੇ ਲੋਕਾਂ ਦਾ ਬਹੁਤ ਜ਼ਿਆਦਾ ਪੜ੍ਹ ਲਿਖ ਜਾਣਾ ਵੀ ਇੱਕ ਵੱਡਾ ਕਾਰਨ ਹੈ। ਪੰਜਾਬ ਦੇ ਬਹੁਤੇ ਪੇਂਡੂ ਲੋਕ ਪਿੰਡਾਂ ਤੋਂ ਸ਼ਹਿਰਾਂ ਵੱਲ ਨੂੰ ਜਾਣ ਲੱਗੇ ਹਨ, ਇਸ ਕਰਕੇ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਵਿੱਚ ਆਪਸੀ ਮੇਲ-ਜੋਲ ਅਤੇ ਬੋਲ-ਚਾਲ ਵੀ ਘੱਟ ਰਹੀ ਹੈ। ਜੇਕਰ ਕਿਸੇ ਕੋਲ ਕੋਈ ਸੁਆਰਥ ਹੈ ਤਾਂ ਹੀ ਉਸਦੀ ਸੇਵਾ ਅਤੇ ਮਹਿਮਾਨਨਿਵਾਜ਼ੀ ਦੀ ਭਾਵਨਾ ਨੂੰ ਪ੍ਰਗਟਾਇਆ ਜਾ ਸਕਦਾ ਹੈ ਅਤੇ ਨਹੀਂ ਤਾਂ ਉਸਨੂੰ ਪਛਾਣਨਾ ਵੀ ਔਖਾ ਹੋ ਜਾਂਦਾ ਹੈ।

ਹੁਣ ਤਾਂ ਇਹ ਹਾਲ ਹੈ ਕਿ ਜੇਕਰ ਘਰ ਵਿੱਚ ਕੋਈ ਮਹਿਮਾਨ ਆ ਜਾਵੇ ਤਾਂ ਘਰ ਦੇ ਸਾਰੇ ਜੀਆਂ ਦੇ ਚਿਹਰਿਆਂ ਉੱਤੇ ਜਿਵੇਂ ਉਦਾਸੀ ਛਾ ਜਾਂਦੀ ਹੈ। ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਵਿੱਚ ਅਜੇ ਵੀ ਕਈ ਘਰਾਂ ਅਤੇ ਲੋਕਾਂ ਵਿੱਚ ਮਹਿਮਾਨਨਿਵਾਜ਼ੀ ਦੀ ਭਾਵਨਾ ਪੂਰੀ ਤਰ੍ਹਾਂ ਜਿਊਂਦੀ ਹੈ। ਵੱਧ ਮਹਿੰਗਾਈ ਕਰਕੇ ਵੀ ਬਹੁਤੇ ਲੋਕਾਂ ਵਿੱਚ ਮਹਿਮਾਨ ਨਿਵਾਜ਼ੀ ਕਰਨ ਵਿੱਚ ਕਮੀ ਆ ਰਹੀ ਹੈ। ਪੁਰਾਣੇ ਸਮੇਂ ਦੀ ਮਹਿਮਾਨਨਿਵਾਜ਼ੀ ਤਾਂ ਹੁਣ ਕਿਧਰੇ ਵੀ ਦਿਖਾਈ ਨਹੀਂ ਦਿੰਦੀ। ਪੁਰਾਣੇ ਸਮੇਂ ਵਿੱਚ ਤਾਂ ਵਿਆਹਾਂ ਦੇ ਸਮੇਂ ਮਹਿਮਾਨ ਕਿੰਨੇ ਕਿੰਨੇ ਦਿਨ ਵਿਆਹ ਵਾਲੇ ਘਰ ਜਾ ਕੇ ਹੀ ਰਹਿੰਦੇ ਸਨ। ਛੋਟੇ ਬੱਚੇ ਕਈ ਕਈ ਮਹੀਨੇ ਦਾਦਕੇ ਅਤੇ ਨਾਨਕੇ ਜਾ ਕੇ ਰਹਿੰਦੇ ਸਨ। ਵਿਆਹਾਂ ਵਿੱਚ ਬਰਾਤਾਂ ਨੂੰ ਬਹੁਤ ਦਿਨ ਕੁੜੀ ਵਾਲਿਆਂ ਵੱਲੋਂ ਆਪਣੇ ਘਰ ਵਿੱਚ ਹੀ ਠਹਿਰਾਇਆ ਜਾਂਦਾ ਸੀ ਅਤੇ ਸਾਰੇ ਹੀ ਬਰਾਤੀਆਂ ਦੀ ਮਹਿਮਾਨਨਿਵਾਜ਼ੀ ਬੜੇ ਆਦਰ, ਮਾਣ ਅਤੇ ਸਤਿਕਾਰ ਨਾਲ ਕੀਤੀ ਜਾਂਦੀ ਸੀ, ਪਰ ਅੱਜਕੱਲ੍ਹ ਅਜਿਹਾ ਕੁਝ ਵੀ ਦਿਖਾਈ ਨਹੀਂ ਦਿੰਦਾ। ਬਜ਼ੁਰਗਾਂ ਦੇ ਸਤਿਕਾਰ ਕਰਨ ਵਿੱਚ ਵੀ ਸਾਡੇ ਨੌਜਵਾਨ ਮੁੰਡੇ-ਕੁੜੀਆਂ ਕੋਈ ਬਹੁਤਾ ਵਧੀਆ ਪ੍ਰਭਾਵ ਨਹੀਂ ਛੱਡ ਰਹੇ। ਹਰ ਕੋਈ ਬਸ ਆਪਣਾ ਹੀ ਲਾਭ ਸੋਚਦਾ ਹੈ। ਲੋਕ ਸੇਵਾ ਕਰਵਾਉਣ ਪ੍ਰਤੀ ਤਾਂ ਬਹੁਤ ਉਮੀਦਾਂ ਰੱਖਦੇ ਹਨ, ਪਰ ਆਪ ਕਿਸੇ ਦੀ ਮਹਿਮਾਨਨਿਵਾਜ਼ੀ ਕਰਨ ਲਈ ਉਨ੍ਹਾਂ ਕੋਲ ਨਾ ਤਾਂ ਸਮਾਂ ਹੁੰਦਾ ਹੈ ਅਤੇ ਨਾ ਹੀ ਪੈਸਾ। ਭਾਵ ਲੋਕਾਂ ਦੇ ਘਰ ਖਾਣ ਜਾਣਾ ਬਹੁਤ ਸੌਖਾ ਅਤੇ ਵਧੀਆ ਲੱਗਦਾ ਹੈ, ਪਰ ਆਪਣੇ ਘਰ ਆਏ ਮਹਿਮਾਨਾਂ ਦੀ ਖਾਤਿਰਦਾਰੀ ਕਰਨਾ ਵੱਡੀ ਮੁਸੀਬਤ ਜਾਪਦਾ ਹੈ।

ਪੰਜਾਬ ਵਿੱਚ ਜੇਕਰ ਮਹਿਮਾਨ ਨਿਵਾਜ਼ੀ ਕਰਨ ਦੀ ਭਾਵਨਾ ਨੂੰ ਮੁੜ ਵਾਪਸ ਲੈ ਕੇ ਆਉਣਾ ਹੈ ਤਾਂ ਲੋਕਾਂ ਨੂੰ ਆਪਣੇ ਰਿਸ਼ਤਿਆਂ ਅਤੇ ਰਿਸ਼ਤੇਦਾਰੀਆਂ ਵਿੱਚ ਆਪਸੀ ਮਿਲਵਰਤਨ ਵਧਾਉਣਾ ਪਵੇਗਾ। ਮਾਪਿਆਂ ਵੱਲੋਂ ਛੋਟੇ ਬੱਚਿਆਂ ਨੂੰ ਲੋਕਾਂ ਦੀ ਮਹਿਮਾਨਨਿਵਾਜ਼ੀ ਪ੍ਰਤੀ ਸਿੱਖਿਅਤ ਕਰਨਾ ਪਵੇਗਾ। ਉਨ੍ਹਾਂ ਨੂੰ ਇਸ ਪ੍ਰਤੀ ਵੀ ਜਾਗਰੂਕ ਕਰਨ ਦੀ ਲੋੜ ਹੈ ਕਿ ਮਹਿਮਾਨਨਿਵਾਜ਼ੀ ਦਿਲੋਂ ਹੋਣੀ ਚਾਹੀਦੀ ਹੈ। ਦੋਸਤੀ ਦੇ ਮਹੱਤਵ ਨੂੰ ਸਮਝਣ ਦੀ ਵੀ ਲੋੜ ਹੈ। ਬੱਚਿਆਂ ਨੂੰ ਵੱਡਿਆਂ ਦਾ ਸਤਿਕਾਰ ਅਤੇ ਸੇਵਾ ਕਰਨ ਪ੍ਰਤੀ ਉਤਸ਼ਾਹਿਤ ਕੀਤਾ ਜਾਣਾ ਜ਼ਰੂਰੀ ਹੈ। ਆਪਣੇ ਕੰਮ ਕਾਰੋਬਾਰ ਵਿੱਚ ਆਪਣਿਆਂ ਲਈ ਥੋੜ੍ਹਾ ਸਮਾਂ ਕੱਢਣ ਦੀ ਵੀ ਲੋੜ ਹੁੰਦੀ ਹੈ। ਨੂੰਹਾਂ ਧੀਆਂ ਨੂੰ ਇਸ ਪ੍ਰਤੀ ਸੋਚ ਸਮਝ ਰੱਖਣ ਦੀ ਵਧੇਰੇ ਲੋੜ ਹੈ ਕਿਉਂਕਿ ਘਰ ਆਏ ਮਹਿਮਾਨ ਦੀ ਮਹਿਮਾਨਨਿਵਾਜ਼ੀ ਕਰਨ ਲਈ ਉਨ੍ਹਾਂ ਦੀ ਪਹਿਲ ਹੋਣੀ ਸਭ ਤੋਂ ਜ਼ਿਆਦਾ ਜ਼ਰੂਰੀ ਹੁੰਦੀ ਹੈ। ਵਿਆਹਾਂ ਸ਼ਾਦੀਆਂ ਵਿੱਚ ਪੈਲੇਸਵਾਦ ਨੂੰ ਖ਼ਤਮ ਕਰਨ ਦੀ ਲੋੜ ਹੈ ਅਤੇ ਘਰ ਦੇ ਆਪਸੀ ਲੋਕਾਂ ਵਿੱਚ ਮੇਲ-ਜੋਲ ਨਾਲ ਹੀ ਵਿਆਹ ਅਤੇ ਹੋਰ ਕਾਰਜ ਸੰਪੂਰਨ ਹੋਣੇ ਚਾਹੀਦੇ ਹਨ। ਅੱਜ ਹਰ ਇਨਸਾਨ ਲਈ ਇਹ ਬਹੁਤ ਹੀ ਜ਼ਰੂਰੀ ਹੈ ਕਿ ਜੇਕਰ ਇਸ ਧਰਤੀ ਉੱਤੇ ਖ਼ਾਸਕਰ ਪੰਜਾਬ ਦੀ ਧਰਤੀ ਉੱਤੇ ਇਨਸਾਨੀਅਤ ਨੂੰ ਜਿਊਂਦਾ ਰੱਖਣਾ ਹੈ ਤਾਂ ਲੋਕਾਂ ਵਿੱਚ ਇੱਕ ਦੂਜੇ ਦੀ ਮਹਿਮਾਨਨਿਵਾਜ਼ੀ ਕਰਨ ਦੀ ਭਾਵਨਾ ਹੋਣੀ ਚਾਹੀਦੀ ਹੈ ਤਾਂ ਜੋ ਸਭ ਲੋਕ ਪਿਆਰ ਅਤੇ ਸਤਿਕਾਰ ਦੀ ਜ਼ਿੰਦਗੀ ਜੀ ਸਕਣ। ਪੰਜਾਬ ਦੀ ਮਹਿਮਾਨਾਂ ਵਾਜ਼ੀ ਜੋ ਦੁਨੀਆਂ ਭਰ ਵਿੱਚ ਮਸ਼ਹੂਰ ਹੈ ਉਹ ਇਸੇ ਤਰ੍ਹਾਂ ਮਸ਼ਹੂਰ ਅਤੇ ਆਦਰ ਸਤਿਕਾਰ ਨਾਲ ਭਰੀ ਹੋਣੀ ਚਾਹੀਦੀ ਹੈ।

# ਤੁਹਾਡੀ ਰਸੋਈ



## ਕਰਡ ਬੈਂਗਨ



ਬੈਂਗਨ ਦੀ ਸਬਜੀ ਤਾਂ ਹਰ ਘਰ 'ਚ ਬਣਾਈ ਜਾਂਦੀ ਹੈ। ਜੇ ਤੁਸੀਂ ਸਧਾਰਨ ਬੈਂਗਨ ਦੀ ਸਬਜੀ ਖਾ ਕੇ ਬੋਰ ਹੋ ਚੁੱਕੇ ਹੋ ਤਾਂ ਬੈਂਗਨ 'ਚ ਦਹੀਂ ਪਾ ਕੇ ਇਸ ਦੀ ਇੱਕ ਨਵੀਂ ਡਿਸ਼ ਬਣਾ ਸਕਦੇ ਹੋ। ਦਹੀਂ ਵਾਲੇ ਬੈਂਗਨ ਖਾਣ 'ਚ ਬਹੁਤ ਸੁਆਦੀ ਹੁੰਦੇ ਹਨ। ਤੁਸੀਂ ਇਸ ਨੂੰ ਆਸਾਨੀ ਨਾਲ ਘਰ 'ਚ ਬਣਾ ਸਕਦੇ ਹੋ। ਅੱਜ ਅਸੀਂ ਤੁਹਾਨੂੰ ਦਹੀਂ ਵਾਲੇ ਬੈਂਗਨ ਬਣਾਉਣੇ ਦੱਸ ਰਹੇ ਹਾਂ।

ਸਮੱਗਰੀ

500 ਗ੍ਰਾਮ ਬੈਂਗਨ
250 ਗ੍ਰਾਮ ਦਹੀਂ
ਦੋ ਵੱਡੇ ਚਮਚ ਤੇਲ
ਅੱਧਾ ਛੋਟਾ ਚਮਚ ਹੀਂਗ
ਇੱਕ ਵੱਡਾ ਚਮਚ ਪਿਸੀ ਹੋਈ ਸੌਂਫ਼
ਚਾਰ ਹਰੀਆਂ ਇਲਾਇਚੀਆਂ
ਅੱਧਾ ਵੱਡਾ ਚਮਚ ਸੌਂਠ
ਇੱਕ ਛੋਟਾ ਚਮਚ ਲਾਲ ਮਿਰਚ ਪਾਊਡਰ
ਨਮਕ ਸਵਾਦ ਮੁਤਾਬਕ

ਵਿਧੀ

ਸਭ ਤੋਂ ਪਹਿਲਾਂ ਇੱਕ ਬਰਤਨ 'ਚ ਦਹੀਂ ਪਾ ਕੇ ਚੰਗੀ ਤਰ੍ਹਾਂ ਫ਼ੈਂਟ ਲਓ। ਇਸ ਦੇ ਬਾਅਦ ਦਹੀਂ 'ਚ ਸਾਰੇ ਮਸਾਲੇ ਮਿਲਾ ਦਿਓ ਅਤੇ ਇਸ ਨੂੰ ਅੱਧੇ ਘੰਟੇ ਲਈ ਰੱਖ ਦਿਓ।

ਹੁਣ ਬੈਂਗਨ ਨੂੰ ਲੰਬਾ-ਲੰਬਾ ਕੱਟ ਲਓ।

ਗੈਸ 'ਤੇ ਇੱਕ ਕੜਾਹੀ 'ਚ ਤੇਲ ਗਰਮ ਕਰੋ ਅਤੇ ਇਸ 'ਚ ਬੈਂਗਨ ਦੇ ਟੁੱਕੜਿਆਂ ਨੂੰ ਸੁਨਹਿਰੀ ਹੋਣ ਤੱਕ ਤਲੋ।

ਕੜਾਹੀ 'ਚ ਦੋ ਚਮਚ ਤੇਲ ਰਹਿਣ ਦਿਓ ਅਤੇ ਬਾਕੀ ਤੇਲ ਕੱਢ ਲਓ। ਇਸ ਤੇਲ 'ਚ ਮਸਾਲੇ ਵਾਲਾ ਦਹੀਂ ਪਾਓ ਅਤੇ ਇਸ ਨੂੰ ਇੱਕ ਉਬਾਲਾ ਆਉਣ ਤੱਕ ਪਕਾਓ। ਜਦੋਂ ਦਹੀਂ 'ਚ ਉਬਾਲ ਆ ਜਾਵੇ ਤਾਂ ਇਸ 'ਚ ਤਲੇ ਹੋਏ ਬੈਂਗਨ ਪਾ ਦਿਓ। ਇਨ੍ਹਾਂ ਬੈਂਗਨਾਂ ਨੂੰ ਹੌਲੀ ਗੈਸ 'ਤੇ ਪੰਜ ਮਿੰਟ ਤੱਕ ਪੱਕਣ ਦਿਓ।

ਦਹੀਂ ਵਾਲੇ ਬੈਂਗਨ ਤਿਆਰ ਹਨ। ਇਨ੍ਹਾਂ ਦਹੀਂ ਵਾਲੇ ਬੈਂਗਨਾਂ ਨੂੰ ਚੌਲਾਂ ਨਾਲ ਜਾਂ ਰੋਟੀ ਨਾਲ ਸਰਵ ਕਰੋ।

## ਮੂੰਗ ਦਾਲ ਦੀ ਖੀਰ



ਚੌਲਾਂ ਦੀ ਖੀਰ ਤਾਂ ਤੁਸੀਂ ਸਾਰਿਆਂ ਨੇ ਖਾਧੀ ਹੀ ਹੋਵੇਗੀ ਪਰ ਅੱਜ ਅਸੀਂ ਤੁਹਾਨੂੰ ਮੂੰਗ ਦਾਲ ਦੀ ਖੀਰ ਬਣਾਉਣੀ ਦੱਸ ਰਹੇ ਹਾਂ। ਇਸ ਦਾਲ 'ਚ ਪ੍ਰੋਟੀਨ ਅਤੇ ਖਣਿਜ ਭਰਪੂਰ ਮਾਤਰਾ 'ਚ ਹੁੰਦੇ ਹਨ। ਜਦੋਂ ਤੁਸੀਂ ਇਸ ਦਾਲ ਨੂੰ ਦੁੱਧ ਨਾਲ ਮਿਲਾ ਕੇ ਖੀਰ ਬਣਾਉਂਦੇ ਹੋ ਤਾਂ ਇਸ ਦੀ ਪੌਸ਼ਟਿਕਤਾ ਦੁਗਣੀ ਹੋ ਜਾਂਦੀ ਹੈ। ਇਸ ਖੀਰ ਨੂੰ ਆਸਾਨੀ ਨਾਲ ਘਰ 'ਚ ਹੀ ਬਣਾਇਆ ਜਾ ਸਕਦਾ ਹੈ।

ਸਮੱਗਰੀ

- ਅੱਧਾ ਕੱਪ ਚੌਲ
- ਇੱਕ ਚੌਥਾਈ ਕੱਪ ਮੂੰਗ ਦਾਲ
- ਦੋ ਕੱਪ ਦੁੱਧ
- ਅੱਧਾ ਕੱਪ ਗੁੜ
- ਅੱਧਾ ਚਮਚ ਇਲਾਇਚੀ ਪਾਊਡਰ
- ਦੋ ਚਮਚ ਘਿਓ
- ਤਿੰਨ ਕੱਪ ਪਾਣੀ
- ਕੇਸਰ (ਗਰਮ ਦੁੱਧ 'ਚ ਭਿੱਜਿਆ ਹੋਇਆ)
- ਇੱਕ ਚਮਚ ਕਾਜੂ
- ਇੱਕ ਚਮਚ ਬਦਾਮ
- ਇੱਕ ਚਮਚ ਕਿਸ਼ਮਿਸ਼

ਵਿਧੀ

1. ਗੈਸ 'ਤੇ ਇੱਕ ਕੜਾਹੀ ਰੱਖੋ ਅਤੇ ਉਸ 'ਚ ਘਿਓ ਪਾ ਕੇ ਗਰਮ ਕਰੋ।
2. ਹੁਣ ਇਸ 'ਚ ਕਾਜੂ ਅਤੇ ਬਦਾਮ ਪਾ ਕੇ ਹਲਕਾ ਭੁੰਨ ਲਓ। ਫ਼ਿਰ ਗੈਸ ਬੰਦ ਕਰ ਕੇ ਇਸ 'ਚ ਕਿਸ਼ਮਿਸ਼ ਪਾ ਕੇ ਚੰਗੀ ਤਰ੍ਹਾਂ ਮਿਲਾ ਲਓ।
3. ਹੁਣ ਦੋਬਾਰਾ ਗੈਸ 'ਤੇ ਇਸੇ ਕੜਾਹੀ 'ਚ ਮੂੰਗ ਦਾਲ ਅਤੇ ਚੌਲ ਪਾਓ ਅਤੇ ਦੋਹਾਂ ਨੂੰ ਸੁਨਹਿਰੀ ਹੋਣ ਤੱਕ ਭੁੰਨੋ। ਜੇ ਤੁਸੀਂ ਭੁੰਨਣਾ ਨਹੀਂ ਚਾਹੁੰਦੇ ਤਾਂ ਦਾਲ ਅਤੇ ਚੌਲਾਂ ਨੂੰ ਪਾਣੀ 'ਚ ਪਾ ਕੇ ਕੁੱਕਰ 'ਚ ਹੌਲੀ ਗੈਸ 'ਤੇ ਦੋ-ਤਿੰਨ ਸੀਟੀਆਂ ਮਰਵਾ ਲਓ। ਜਦੋਂ ਇਹ ਪੱਕ ਜਾਵੇ ਤਾਂ ਇਸ ਨੂੰ ਕੱਢ ਕੇ ਵੱਖਰਾ ਰੱਖ ਦਿਓ।
4. ਹੁਣ ਗੈਸ 'ਤੇ ਦੂਜੀ ਕੜਾਹੀ 'ਚ ਘਿਓ ਪਾ ਕੇ ਉਸ 'ਚ ਪੱਕੇ ਹੋਏ ਚੌਲ ਅਤੇ ਮੂੰਗ ਦਾਲ ਪਾਓ। ਇਸ 'ਚ ਗੁੜ ਪਾ ਕੇ ਉਸ ਨੂੰ ਚੰਗੀ ਤਰ੍ਹਾਂ ਘੁੱਲਣ ਦਿਓ।
5. ਜਦੋਂ ਗੁੜ ਘੁੱਲ ਜਾਵੇ ਅਤੇ ਮਿਸ਼ਰਣਾ ਗਾੜਾ ਹੋ ਜਾਵੇ ਤਾਂ ਇਸ 'ਚ ਇਲਾਇਚੀ ਪਾਊਡਰ ਅਤੇ ਕੇਸਰ ਪਾ ਦਿਓ। ਦੋ-ਤਿੰਨ ਮਿੰਟ ਪਕਾਉਣ ਮਗਰੋਂ ਗੈਸ ਬੰਦ ਕਰ ਦਿਓ।
6. ਹੁਣ ਇਸ ਮਿਸ਼ਰਣ 'ਚ ਭੁੰਨੇ ਹੋਏ ਕਾਜੂ, ਕਿਸ਼ਮਿਸ਼ ਅਤੇ ਬਦਾਮ ਮਿਲਾਓ।
7. ਹੁਣ ਇਸ 'ਚ ਉਬਲਿਆ ਅਤੇ ਠੰਡਾ ਕੀਤਾ ਦੁੱਧ ਮਿਲਾਓ।
8. ਮੂੰਗ ਦਾਲ ਦੀ ਖੀਰ ਤਿਆਰ ਹੈ। ਇਸ ਖੀਰ ਨੂੰ ਫ਼ਰਿੱਜ 'ਚ ਠੰਡਾ ਕਰ ਕੇ ਸਰਵ ਕਰੋ।

## ਬੱਚਤ ਕਰਨ ਦੇ ਉਪਾਅ



ਬੱਚਤ ਕਰਦੇ ਸਮੇਂ ਆਪਣਾ ਇਕ ਉਦੇਸ਼ ਬਣਾ ਲਓ ਕਿ ਤੁਸੀਂ ਬੱਚਤ ਕੀਤੇ ਧਨ ਦੀ ਵਰਤੋਂ ਕਿਸ ਤਰ੍ਹਾਂ ਕਰੋਗੇ। ਪਤੀ-ਪਤਨੀ ਨੂੰ ਮਿਲ ਕੇ ਘਰ ਦਾ ਬਜਟ ਤਿਆਰ ਕਰਨਾ ਚਾਹੀਦਾ ਹੈ ਅਤੇ ਆਮਦਨ ਦਾ ਕੁਝ ਨਿਸਚਿਤ ਹਿੱਸਾ ਭਵਿੱਖ ਲਈ ਵੱਖਰਾ ਰੱਖਣਾ ਚਾਹੀਦਾ ਹੈ। ਜੇ ਤੁਹਾਡੇ ਖਰਚੇ ਜ਼ਿਆਦਾ ਹਨ ਅਤੇ ਆਮਦਨ ਘੱਟ ਹੈ ਤਾਂ ਅਜਿਹੇ ਵਿਚ ਕੁਝ ਖਰਚਿਆਂ 'ਤੇ ਲਗਾਮ ਲਗਾਓ ਅਤੇ ਆਮਦਨ ਵਧਾਉਣ ਲਈ ਕੁਝ ਵਾਧੂ ਕੰਮ ਕਰੋ।

ਆਮਦਨ ਕਿਵੇਂ ਵਧਾਈ ਜਾਵੇ

ਪੜ੍ਹੇ-ਲਿਖੇ ਮਾਤਾ-ਪਿਤਾ ਬੱਚਿਆਂ ਨੂੰ ਸਮਾਂ ਕੱਢ ਕੇ ਖੁਦ ਪੜ੍ਹਾਉਣ। ਲੋੜ ਪੈਣ 'ਤੇ ਹੀ ਕੱਪੜਿਆਂ, ਜੁੱਤੀਆਂ, ਮੇਕਅਪ ਦੇ ਸਮਾਨ 'ਤੇ ਖਰਚ ਕਰੋ। ਘਰ ਦੇ ਖਰਚਿਆਂ ਵਿਚ ਸੰਜਮ ਵਰਤੋ। ਜੋ ਕੰਮ ਮਿਲਜੁਲ ਕੇ ਕੀਤਾ ਜਾ ਸਕਦਾ ਹੈ, ਉਸ ਨੂੰ ਪੈਸਾ ਖਰਚ ਕਰਕੇ ਨਾ ਕਰਵਾਓ।

ਆਪਣੀ ਆਮਦਨ ਨੂੰ ਵਧਾਉਣ ਲਈ ਆਪਣੀ ਯੋਗਤਾ ਅਨੁਸਾਰ ਪਾਰਟ ਟਾਈਮ ਕੰਮ ਲੱਭੋ। ਦੂਜੇ ਬੱਚਿਆਂ ਨੂੰ ਟਿਊਸ਼ਨ ਪੜ੍ਹਾ ਕੇ ਆਮਦਨ ਵਧਾਈ ਜਾ ਸਕਦੀ ਹੈ। ਜਿਨ੍ਹਾਂ ਕੱਪੜਿਆਂ ਨੂੰ ਘਰ ਵਿਚ ਸਿਉਂਤਾ ਜਾ ਸਕਦਾ ਹੈ, ਉਨ੍ਹਾਂ ਨੂੰ ਦਰਜੀ ਤੋਂ ਨਾ ਸਿਲਵਾ ਕੇ ਖੁਦ ਸਿਲਾਈ ਕਰੋ। ਸੇਲ ਆਦਿ ਮੌਕੇ ਲੋੜ ਤੋਂ ਜ਼ਿਆਦਾ ਸਮਾਨ ਨਾ ਖਰੀਦੋ। ਬਿਨਾਂ ਲੋੜ ਦੇ ਬਿਜਲੀ ਦੀਆਂ ਵਸਤੂਆਂ ਨੂੰ ਖੁੱਲ੍ਹਾ ਨਾ ਰੱਖੋ। ਥੋੜ੍ਹੀ-ਥੋੜ੍ਹੀ ਬੱਚਤ ਕਰਨ ਨਾਲ ਪੈਸਾ ਤੁਸੀਂ ਜੋੜ ਸਕਦੇ ਹੋ।

ਧਿਆਨ ਰੱਖੋ

× ਸਮੇਂ-ਸਮੇਂ 'ਤੇ ਆਪਣੇ ਖਰਚਿਆਂ ਅਤੇ ਆਮਦਨ ਦਾ ਮੁੱਲਾਂਕਣ ਕਰਦੇ ਰਹੋ। × ਆਪਣੀ ਆਮਦਨ, ਖਰਚ ਅਤੇ ਬੱਚਤ ਦੇ ਬਾਰੇ ਵਿਚ ਲਾਪ੍ਰਵਾਹੀ ਨਾ ਵਰਤੋ।

× ਆਪਣੇ ਪੈਸੇ ਸਬੰਧੀ ਫੈਸਲਾ ਖੁਦ ਲਓ। ਦੂਜਿਆਂ 'ਤੇ ਅੰਨ੍ਹਾ ਵਿਸ਼ਵਾਸ ਨਾ ਕਰੋ, ਕਿਉਂਕਿ ਦੂਜਾ ਤੁਹਾਡੇ ਪੈਸੇ ਲਈ ਓਨਾ ਗੰਭੀਰ ਨਹੀਂ ਹੋਵੇਗਾ, ਜਿੰਨਾ ਤੁਸੀਂ ਖੁਦ।

× ਦਿਖਾਵੇ ਦੇ ਚੱਕਰ ਵਿਚ ਉਧਾਰ ਲੈ ਕੇ ਸੁਖ ਸਹੂਲਤਾਂ ਦੀਆਂ ਚੀਜ਼ਾਂ ਨੂੰ ਨਾ ਖਰੀਦੋ। ਜਿੰਨੀ ਜੇਬ ਹੋਵੇ, ਓਨਾ ਹੀ ਇਕ-ਇਕ ਕਰਕੇ ਸਮਾਨ ਖਰੀਦੋ।

× ਬੱਚਤ ਕਰਦੇ ਸਮੇਂ ਇਹ ਧਿਆਨ ਰੱਖੋ ਕਿ ਆਪਣੇ ਜ਼ਰੂਰੀ ਖਰਚੇ, ਜਿਵੇਂ ਭੋਜਨ, ਇਲਾਜ, ਬੱਚਿਆਂ ਦੀ ਪੜ੍ਹਾਈ ਵਿਚ ਕਟੌਤੀ ਨਾ ਕਰੋ।

× ਕ੍ਰੈਡਿਟ ਕਾਰਡ ਦੀ ਵਰਤੋਂ ਜ਼ਰੂਰੀ ਖਰਚਿਆਂ ਲਈ ਰੱਖੋ ਨਾ ਕਿ ਭੌਤਿਕ ਸੁਖ ਲਈ।

**-ਨੀਤੂ ਗੁਪਤਾ**

# 15 ਅਗਸਤ 1947 ਤੇ ਸਿੱਖ ਕੌਮ



ਚੌਦਾਂ ਅਗਸਤ 1947 ਵਾਲੇ ਦਿਨ ਸੂਰਜ ਦਾ ਰਥ ਸਦੀਆਂ ਤੋਂ ਚਲੇ ਆਉਂਦੇ ਪਰੋਗਰਾਮ ਅਨੁਸਾਰ ਜਦ ਸਰਕਦਾ ਸਰਕਦਾ ਪੱਛਮ ਵਿਚ ਅਲੋਪ ਹੋ ਗਿਆ ਤਾਂ ਭਾਰਤ ਦੀ ਬਹੁਗਿਣਤੀ ਵੀ ਹਰ ਰੋਜ਼ ਵਾਂਗ ਆਪਣੀ ਪਿਆਰੀ ਲੇਲਾ (ਰਾਤ ਰਾਣੀ) ਦੀ ਗੋਦ ਵਿਚ ਜਾ ਬਿਰਾਜਮਾਨ ਹੋਈ । ਸਦੀਆਂ ਤੋਂ ਗੁਲਾਮੀ ਦਾ ਜੂਲਾ ਚੁੱਕੀ ਫਿਰਦੀ ਬਹੁਗਿਣਤੀ ਦੇ ਕੰਨ੍ਹਾ (ਬਲਦ ਦੀ ਗਰਦਨ ਤੇ ਲੱਗਾ ਲਾਗਾ) ਪੈਣ ਕਾਰਨ ਉਸ ਨੂੰ ਗੁਲਾਮੀ ਆਜ਼ਾਦੀ ਦੀ ਕੋਈ ਸਾਰ ਹੀ ਨਹੀਂ ਸੀ। ਉਹ ਤਾਂ ਬਸ ਜੀ ਰਹੀ ਸੀ। ਰਾਜਾ, ਜ਼ਿਮੀਦਾਰ, ਉਚ ਜ਼ਾਤੀ ਦੇ ਠਾਕਰ ਲੋਗ ਹੀ ਉਸ ਲਈ ਅੰਨਦਾਤਾ ਸਨ ਅਤੇ ਉਸ ਲਈ ਭਗਵਾਨ ਸਨ। ਵਰਣ ਵੰਡ ਦਾ ਸ਼ਿਕੰਜਾ ਉਸ ਨੂੰ ਨਿੱਸਲ ਕਰੀ ਜਾ ਰਿਹਾ ਸੀ। ਚੌਦਾਂ ਅਗਸਤ 1947, ਬਾਰਾਂ ਵਜੇ ਰਾਤ ਨੂੰ ਹੋਣ ਵਾਲੀ ਤਬਦੀਲੀ ਨਾਲ ਉਸਨੂੰ ਕੋਈ ਵਾਸਤਾ ਨਹੀਂ ਸੀ ।

ਚੌਦਾ ਅਗ਼ਸਤ ਦੀ ਰਾਤ ਨੂੰ 12 ਵਜੇ ਜਦ ਘੜੀ ਦੀਆਂ ਦੋਨੋਂ ਸੂਈਆਂ ਨੰਬਰ ਬਾਰਾਂ ਤੇ ਇਕੱਠੀਆਂ ਹੋਈਆਂ ਤਾਂ ਲਾਲ ਕਿਲ੍ਹੇ ਦੇ ਫਲੈਗ ਪੋਸਟ ਤੋਂ ਯੂਨੀਅਨ ਜੈਕ ਉਤਾਰ ਲਿਆ ਗਿਆ। ਕੁਝ ਹੀ ਮਿੰਟਾਂ ਵਿਚ 15 ਅਗਸਤ ਦੀ ਆਮਦ ਦੇ ਨਾਲ ਯੂਨੀਅਨ ਜੈਕ ਦੀ ਥ੍ਹਾਂ ਤਰੰਗਾ ਲੈਹਰਾਉਣ ਲੱਗਾ। ਭਾਰਤ ਦੀ ਜਾਗਦੀ ਵਸੋਂ ਨੇ ਪੰਡਤ ਜਵਾਹਰ ਲਾਲ ਨੈਹਰੂ ਜੀ ਦਾ ਭਾਸ਼ਨ ਸੁਣਿਆ। ਸਚ ਹੀ ਤਾਂ ਆਖਿਆ ਸੀ ਪੰਡਤ ਜੀ ਨੇ ਅਜ ਵਰਗੀ ਵੱਡੀ ਤਬਦੀਲੀ ਭਾਗਾਂ ਵਾਲਿਆਂ ਦੇ ਹਿਸੇ ਆਉਂਦੀ ਹੈ। ਸਭ ਤੋਂ ਵੱਡੀ ਤਬਦੀਲੀ ਤਾਂ ਪੰਡਤ ਜੀ ਦੇ ਜੀਵਨ ਵਿਚ ਆਈ ਸੀ, ਇਕ ਗੁਲਾਮ ਹੁਣ ਤਾਜਦਾਰ ਹੋ ਗਿਆ ਸੀ, ਉਸਨੂ ਗਿਰਫਤਾਰ ਕਰਨ ਵਾਲੀ ਪੁਲੀਸ ਹੁਣ ਉਸ ਦੀ ਤਾਬਿਆਦਾਰੀ ਵਿਚ ਹਾਜ਼ਰ ਹੋ ਗਈ ਸੀ।

ਭਾਰਤੀ ਫੌਜੀ ਜਾਗ ਰਹੇ ਸਨ। ਭਾਰਤ ਦੀ ਪੁਲਸ ਜਾਗ ਰਹੀ ਸੀ। ਭਾਰਤ ਦੀ ਅਫਸਰਸ਼ਾਹੀ ਜਾਗ ਰਹੀ ਸੀ । ਉਹ ਸਮਝਦੇ ਸਨ ਕਿ ਫਰੰਗੀ ਰਾਜ ਜਾਣ ਨਾਲ ਫਰੰਗੀ ਅਫਸਰਾਂ ਦੀ ਹੂਤ ਹਾਤ ਵੀ ਜਾਂਦੀ ਲਗੇਗੀ। ਉਹਨਾਂ ਦੇ ਸਵੈਮਾਨ ਨੂੰ ਚੋਟ ਮਾਰਨ ਵਾਲਾ ਸਦਾ ਲਈ ਚਲਾ ਜਾਵੇਗਾ। ਉਹਨਾਂ ਵਿਚਾਰਿਆਂ ਨੂੰ ਇਹ ਗਿਆਨ ਥੋਹੜਾ ਸੀ ਕਿ ਹਕੂਮਤ ਦੀ ਵਾਗ ਡੋਰ ਸੰਭਾਲਣ ਵਾਲੇ ਸਿਆਸੀ ਆਗੂ ਇਹੋ ਜਿਹੀ ਭਰਿਸ਼ਟ ਸਰਕਾਰ ਦਾ ਗੱਠਨ ਕਰਨਗੇ ਕਿ ਹਰ ਕੋਈ ਪੁਕਾਰ ਉਠੇਗਾ ਕਿ ਅਗੇ ਨਾਲੋਂ ਪਿਛਾ ਭਲਾ।

15 ਅਗਸਤ 1947 ਤਕ ਕੁਝ ਭਾਰਤੀਆਂ ਦੀਆਂ ਬੇੜੀਆਂ ਅਤੇ ਕੜੀਆਂ ਪਤਲੀਆਂ ਸਨ (ਗਾਂਧੀ ਜੀ ਨੂੰ ਤਾਂ ਸਰਕਾਰੀ ਮਹਿਮਾਨ ਦੀ ਤਰਾਂ ਸਰ ਆਗਾ ਖਾਨ ਦੀ ਕੋਠੀ ਵਿਚ ਨਜ਼ਰ ਬੰਦ ਰਖਿਆ ਜਾਂਦਾ ਸੀ) ਅਤੇ ਮੋਟੀਆਂ ਬੇੜੀਆਂ ਵਾਲਿਆਂ ਲਈ ਕਾਲੇ ਪਾਣੀ ਦੀਆਂ ਕਾਲ ਕੋਠੜੀਆਂ ਸਨ। ਗਾਂਧੀ ਜੀ ਦੀ ਭਾਗਾਂ ਵਾਲੀ ਬਕਰੀ ਦੇ ਖਾਣ ਲਈ ਅੰਗੂਰ ਮਿਲਦੇ ਸਨ ਜਦ ਕਿ ਮੋਟੀ ਬੇੜੀਆਂ ਵਾਲਿਆਂ ਲਈ ਘੱਟੀਆ ਖੁਰਾਕ, ਜੇਹਲਰਾਂ ਦਾ ਤੱਸ਼ਦਦ, ਖਾਣ ਪੀਣ ਉਠਣ ਬੈਠਣ ਅਤੇ ਟਟੀ ਪੈਸ਼ਾਬ ਸਭ ਕਾਸੇ ਲਈ ਇਕੋ ਕਮਰਾ। ਪਰ ਉਹ ਸੀ ਨਾ ਕਰਦੇ, ਉਠਦੇ ਬੈਠਦੇ ਗੁਲਾਮੀ ਦਾ ਜੂਲਾ ਵਗ੍ਹਾ ਮਾਰਨ ਦਾ ਹੀ ਸੁਪਨਾ ਸਾਕਾਰ ਕਰਨ ਲਈ ਆਪਣੀ ਜਾਨ ਜਾਇਦਾਦ ਸ਼ਭ ਦਾਅ ਤੇ ਲਾਈ ਬੈਠੇ ਸਨ। ਜਾਗਦੇ ਉਹ ਆਜ਼ਾਦੀ ਲਈ ਜੂਝਦੇ ਸਨ ਅਤੇ ਸੌਂਦੇ ਤਾਂ ਆਜ਼ਾਦੀ ਦਾ ਸੁਪਨਾ ਲੈਂਦੇ ਸਨ (ਰਾਤੀਂ ਸੁਤੇ ਪਏ ਮੈਨੂੰ ਇਕ ਖੁਆਬ ਆ ਗਿਆ ਭਜੇ ਜਾਣ ਫਰੰਗੀ ਇਨਕਲਾਬ ਆ ਗਿਆ)।

ਆਖਰ 15 ਅਗਸਤ 1947 ਨੂੰ ਜਦ ਇਨਕਲਾਬ ਆਇਆ ਤਾਂ ਉਸ ਨੂੰ ਲਿਆਉਣ ਲਈ ਸੰਘ੍ਰਸ਼ ਕਰਨ ਵਾਲੇ ਤਾਂ ਜੇਹਲਾਂ ਵਿਚ ਡੱਕੇ ਹੋਏ ਸਨ ਅਤੇ ਬਰਤਾਨੀਆਂ ਸਰਕਾਰ ਆਪਣੇ ਚੁਣੇ ਹੋਏ ਚਹੇਤੇ ਆਗੂਆਂ ਹਥ ਭਾਰਤ ਦੀ ਹਕੂਮਤ ਦੀ ਵਾਗ ਡੋਰ ਸੰਭਾਲ ਰਹੀ ਸੀ ਜ਼ਦ ਤਕ ਨੈਹਰੂ ਸਰਕਾਰ ਪੂਰੀ ਤਰਾਂ ਕਾਬਜ਼ ਨਹੀਂ ਹੋਈ ਆਜ਼ਾਦੀ ਲਈ ਆਪਾ ਵਾਰਨ ਵਾਲੇ ਜੇਹਲਾਂ ਵਿਚ ਹੀ ਡਕੇ ਰਹੇ।

ਭਾਰਤ ਨੂੰ ਆਜ਼ਾਦ ਕਰਨਾ ਬਰਤਾਨੀਆਂ ਸਰਕਾਰ ਦੀ ਮਜਬੂਰੀ ਸੀ। ਦੂਜੀ ਆਲਮੀ ਜੰਗ ਕਾਰਨ ਬਰਤਾਨੀਆਂ ਦੀ ਆਰਥਕ ਹਾਲਤ ਬੇ ਹਦ ਪਤਲੀ ਹੋ ਗਈ ਸੀ। ਦੂਸਰਾ ਬਰਤਾਨਵੀ ਹਾਕਮਾਂ ਦੇ ਮਨ ਵਿਚ ਹਿੰਦੋਸਤਾਨੀ ਫੌਜ ਬਾਰੇ ਇਕ ਸ਼ੰਕਾ ਉਤਪਨ ਹੋ ਗਿਆ ਸੀ ਕਿ ਕਦੇ ਵੀ ਆਜ਼ਾਦ ਹਿੰਦ ਫੌਜ ਵਰਗਾ ਗਠਨ ਹੋ ਸਕਦਾ ਹੈ। ਕਿਸੇ ਦਬਾ ਥਲੇ ਮੁਲਕ ਛਡਣ ਦੀ ਬਜਾਏ ਆਪਣੇ ਚਹੇਤਿਆਂ ਹਥ ਹਕੂਮਤ ਦੀ ਵਾਗਡੋਰ ਸੰਭਾਲਣ ਨੂੰ ਹੀ ਭਲਾ ਸਮਝਿਆ। ਜੰਗੇ ਆਜ਼ਾਦੀ ਦੌਰਾਨ ਸਭ ਦੀ ਇਕੋ ਸੋਚ ਸੀ ਕਿ ਅਜ਼ਾਦੀ ਮਿਲਣ ਉਪਰੰਤ ਹਕੂਮਤ ਬਰਤਾਨੀਆਂ ਦੀ ਲੁਟ ਖਸੁਟ ਬੰਦ ਹੋ ਜਾਵੇਗੀ। ਭਾਰਤ ਵਾਸੀ ਆਪਣੀ ਤਕਦੀਰ ਦਾ ਫੈਸਲਾ ਆਪ ਕਰਨਗੇ। ਇਬਰਾਹੀਮ ਲਿੰਕਨ ਲੋਕਤੰਤਰ ਦੇ ਬੁਨਿਆਦੀ ਅਸੂਲ ਦੀ ਗੱਲ ਕਰਦਾ ਹੋਇਆ ਆਖਦਾ ਹੈ (ਕੋਈ ਵੀ ਇਨਸਾਨ ਇੱਡਾ ਵਧੀਆ ਜਾਂ ਸਿਆਣਾ ਨਹੀਂ ਜੋ ਦੂਸਰੇ ਦੀ ਮਰਜ਼ੀ ਤੋਂ ਬਗੈਰ ਹੀ ਉਸ ਤੇ ਰਾਜ ਕਰੇ) ਆਜ਼ਾਦੀ ਦੇ ਘੁਲਾਟੀਆਂ ਦਾ ਵੀ ਇਹੋ ਸੁਪਨਾ ਸੀ ਕਿ ਆਜ਼ਾਦੀ ਮਿਲਣ ਉਪਰੰਤ ਰਲ ਮਿਲ ਕੇ ਇਕ ਐਸੀ ਸਰਕਾਰ ਬਣਾਈ ਜਾਵੇਗੀ ਜੋ ਬਗੈਰ ਕਿਸੇ ਵਿਤਕਰੇ ਦੇ ਹਰ ਬਸ਼ਰ ਦੀ ਜਾਨ ਮਾਲ ਦੀ ਰਾਖੀ ਕਰੇਗੀ। ਸਰਕਾਰ ਜਰਾਇਮ ਪੇਸ਼ਾ ਲੋਕਾਂ ਤੇ ਕਾੱਬੂ ਪਾਏਗੀ ਅਤੇ ਬਾਹਰੀ ਹਮਲਾਆਵਰਾਂ ਤੋਂ ਦੇਸ਼ ਦੀ ਰਾਖੀ ਕਰੇਗੀ । ਲੋਕਾਂ ਦੇ ਧਰਮ ਅਤੇ ਵਿਚਾਰਾਂ ਤੇ ਸਰਕਾਰ ਕਿਸੇ ਕਿਸਮ ਦੀ ਦਖਲ ਅੰਦਾਜ਼ੀ ਨਹੀਂ ਕਰੇਗੀ। ਦੇਸ਼ ਦਾ ਹਰ ਬਸ਼ਰ ਸ਼ਖਸ਼ੀ ਆਜ਼ਾਦੀ ਦਾ ਨਿਘ ਮਾਣ ਸਕੇਗਾ। ਆਜ਼ਾਦੀ ਦੇ ਸੰਘਰਸ਼ ਦੌਰਾਨ ਪੰਡਤ ਨੈਹਰੂ ਜੰਨਤਾ ਨਾਲ ਇਹੋ ਇਕਰਾਰ ਕਰਦੇ ਆਏ ਸਨ। ਪਰ ਹਕੂਮਤ ਹਥ ਆਉਂਦਿਆਂ ਹੀ ਸਾਰੇ ਇਕਰਾਰ ਫਿਕੇ ਪੈ ਗਏ। ਕੋਟ ਪੈਂਟ ਟਾਈ ਦੀ ਥ੍ਹਾਂ ਕੁੜਤਾ ਪਜਾਮਾ ਅਤੇ ਨੈਹਰੂ ਜੈਕਟ ਆ ਗਏ। ਅੰਗਰੇਜ਼ੀ ਟੋਪ ਦੀ ਜਗ੍ਹਾ ਟਕੇ ਦੀ ਗਾਂਧੀ ਟੋਪੀ ਨੇ ਸੰਭਾਲ ਲਈ। ਇਸ ਬਾਣੇ ਨੂੰ ਕਾਂਗਰਸੀ ਲੀਡਰਾਂ ਨੇ ਹੇਰਾ ਫੇਰੀ, ਲੁਟ ਖਸੁਟ ਅਤੇ ਧਾਂਦਲੀ ਲਈ ਪਰਮਿਟ ਵਾਂਗ ਵਰਤਿਆ। ਲੋਕ ਦਬੀ ਜ਼ੁਬਾਨ ਵਿਚ ਆਖਦੇ ਸਨ (ਅਸੀ ਚਾਹੁੰਦੇ ਹਾਂ ਇਸ ਗੌਰਮੈਂਟ ਨੂੰ ਕਾਨੂੰਨ ਬਣਾਉਣਾ ਚਾਹੀਦਾ ਇਸ ਥਰੀ ਨੋਟ ਥਰੀ ਦੀ ਟੋਪੀ ਤੇ ਲਾਸੰਸ ਲਗਾਉਣਾ ਚਾਹੀਦਾ)।

ਭਾਰਤ ਆਜ਼ਾਦੀ ਨਾਲ ਸਦੀਆਂ ਦੀ ਗੁਲਾਮੀ ਦੀ ਜ਼ਹਿਨੀਅਤ ਨਾ ਗਈ ਜਿਵੇਂ ਹਰ ਔਰਤ ਸਸ ਬਣ ਕੇ ਨੂੰਹ ਨਾਲ ਉਹੋ ਵਿਹਾਰ ਕਰਦੀ ਹੈ ਜੋ ਉਸ ਨਾਲ ਹੁੰਦਾ ਰਿਹਾ ਸੀ ਠੀਕ ਉਸੇ ਤਰਾਂ ਹਕੂਮਤ ਦੀ ਕੁਰਸੀ ਤੇ ਬੈਠਣ ਵਾਲਿਆਂ ਕੀਤਾ। ਪੰਜਾਬੀਆਂ ਨੂੰ ਖਾਸ ਕਰ ਸਿਖਾਂ ਨੂੰ ਆਜ਼ਾਦੀ ਦਾ ਨਿੱਘ ਮਾਨਣ ਦਾ ਅਵਸਰ ਦੇਣ ਦੇ ਇਕਰਾਰ ਨੂੰ ਛਿਕੇ ਟੰਗ ਕੇ ਗੁਲਾਮੀ ਦਾ ਅਹਿਸਾਸ ਕਰਾਉਣਾ ਸ਼ੁਰੂ ਕਰ ਦਿਤਾ। ਆਜ਼ਾਦੀ ਤੋਂ ਪਹਿਲਾਂ ਗਾਂਧੀ ਜੀ ਨੇ ਚਾਂਦਨੀ ਚੌਕ ਗੁਰਦਵਾਰੇ ਵਿਚ ਆਪਣੇ ਭਾਸ਼ਨ ਦੌਰਾਨ ਆਖਿਆ ਸੀ ਕਿ ਸਿਖਾਂ ਨਾਲ ਪੂਰਾ ਇਨਸਾਫ ਹੋਵੇਗਾ ਅਗਰ ਕਾਂਗਰਸ ਬੇਇਨਸਾਫੀ ਕਰੇਗੀ ਤਾਂ ਸਿਖਾਂ ਪਾਸ ਆਪਣੇ ਹੱਕ ਹਾਸਲ ਕਰਨ ਲਈ ਕਿਰਪਾਨ ਹੈ। ਆਪਣੇ ਆਪ ਨੂੰ ਅਹਿੰਸਾ ਦਾ ਮਸੀਹਾ ਕਹਾਉਣ ਵਾਲਾ ਤਲਵਾਰ ਚੁੱਕਣ ਦੀ ਗੱਲ ਕਰੇ ਤਾਂ ਸਮਝ ਲੈਣਾ ਚਾਹੀਦਾ ਸੀ ਕਿ ਦਾਲ ਵਿਚ ਕੁਝ ਕਾਲਾ ਹੈ ਪਰ ਸਾਡੇ ਵਿਚੋਂ ਹੀ ਕੁਝ ਜ਼ਰ-ਖਰੀਦ ਆਗੂ ਜੈ ਕਾਰਿਆਂ ਦੀ ਗੂੰਜ ਵਿਚ ਸਭ ਕੁਝ ਲੁਕਾ ਦਿੰਦੇ ਹਨ। ਇਸੇ ਤਰਾਂ ਪੰਡਤ ਜੀ ਨੇ ਵੀ ਸਿਖਾਂ ਨੂੰ ਇਕ ਵਿਸ਼ਵਾਸ ਦਵਾਇਆ ਸੀ ਕਿ ਮੁਲਕ ਦੇ 'ਸ਼ਮਾਲ ਮਗਰਬ' ਵਿਚ ਇਕ ਐਸਾ ਖਿਤਾ ਬਣਾ ਦਿਤਾ ਜਾਵੇਗਾ ਜਿਥੇ ਦੇਸ਼ ਦੀ ਬਹਾਦਰ ਸਿਖ ਕੌਮ ਆਜ਼ਾਦੀ ਦਾ ਨਿੱਘ ਮਾਣ ਸਕੇ। ਸਭ ਤੋਂ ਪਹਿਲਾ ਤੋਹਫਾ ਜੋ ਨੈਹਰੂ ਸਰਕਾਰ ਨੇ ਆਜ਼ਾਦੀ ਦੇ ਘੋਲ ਵਿਚ ਵਿਤੋਂ ਬਾਹਰ ਕੁਰਬਾਨੀਆਂ ਕਰਨ ਵਾਲੀ ਸਿਖ ਕੌਮ ਨੂੰ ਦਿਤਾ ਉਹ ਸੀ ਕਿਰਪਾਨ ਤੇ ਪਾਬੰਦੀ । ਮਾਸਟਰ ਤਾਰਾ ਸਿੰਘ ਜੀ ਬੜੇ ਹੱਮੇਂ ਨਾਲ ਪੰਡਤ ਜੀ ਨੂੰ ਮਿਲਣ ਤੁਰ ਗਏ। ਦਿਲੀ ਪੁਜਣ ਤੋਂ ਪਹਿਲਾਂ ਹੀ ਗਿਰਫਤਾਰ ਕਰ ਲਏ ਗਏ। ਵਕਤ ਮਿਲਣ ਤੇ ਜਦ ਪੰਡਤ ਜੀ ਨੂੰ ਅਤੇ ਗ੍ਰੈਹ ਮੰਤਰੀ ਪਟੇਲ ਜੀ ਨੂੰ ਮਿਲ ਕੇ ਕੀਤੇ ਇਕਰਾਰਾਂ ਦਾ ਚੇਤਾ ਕਰਵਾਇਆ ਤਾਂ ਜਵਾਬ ਮਿਲਿਆ ਸੀ (ਅਬ ਵਕਤ ਬਦਲ ਚੁਕਾ ਹੈ) ਸਿਰਫ ਏਨਾਂ ਕਹਿਣਾ ਹੀ ਬਾਕੀ ਸੀ ਕਿ ਵਾਹ ਭਈ ਸਿਖੋ ਤੁਮ ਲੋਗੋਂ ਨੇ ਇਤਹਾਸ ਸੇ ਕਭੀ ਕੁਛ ਨਹੀਂ ਸੀਖਾ ਹਮਾਰੇ ਬਜ਼ੁਰਗ ਤੋ ਆਟੇ ਕੀ ਗਊ ਬਨਾ ਕਰ ਖਾਈ ਹੁਈ ਕਸਮੇਂ ਤੋੜ ਦੇਨੇ ਮੇਂ ਮਾਹਰ ਥੇ ਹਮ ਨੇ ਤੋ ਸਿਰਫ ਬਾਤੋਂ ਕੇ ਗੁਲਗੁਲੇ ਪਕਾਏ ਥੇ ਤੁਮ ਉਨ ਬਾਤੋਂ ਪਰ ਇਤਮਾਦ ਲੇ ਆਏ ਤੋ ਹਮਾਰਾ ਕਿਆ ਕਸੂਰ।

ਮੈਂਬਰ ਪਾਰਲੀਮੈਂਟ ਠਾਕਰ ਹੁਕਮ ਸਿੰਘ ਹੀ ਨਹੀਂ ਪੂਰੀ ਦੀ ਪੂਰੀ ਨਹਿਰੂ ਸਰਕਾਰ ਇਸ ਗੱਲ ਤੇ ਤੁਲੀ ਹੋਈ ਸੀ ਕਿ ਸਿਖਾਂ ਤੇ ਜਰਾਇਮ ਪੇਸ਼ਾ ਦਾ ਲੇਬਲ ਲਾ ਕੇ ਕੁੱਚਲ ਦਿਤਾ ਜਾਵੇ। ਸਪੋਕਸਮੈਨ ਅਖਬਾਰ ਨੇ ਇਸ ਦੇ ਉਤਰ ਵਿਚ ਲਿਖਿਆ ਸੀ ਕਿ ਚੰਬਲ ਘਾਟੀ ਵਿਚ ਜਿਨੇ ਡਾਕੂ ਪਲਦੇ ਹਨ ਜ਼ਿਆਦਾ ਤਰ ਠਾਕਰ ਹੀ ਹੁੰਦੇ ਹਨ। ਠਾਕਰ ਭੂਪਤ ਸਿੰਘ ਡਾਕੂ ਦੇ ਗਰੋਹ ਨੂੰ ਕਾਬੂ ਕਰਨ ਲਈ ਵਿਢੀਆਂ ਮੁਹਿਮਾਂ ਤੇ ਸਰਕਾਰ ਨੂੰ ਬੇ ਬਹਾ ਖਰਚਾ ਕਰਨਾ ਪੈਂਦਾ ਹੈ ਜਦ ਕਿ ਸਿਖ ਕੌਮ ਅਮਨ ਅਮਾਨ ਨਾਲ ਨਿਰਬਾਹ ਕਰ ਰਹੀ ਹੈ। ਕੀ ਠਾਕਰ ਹੁਕਮ ਸਿੰਘ ਜੀ ਇਹ ਮੱਨਣ ਨੂੰ ਤਿਆਰ ਹਨ ਕਿ ਉਹ ਵੀ ਠਾਕਰ ਹੁੰਦੇ ਹੋਏ ਡਾਕੂਆਂ ਦੇ ਭਾਈਵਾਲ ਹਨ।

ਬਰਤਾਨੀਆਂ ਸਰਕਾਰ ਤੇ ਇਹ ਦੋਸ਼ ਲਾਇਆ ਜਾਂਦਾ ਸੀ ਕਿ ਉਸ ਨੇ ਸੂਬਿਆਂ ਦੀ ਰੂਪ ਰੇਖਾ ਇਸ ਢੰਗ ਨਾਲ ਉਲੀਕੀ ਹੋਈ ਸੀ ਕਿ ਇਕ ਇਕ ਸੂਬੇ ਵਿਚ ਦੋ ਤਿੰਨ ਭਾਸ਼ਾ ਬੋਲੀਆਂ ਜਾਂਦੀਆਂ ਸਨ। ਨੈਹਰੂ ਸਰਕਾਰ ਨੇ ਬਾਕੀ ਸੂਬੇ ਤਾਂ ਭਾਸ਼ਾ ਦੇ ਅਧਾਰ ਤੇ ਬਣਾ ਦਿਤੇ ਪਰ ਪੰਜਾਬੀ ਸੂਬੇ ਨੂੰ ਬਣਾਉਣ ਤੋਂ ਇਨਕਾਰ ਕਰ ਦਿਤਾ। ਵਡਾ ਕਾਰਨ ਪੰਜਾਬੀ ਬੋਲੀ ਅਤੇ ਪੰਜਾਬੀ ਵਿਰਸੇ ਨੂੰ ਨੇਸਤੋ ਨਾਬੂਦ ਕਰਨਾ ਸੀ। ਬੋਲੀ ਵਿਰਸੇ ਨਾਲੋਂ ਟੁਟੀਆਂ ਕੌਮਾ ਮਿਟ ਜਾਂਦੀਆਂ ਹਨ। ਪੰਜਾਬੀ ਸੂਬਾ ਬਣਾਉਣ ਲਈ ਕਾਫੀ ਜਦੋ ਜਹਿਦ ਕਰਨੀ ਪਈ। ਪੰਜਾਬੀ ਮੋਰਚਾ ਲਗਾ ਹੋਇਆ ਸੀ ਪੰਡਤ ਨੈਹਰੂ ਇਕ ਵੇਰ ਬਾਜ ਪੁਰ (ਯੂ ਪੀ) ਗਿਆ ਜਦ ਤਕਰੀਰ ਕਰਨ ਲਗਾ ਤਾਂ ਪੰਡਾਲ ਵਿਚੋਂ ਪੰਜਾਬੀ ਸੂਬਾ ਜ਼ਿੰਦਾ ਬਾਦ ਦੇ ਨਾਹਰੇ ਗੂੰਜਣ ਲਗੇ ਪੰਡਤ ਜੀ ਸੁਭਾ ਅਨੁਸਾਰ ਅਗ ਬਗੋਲਾ ਹੋ ਕੇ ਅਪਮਾਨਕ ਸ਼ਬਦਾਂ ਦੀ ਵਰਤੋਂ ਕਰਦਾ ਹੋਇਆ ਆਖਣ ਲਗਾ ਬਦਤਮੀਜ਼ ਕਹੀਂ ਕੇ ਨਿਕਲ ਜਾਓ ਜਹਾਂ ਸੇ। ਛੇਤੀ ਹੀ ਬਾਅਦ ਨੈਨੀਤਾਲ ਜ਼ਿਲੇ ਚੋਂ ਪੰਜਾਬੀਆਂ ਨੂੰ ਕੱਢਣ ਦੀ ਮੁਹਿਮ ਚਲ ਪਈ । ਪੰਜਾਬੀਆਂ ਨੂੰ ਫਾਰਮਾਂ ਵਿਚੋਂ ਕੱਢ ਕੇ ਕੈਂਪਾਂ ਵਿਚ ਡਕ ਦਿਤਾ ਗਿਆ। ਪੰਜਾਬੀ, ਪਰਤਾਪ ਸਿੰਘ ਕੈਰੋਂ ਪਾਸ ਫਰਿਆਦੀ ਹੋਏ ਤਾਂ ਕਿਤੇ ਜਾ ਕੇ ਉਹਨਾਂ ਫਾਰਮਰਾਂ ਦਾ ਮੁੜ ਬਸੇਬਾ ਹੋਇਆ। ਦੁਬਾਰਾ 2006 ਵਿਚ ਨੈਨੀਤਾਲ ਜ਼ਿਲੇ ਵਿਚ ਪੰਜਾਬੀ ਫਾਰਮਰਾਂ ਤੇ ਪੁਲੀਸ ਦਾ ਅਤਿਆਚਾਰ ਦੁਨੀਆਂ ਨੇ ਦੇਖਿਆ ਹੈ। ਮੈਂ ਖੁਦ 10 ਸਾਲ ਯੂ ਪੀ ਵਿਚ ਫਾਰਮ ਕੀਤੀ ਹੈ ਜ਼ਮੀਨ ਆਬਾਦ ਕਰਨ ਲਗਿਆਂ ਜਿਦਾਂ ਸਪਾਂ ਦੀਆਂ ਸਿਰੀਆਂ ਮਿੱਧਣੀਆਂ ਪੈਂਦੀਆਂ ਹਨ ਉਹ ਇਕ ਲੰਬੀ ਦਾਸਤਾਨ ਹੈ।

1947 ਤੋਂ ਲੈ ਕੇ 1964 ਤਕ ਪੰਡਤ ਜਵਾਹਰ ਲਾਲ ਨੈਹਰੂ ਦੇਸ਼ ਦੇ ਪਰਧਾਨ ਮੰਤਰੀ ਰਹੇ ਇਨੇ ਸਾਲਾਂ ਵਿਚ ਬਗੇਰ ਕਿਸੇ ਪੰਜ ਸਾਲਾ ਯੋਜਨਾ ਦੇ ਭਰਿਸ਼ਟਾਚਾਰ ਦਾ ਬੋਲ ਬਾਲਾ ਦਿਨ ਬਦਿਨ ਵਧਿਆ। ਗਰੀਬ ਅਤੇ ਅਮੀਰ ਵਿਚ ਪਾੜਾ ਵੱਧਿਆ। ਕਾਂਗਰਸ ਦੇ ਵਕਾਰ ਨੂੰ ਧਕਾ ਲੱਗਾ। ਪਰ ਪੰਡਤ ਜੀ ਭਾਰਤ ਦੇ ਲੋਕਾਂ ਦਾ ਜੀਵਨ ਪਧਰ ਉਚਾ ਕਰਨ ਦੀ ਬਜਾਏ ਏਸ਼ੀਆ ਦਾ ਲੀਡਰ ਬਣਨ ਵਿਚ ਰੁਝੇ ਰਹੇ। ਹਿੰਦੀ ਚੀਨੀ ਭਾਈ ਭਾਈ ਬਣਦੇ ਬਣਦੇ ਖੂਨੀ ਹੋਲੀ ਖੇਡਣ ਲਗ ਪਏ।

ਪੰਡਤ ਜੀ ਤੋਂ ਬਾਅਦ ਲਾਲ ਬਹਾਦਰ ਸ਼ਾਸ਼ਤਰੀ ਨੇ ਕੁਝ ਸਮੇਂ ਲਈ ਦੇਸ਼ ਦੀ ਵਾਗ ਡੋਰ ਸੰਭਾਲੀ। ਜੈ ਜਵਾਨ ਜੈ ਕਿਸਾਨ ਦਾ ਨਾਹਰਾ ਦਿਤਾ ਕੁਝ ਸੰਵਾਰ ਸਕਣ ਤੋਂ ਪਹਿਲਾਂ ਹੀ ਇਕ ਭੇਦ ਭਰੀ ਮੌਤ ਨਾਲ ਕਾਲੇ ਪਰਦੇ ਓਹਲੇ ਹੋ ਗਿਆ। ਇਨੇ ਕੁਰੱਪਟ ਦੇਸ਼ ਵਿਚ ਇਕ ਸ਼ਰੀਫ ਆਦਮੀ ਟਿਕ ਵੀ ਕਿਦਾਂ ਸਕਦਾ ਸੀ।

ਡਰਾਈਵਰ ਸੀਟ ਤੇ ਨੇਹਰੂ ਜੀ ਦੀ ਬੇਟੀ ਬੀਬੀ ਇੰਦਰਾ ਆਉਣ ਨਾਲ ਭਾਰਤ ਨੈਹਰੂ ਪ੍ਰਿਵਾਰ ਦੀ ਬਾਦਸ਼ਾਹਤ ਬਣ ਕੇ ਰਹਿ ਗਿਆ। ਪੰਜਾਬੀ ਸੂਬੇ ਦੀ ਮੰਗ ਆਪਣੇ ਬਾਪ ਦੀ ਤਰ੍ਹਾ ਲਟਕਾਈ ਰਖੀ। ਇੰਦਰਾ ਦੇ ਕੁਝ ਸਮੇਂ ਰਾਜ ਭਾਗ ਤੋਂ ਦੂਰ ਹੋਣ ਨਾਲ ਗੁਲਜ਼ਾਰੀ ਲਾਲ ਨੰਦਾ ਨੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਅਤੇ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਬਾਹਰ ਰਖ ਕੇ ਪੰਜਾਬੀਆਂ ਨੂੰ ਇਕ ਲੰਗੜਾ ਪੰਜਾਬੀ ਸੂਬਾ ਬਣਾ ਦਿਤਾ। ਜੰਗਲਾਤ ਹਿਮਾਚਲ ਵਿਚ ਚਲੇ ਗਏ ਇੰਡਸਟਰੀ ਹਰਿਆਣਾ ਪਾਸ ਚਲੀ ਗਈ ਬੇਟ ਦਾ ਇਲਾਕਾ ਅਤੇ ਲੈਫਟ ਰਾਈਟ ਕਰਨ ਨੂੰ ਪਾਕਸਤਾਨ ਨਾਲ ਲਗਦੀ ਸਰਹਦ ਪੰਜਾਬਿਆਂ ਦੇ ਹਿਸੇ 1 ਨਵੰਬਰ 1966 ਨੂੰ ਪੰਜਾਬ ਪੁਨਰਗਠਨ ਐਕਟ ਦੀ ਧਾਰਾ 78,79 ਅਤੇ 80 ਨਾਲ ਹੈਡਵਰਕਸ ਅਤੇ ਪੰਜਾਬ ਦੇ ਦਰਿਆਈ ਪਾਣੀਆਂ ਦਾ ਹਕ ਵੀ ਕੇਂਦਰ ਪਾਸ ਚਲਾ ਗਿਆ। ਇਹ ਤਾਂ ਪੰਜਾਬੀਆ ਦੀ ਖਾਸ ਕਰ ਸਿਖਾ ਦੀ ਤਕਦੀਰ ਚੰਗੀ ਸੀ ਜੋ ਉਹ ਰੋਜ਼ੀ ਰੋਟੀ ਦੀ ਭਾਲ ਵਿਚ ਪਰਦੇਸਾਂ ਨੂੰ ਪਲਾਇਨ ਕਰ ਗਏ ਨਹੀਂ ਤਾਂ ਭਾਰਤ ਸਰਕਾਰ ਤਾਂ ਉਹਨਾਂ ਨੂੰ ਘੱਸਿਆਰੇ ਬਣਾਉਣ ਤੇ ਤੁਲੀ ਹੋਈ ਸੀ।

1978 ਦੀ ਵੈਸਾਖੀ ਤੋਂ ਸ਼ੁਰੂ ਹੋਇਆ ਨਿਰੰਕਾਰੀ ਕਾਂਡ ਅਕਾਲ ਤਖਤ ਤੇ ਭਾਰਤ ਦੀ ਫੋਜ ਵਲੋਂ ਸ਼ਰਮਨਾਕ ਹਮਲੇ ਦੇ ਰੂਪ ਵਿਚ ਸਾਹਮਣੇ ਆਇਆ। ਹਰਮੰਦਰ ਕੰਮਪਲੈਕਸ ਇਕ ਕਿਲ੍ਹੇ ਵਿਚ ਤਬਦੀਲ ਹੋਣ ਨਾਲ ਉਸ ਸਥਾਨ ਦੀ ਧਾਰਮਕ ਪਵਿੱਤ੍ਰਤਾ ਨੂੰ ਵੱਡੀ ਠੇਸ ਪੁਜੀ। ਅੰਦਰ ਬੈਠੇ ਐਲਾਨ ਕਰ ਰਹੇ ਸਨ ਕਿ ਉਹ ਹਰਮੰਦਰ ਦੀ ਪਵਿਤ੍ਰਤਾ ਨੂੰ ਭੰਗ ਨਹੀਂ ਹੋਣ ਦੇਣਗੇ। ਇੰਦਰਾ ਗਾਂਧੀ ਦੀ ਸਰਕਾਰ ਆਖ ਰਹੀ ਸੀ ਕਿ ਉਸ ਨੇ ਭੰਗ ਹੋਈ ਹਰਮੰਦਰ ਦੀ ਪਵਿਤ੍ਰਤਾ ਨੂੰ ਮੁੜ ਬਹਾਲ ਕਰਨਾ ਹੈ। ਭਾਰਤੀ ਫੌਜ ਦੀ ਗੋਲੀ ਬਾਹਰੋਂ ਅੰਦਰ ਵਲ ਜਾਂਦੀ ਸੀ ਅਤੇ ਅਤੇ ਜਵਾਬ ਵਿਚ ਪਵਿਤ੍ਰਤਾ ਦੀ ਰਾਖੀ ਕਰਨ ਵਾਲਿਆਂ ਦੀ ਗੋਲੀ ਬਾਹਰ ਵਲ ਆਉਂਦੀ ਸੀ ਦੋਵਾਂ ਦੀਆਂ ਗੋਲੀਆਂ ਪਵਿਤ੍ਰਤਾ ਵਿਚਾਰੀ ਨੂੰ ਛਨਣੀ ਛਨਣੀ ਕਰ ਰਹੀਆਂ ਸਨ। 4 ਜੂਨ 1984 ਨੂੰ ਵਰਤੇ ਸ਼ਰਮਨਾਕ ਦੁਖਾਂਤ ਤੋਂ ਵੀ ਸਿਖ ਆਗੂਆਂ ਨੇ ਸਿਆਸੀ ਲਾਹਾ ਹੀ ਲਿਆ। ਅਜ ਤਕ ਕਦੇ ਵੀ ਨਿਰਪੱਖ ਹੋ ਕੇ ਉਸ ਸ਼ਰਮਨਾਕ ਘਟਨਾ ਬਾਰੇ ਵਿਚਾਰ ਨਹੀਂ ਕੀਤੀ। ਅਤੇ ਨਾ ਕਦੇ ਕਰਨ ਦੀ ਉਮੀਦ ਹੈ। ਹਾਂ 'ਸਾਡਾ ਧਰਮ ਅਤੇ ਸਿਆਸਤ' ਇਕਠੇ ਹਨ ਦੀ ਬੇਸੁਆਦ ਖਿਚੜੀ ਜ਼ਰੂਰ ਰਿਝਦੀ ਰਹੇਗੀ। ਪਰਦੇਸਾਂ ਵਿਚ ਆ ਕੇ ਵੀ ਅਸੀਂ ਕੁਝ ਨਹੀਂ ਸਿਖਿਆ। ਹਰ ਹਫਤੇ ਜਦ ਅਖਬਾਰ ਆਉਂਦੀ ਹੈ ਤਾਂ ਕਿਸੇ ਨਵੇਂ ਗੁਰੂ ਘਰ ਬਣਨ ਦੀ ਸੂਚਨਾ ਪੜ੍ਹਨ ਨੂੰ ਮਿਲਦੀ ਹੈ ਦਾਨ ਲਈ ਅਪੀਲ ਹੁੰਦੀ ਹੈ। ਦੋ ਤਿਨ ਵੱਰਕੇ ਪਰਤਣ ਨਾਲ ਉਸੇ ਅਖਬਾਰ ਵਿਚ ਕਿਸੇ ਗੁਰੂਦਵਾਰੇ ਵਿਚ ਹੋਈ ਹਥੋ ਪਾਈ ਦਾ ਵਰਨਣ ਹੁੰਦਾ ਹੈ। ਵਕੀਲਾਂ ਦੀਆਂ ਝੋਲੀਆਂ ਭਰੀਆਂ ਜਾਂ ਰਹੀਆਂ ਹਨ ਆਪਣੀਆਂ ਦਾੜ੍ਹੀਆਂ ਵਕੀਲਾਂ ਅਤੇ ਜਜਾਂ ਦੇ ਹਥਾਂ ਵਿਚ ਫੜਾ ਕੇ ਆਖਦੇ ਹਾਂ ਝਟਕਾ ਜ਼ਰਾ ਆਹਿਸਤਾ ਮਾਰਨਾ। ਮੋੜ ਪੈਣ ਦੀ ਕੋਈ ਆਸ ਨਜ਼ਰ ਨਹੀਂ ਆਉਂਦੀ। ਆਪਣੀ ਇਸ ਖਿਚੋਤਾਣ ਦਾ ਦੋਸ਼ ਅਸੀਂ ਦੂਸਰਿਆਂ ਸਿਰ ਮੜ੍ਹ ਦਿੰਦੇ ਹਾਂ।

84 ਦੇ ਦੰਗਿਆਂ ਵਿਚ ਦਿਲੀ ਕਾਨਪੁਰ ਅਤੇ ਹੋਰ ਕਈ ਸ਼ੈਹਰਾਂ ਵਿਚ ਹੋਏ ਸ਼ਰਮਨਾਕ ਤਾਂਡਵ ਨਾਚ ਦੇ ਦੋਸ਼ੀ ਰਾਜ ਭਾਗ ਦੀਆਂ ਕੁਰਸੀਆਂ ਦਾ ਅਨੰਦ ਮਾਣਦੇ ਆ ਰਹੇ ਹਨ। ਮਜ਼ਲੂਮਾ ਦੀ ਕੋਈ ਸੁਣਵਾਈ ਨਹੀਂ। ਪੰਜਾਬ ਦੀ ਜੁਆਨੀ ਜੇਹਲ ਦੀਆਂ ਕਾਲ ਕੋਠੜੀਆਂ ਵਿਚ ਡੱਕੀ ਹੋਈ ਬਾਗੀ ਹੋ ਗਈ ਹੈ। ਕਿਸੇ ਪਾਸੇ ਵੀ ਕੋਈ ਸੁਣਵਾਈ ਨਹੀਂ। ਮਨੂ ਸਿਮਰਤੀ ਵਿਚ ਜੋ ਦਲਤਾਂ ਨਾਲ ਸਲੂਕ ਕਰਨ ਲਈ ਦਰਜ ਹੈ ਸਾਡੇ ਨਾਲ ਉਹੀ ਕੁਝ ਹੋ ਰਿਹਾ ਹੈ। ਗੁ ਬਾਬਾ ਨਾਨਕ ਦਾ ਆਦਰਸ਼ 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂੰ ਅਤਿ ਨੀਚ ਨਾਨਕੁ ਤਿਨ ਕੇ ਸੰਗਿ ਸਾਥਿ' ਨੂੰ ਭੁਲ ਭੁਲਾ ਕੇ ਮਰਿਆਦਾ ਦਾ ਹਊਆ ਖੜਾ ਕਰਕੇ ਆਪਸੀ ਵੰਡੀਆਂ ਪਾਈ ਜਾ ਰਹੇ ਹਾਂ।

ਦਲਤ ਭਾਈ ਚਾਰਾ ਸਾਥੋਂ ਦੂਰ ਹੁੰਦਾ ਜਾ ਰਿਹਾ ਹੈ। ਪੰਜਾਬ ਦੀ ਜੁਆਨੀ ਪਰਦੇਸਾਂ ਵਲ ਨੂੰ ਜਾ ਰਹੀ ਹੈ। ਬਿਹਾਰ ਤੋਂ ਅਤੇ ਹੋਰ ਸੂਬਿਆ ਤੋਂ ਕਾਮੇ ਆ ਕੇ ਪੰਜਾਬ ਵਿਚ ਵਸ ਰਹੇ ਹਨ। ਪੰਜਾਬ ਵਿਚ ਹੀ ਅਕਲੀਅਤ ਬਣਨ ਨੂੰ ਜ਼ਿਆਦਾ ਸਮਾਂ ਨਹੀਂ ਲਗਣਾ। ਜੀ ਸਦਕੇ ਖਾਲਸਤਾਨ ਦੀ ਮੰਗ ਕਰੋ ਕੋਈ ਨਹੀਂ ਰੋਕਦਾ ਪਰ ਖਾਲਸਤਾਨ ਦੀ ਮੰਜ਼ਲ ਤੇ ਪੁਜਣ ਲਈ ਕੋਈ ਤਰਕੀਬ ਤਾਂ ਹੋਣੀ ਚਾਹੀਦੀ ਹੈ ਬਗੈਰ ਰਾਹ ਤੋਂ ਜੈਕਾਰੇ ਨਾਹਰੇ ਅਤੇ ਮੁਜ਼ਾਹਰੇ ਸਿਰਫ ਦਿਖਾਵਾ ਬਣ ਕੇ ਰਹਿ ਜਾਂਦੇ ਹਨ। ਪਰਾਪਤੀ ਕੁਝ ਵੀ ਨਹੀਂ ਹੁੰਦੀ। ਹੁਣ ਵੋਟਾਂ ਦਾ ਯੁਗ ਹੈ ਭੁਕੀ ਅਤੇ ਨਸ਼ੇ ਤੇ ਵਿਕਣ ਵਾਲੀਆ ਵੋਟਾਂ ਨਾਲ ਕੋਈ ਤਬਦੀਲੀ ਨਹੀਂ ਆ ਸਕਣੀ। ਸੋ ਕਿਸੇ ਵੀ ਪਰਾਪਤੀ ਲਈ ਲੋਕਾਈ ਨੂੰ ਜਾਗਰੂਕ ਕਰਨਾ ਅਤ ਜ਼ਰੂਰੀ ਹੈ।

ਪਹਿਲਾ ਕਦਮ ਧਰਮ ਅਤੇ ਸਿਆਸਤ ਨੂੰ ਵਖਰਾ ਵਖਰਾ ਕੀਤਾ ਜਾਵੇ। ਦੂਸਰਾ ਦਲਤ ਭਾਈਚਾਰੇ ਨਾਲ ਜੋ ਇਖਤਲਾਫ ਹੋ ਰਹੇ ਹਨ ਉਹ ਦੂਰ ਕੀਤੇ ਜਾਣ। ਤੀਸਰਾ ਭਈਆ ਹੁਣ ਪੰਜਾਬ ਦਾ ਵਸਨੀਕ ਹੈ ਉਸ ਨਾਲ ਨਫਰਤ ਕਰਨ ਦੀ ਬਜਾਏ ਉਸ ਨੂੰ ਆਪਣੇ ਨਾਲ ਜੋੜੋ। ਚੌਥਾ ਕਥਾ ਕੀਰਤਨ ਪਰਚਾਰ ਦਾ ਇਕ ਜ਼ਰੀਆ ਹੈ ਜੰਨਤਾ ਦਾ ਵਿਸ਼ਵਾਸ ਜਿੱਤਣ ਲਈ ਸੁਚੱਜਾ ਵਿਉਹਾਰ ਜ਼ਰੂਰੀ ਹੈ। ਵਾਸ਼ਿਗੰਟਨ ਜਾਂ ਯੂ ਐਨ ਓ ਨੇ ਖਾਲਸਤਾਨ ਬਣਾ ਕੇ ਸਾਡੇ ਹਥ ਨਹੀਂ ਫੜਾਉਣਾ। ਸਾਨੂੰ ਇਸ ਕੰਮ ਲਈ ਜਨ-ਸਾਧਾਰਨ ਨੂੰ ਆਪਣੇ ਚੰਗੇ ਵਿਉਹਾਰ ਨਾਲ ਇਸ ਮੰਗ ਦਾ ਹਿਸਾ ਬਣਾਉਣਾ ਪੈਣਾ ਹੈ। ਕਿਸੇ ਵੀ ਮੰਜ਼ਲ ਤੇ ਪੁਜਣ ਲਈ ਨੇਕ ਇਰਾਦਾ ਚਾਹੀਦਾ ਹੈ

ਇਰਾਦੇ ਨੇਕ ਹੋਂ ਤੋ ਮੰਜ਼ਿਲ ਚਲ
ਕਰ ~~ਆਤੀ ਹੈ ਸਮੁੰਦਰ ਰਾ~~ਹ ਦੇਤੇ ਹੈਂ
ਚੱਟਾਨੇ ਥਰ- ਥਰਾਤੀ ਹੈਂ ।

# ਪਹਿਲਾ ਵਿਸ਼ਵ ਯੁੱਧ ਇਕ ਜੰਗ ਦੀ ਇਕ ਸਦੀ



ਮਨੁੱਖੀ ਇਤਿਹਾਸ ਗਵਾਹ ਹੈ ਕਿ ਇਨਸਾਨ ਨੇ ਸਭ ਤੋਂ ਜ਼ਿਆਦਾ ਆਪਣੀਆਂ ਗ਼ਲਤੀਆਂ ਤੋਂ ਹੀ ਸਿੱਖਿਆ ਹੈ । ਹਰ ਗ਼ਲਤੀ ਤੋਂ ਬਾਅਦ ਉਸ ਨੇ ਪਹਿਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਵਿਕਾਸ ਕੀਤਾ ਹੈ, ਭਾਵੇਂ ਗ਼ਲਤੀ ਕਰਨੀ ਨਾ ਛੱਡੀ ਹੋਵੇ । ਪਹਿਲਾ ਵਿਸ਼ਵ ਯੁੱਧ ਲਿਖਤ ਇਤਿਹਾਸ ਦੀ ਪਰੰਪਰਾ ਸ਼ੁਰੂ ਹੋਣ ਤੋਂ ਬਾਅਦ ਦੀ ਸ਼ਾਇਦ ਪਹਿਲੀ ਸਭ ਤੋਂ ਭਿਆਨਕ ਅਤੇ ਸਭ ਤੋਂ ਬੱਜਰ ਗ਼ਲਤੀ ਸੀ । ਇਸ ਗ਼ਲਤੀ ਨੂੰ ਹੁਣ ਇਕ ਸਦੀ ਗੁਜ਼ਰ ਚੁੱਕੀ ਹੈ ।

ਇਨਸਾਨ ਦੀ ਇਸ ਸਭ ਤੋਂ ਵੱਡੀ ਗ਼ਲਤੀ ਨੇ ਉਸ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਹਮੇਸ਼ਾ-ਹਮੇਸ਼ਾ ਲਈ ਬਦਲ ਕੇ ਵੀ ਰੱਖ ਦਿੱਤਾ । ਉਸ ਦਾ ਝੰਜੋੜਿਆ ਜਾਣਾ ਸੁਭਾਵਿਕ ਹੀ ਸੀ । ਅਸਲ ਵਿਚ ਉਸ ਨੇ ਇਸ ਤੋਂ ਪਹਿਲਾਂ ਕਦੇ ਏਨਾ ਵੱਡਾ, ਏਨਾ ਭਿਆਨਕ ਵਿਨਾਸ਼ ਨਹੀਂ ਸੀ ਦੇਖਿਆ । 3,89,80,500 ਸੈਨਿਕ ਤਾਂ ਰਿਕਾਰਡ ਵਿਚ ਦੱਸੇ ਅਨੁਸਾਰ ਮਾਰੇ ਗਏ ਜਦੋਂ ਕਿ ਪੂਰੀ ਦੁਨੀਆ ਇਸ ਸੱਚ ਨੂੰ ਜਾਣਦੀ ਹੈ ਕਿ ਯੁੱਧ ਵਿਚ ਮਿ੍ਰਤਕਾਂ ਦੇ ਅੰਕੜੇ ਮਹਾਭਾਰਤ ਕਾਲ ਨਾਲੋਂ ਵੀ ਘੱਟ ਉਜਾਗਰ ਕੀਤੇ ਜਾਂਦੇ ਰਹੇ ਹਨ । ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਸਲ ਵਿਚ ਕਿੰਨੇ ਸੈਨਿਕ ਮਾਰੇ ਗਏ ਹੋਣਗੇ।

...ਅਤੇ ਹਾਂ ਸਿਰਫ ਸੈਨਿਕਾਂ ਦੀ ਗੱਲ ਹੀ ਕਿਉਂ ਕਰੀਏ। ਯੁੱਧਾਂ ਦੇ ਵਿਸ਼ਲੇਸ਼ਣ ਦੱਸਦੇ ਹਨ ਕਿ ਦੁਨੀਆ ਦਾ ਕੋਈ ਵੀ ਯੁੱਧ ਸਿਰਫ ਸੈਨਿਕਾਂ ਵਿਚ ਨਹੀਂ ਹੁੰਦਾ । ਪਹਿਲਾਂ ਵੀ ਕਦੇ ਨਹੀਂ ਸੀ ਹੋਇਆ ਜਦੋਂ ਸੈਨਿਕ ਪੈਦਲ ਜਾਂ ਹਾਥੀ, ਘੋੜਿਆਂ 'ਤੇ ਚੜ੍ਹ ਕੇ ਲੜਦੇ ਸਨ ਅਤੇ ਨਾ ਹੀ ਹੁਣ ਹੁੰਦੇ ਹਨ ਜਦੋਂ ਕਿ ਯੁੱਧ ਕੰਟਰੋਲ ਰੂਮ ਵਿਚ ਬਟਨ ਦਬਾ ਕੇ ਲੜੇ ਜਾਂਦੇ ਹਨ । ਅੱਜ ਵੀ ਕਿਸੇ ਯੁੱਧ ਵਿਚ 3-4 ਫ਼ੀਸਦੀ ਆਮ ਲੋਕ ਮਾਰੇ ਜਾਂਦੇ ਹਨ । ਮੱਧਕਾਲ ਵਿਚ ਇਨ੍ਹਾਂ ਦੀ ਗਿਣਤੀ ਸੈਨਿਕਾਂ ਦੇ ਅੱਧ ਤੋਂ ਕੁਝ ਹੀ ਘੱਟ ਸੀ । ਮਹਾਭਾਰਤ ਵਰਗੇ ਧਰਮ ਯੁੱਧ ਵਿਚ ਤਾਂ ਦੁੱਧ ਪੀਂਦੇ ਬੱਚੇ ਅਤੇ ਪੇਟ ਵਿਚ ਪਲ ਰਹੇ ਗਰਭ ਤੱਕ ਨੂੰ ਵੀ ਨਹੀਂ ਸੀ ਬਖਸ਼ਿਆ ਗਿਆ । ਇਸ ਤੋਂ ਅੰਦਾਜ਼ਾ ਲੱਗ ਜਾਂਦਾ ਹੈ ਕਿ ਪਹਿਲੇ ਵਿਸ਼ਵ ਯੁੱਧ ਵਿਚ ਕਿੰਨੇ ਆਮ ਲੋਕ ਮਾਰੇ ਗਏ ਹੋਣਗੇ । ਇਤਿਹਾਸ ਦੇ ਸਫ਼ਿਆਂ ਵਿਚ ਕੈਦ 20ਵੀਂ ਸਦੀ ਦੇ ਇਸ ਭਿਆਨਕ ਦੁਖਾਂਤ ਨੇ ਦੁਨੀਆ ਦਾ ਆਰਥਿਕ ਆਧਾਰ ਡਗਮਗਾ ਦਿੱਤਾ ਸੀ । ਦੁਨੀਆ ਦੇ ਤਕਰੀਬਨ 37 ਦੇਸ਼ ਜਾਂ ਤਾਂ ਦੀਵਾਲੀਆ ਹੋ ਗਏ ਸਨ ਜਾਂ ਦੀਵਾਲੀਆਪਨ ਦੇ ਨੇੜੇ ਪਹੁੰਚ ਗਏ ਸਨ । ਇਨ੍ਹਾਂ ਵਿਚ ਕੁਝ ਅਜਿਹੇ ਦੇਸ਼ ਵੀ ਸ਼ਾਮਿਲ ਸਨ, ਜਿਨ੍ਹਾਂ ਦੀ ਧਰਤੀ 'ਤੇ ਭਾਵੇਂ ਯੁੱਧ ਨਾ ਲੜਿਆ ਗਿਆ ਹੋਵੇ ।

ਇਸ ਦਾ ਸਭ ਤੋਂ ਵੱਡਾ ਉਦਾਹਰਨ ਖ਼ੁਦ ਭਾਰਤ ਸੀ । ਭਾਰਤ ਪ੍ਰਤੱਖ ਰੂਪ ਵਿਚ ਯੁੱਧ ਭੂਮੀ ਨਹੀਂ ਸੀ । ਪਰ ਸਾਡੇ 8,00,000 ਸੈਨਿਕ ਇਸ ਵਿਚ ਸ਼ਾਮਿਲ ਹੋਏ ਸਨ ਅਤੇ ਉਨ੍ਹਾਂ ਦਿਨਾਂ ਵਿਚ ਬਰਤਾਨੀਆ ਦੇ ਗੁਲਾਮ ਹੋਣ ਕਾਰਨ ਇੰਗਲੈਂਡ ਨੇ ਆਪਣਾ ਬੋਝ ਵੀ ਸਾਡੇ ਮੋਢਿਆਂ 'ਤੇ ਸੁੱਟ ਦਿੱਤਾ ਸੀ । ਉਦੋਂ ਭੁੱਖਮਰੀ, ਬੇਰੁਜ਼ਗਾਰੀ ਆਪਣੀ ਸਿਖ਼ਰ 'ਤੇ ਪਹੁੰਚ ਚੁੱਕੀ ਸੀ ।

ਪਰ ਜਿਥੇ ਏਨੇ ਨੁਕਸਾਨ ਹੋਏ ਸਨ, ਉਥੇ ਇਸ ਦੁਖਾਂਤ ਦੇ ਅਜਿਹੇ ਨਤੀਜੇ ਵੀ ਨਿਕਲੇ ਕਿ ਦੁਨੀਆ ਹਮੇਸ਼ਾ ਹਮੇਸ਼ਾ ਲਈ ਬਦਲ ਗਈ । ਇਹ ਪਹਿਲਾ ਵਿਸ਼ਵ ਯੁੱਧ ਹੀ ਸੀ ਜਿਸ ਨੇ ਇਨਸਾਨ ਦੀ ਆਕਾਸ਼ ਵਿਜੈ ਦੀ ਨੀਂਹ ਰੱਖੀ । ਹਾਲਾਂਕਿ ਕਹਿਣਾ ਸੌਖਾ ਨਹੀਂ ਹੈ, ਪਰ ਜੇ ਪਹਿਲੇ ਵਿਸ਼ਵ ਯੁੱਧ ਵਿਚ ਮਿਜ਼ਾਈਲਾਂ ਵੱਲ ਧਿਆਨ ਨਾ ਜਾਂਦਾ ਤਾਂ ਉਪਗ੍ਰਹਿਆਂ ਨੂੰ ਬ੍ਰਹਿਮੰਡ ਤੱਕ ਲਿਜਾਣ ਵਾਲੇ ਰਾਕੇਟ ਵੀ ਹੋਂਦ 'ਚ ਨਾ ਆਉਂਦੇ । ਤੇਜ਼ ਹਵਾਈ ਯੁੱਗ ਦੇ ਦਰਵਾਜ਼ੇ ਨਾ ਖੁੱਲ੍ਹਦੇ ਅਤੇ ਨਾ ਹੀ ਸੈਨਿਕਾਂ ਦੀ ਜ਼ਾਲਮ ਦੁਨੀਆ ਅੱਜ ਵਾਂਗ ਆਕਰਸ਼ਕ ਹੁੰਦੀ । ਪਹਿਲੇ ਵਿਸ਼ਵ ਯੁੱਧ ਨੇ ਬਹੁਤ ਕੁਝ ਬਦਲ ਦਿੱਤਾ ਸੀ । ਲੜਨ-ਮਰਨ ਦਾ ਢੰਗ ਵੀ ਅਤੇ ਅੱਗੇ ਵਧਣ ਦਾ ਜਜ਼ਬਾ ਵੀ। ਇਹ ਪਹਿਲਾ ਵਿਸ਼ਵ ਯੁੱਧ ਹੀ ਸੀ ਜਿਸ ਨੇ ਇਨਸਾਨ ਨੂੰ ਲਗਭਗ ਮੁੜ ਜੀਵਨ ਦੇਣ ਵਾਲੀ ਪੈਂਸਿਲੀਨ ਦੀ ਖੋਜ ਦੇ ਨੇੜੇ ਤੱਕ ਪਹੁੰਚਾਇਆ । ਇਹ ਪਹਿਲਾ ਵਿਸ਼ਵ ਯੁੱਧ ਹੀ ਸੀ ਜਿਸ ਨੇ ਇਕ ਵਿਸ਼ਵ ਧਾਰਨਾ ਦੀ ਰੂਪ-ਰੇਖਾ ਪੇਸ਼ ਕੀਤੀ । ਧਰਤੀ ਨੂੰ ਇਕ ਇਕਾਈ ਦੀ ਕਲਪਨਾ ਦਿੱਤੀ । ਭੂਮੰਡਲੀਕਰਨ ਦੀ ਢਿੱਲੀ ਨੀਂਹ ਰੱਖੀ ਅਤੇ ਸਭ ਤੋਂ ਵੱਡੀ ਗੱਲ ਇਹ ਕਿ ਇਸ ਨੇ ਇਨਸਾਨ ਨੂੰ ਵਿਹਾਰਕ ਰੂਪ ਦਿੱਤਾ ਕਿ ਮਿਲ ਕੇ ਇਕ-ਦੂਜੇ ਦੇ ਸਹਿਯੋਗ ਨਾਲ ਕੋਈ ਵੀ ਸਫ਼ਲਤਾ ਹਾਸਲ ਕੀਤੀ ਜਾ ਸਕਦੀ ਹੈ ਅਤੇ ਦੁਨੀਆ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਇਕ ਵੱਡੇ ਪੈਮਾਨੇ 'ਤੇ ਸਵੀਕ੍ਰਿਤ ਰਾਜਨੀਤਕ ਦਰਸ਼ਨ ਦੀ ਲੋੜ ਹੁੰਦੀ ਹੈ ।

ਪੂੰਜੀਵਾਦ ਅਤੇ ਸਾਮਵਾਦ ਸਹੀ ਅਰਥਾਂ ਵਿਚ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਹੀ ਗਤੀਸ਼ੀਲ ਹੋ ਸਕੇ । ਵੋਲਸ਼ਵਿਕ ਕ੍ਰਾਂਤੀ ਹੋਈ । ਸਾਮਵਾਦ ਇਕ ਵੱਡੇ ਆਕਰਸ਼ਕ ਰਾਜਨੀਤਕ ਵਿਚਾਰ ਦੇ ਰੂਪ ਵਿਚ ਸਾਹਮਣੇ ਆਇਆ ਅਤੇ ਦੇਖਦੇ ਹੀ ਦੇਖਦੇ ਛਾ ਗਿਆ ।

ਪਰ ਪੂੰਜੀਵਾਦ ਦਾ ਬਿਸਤਰਾ ਗੋਲ ਨਹੀਂ ਹੋਇਆ ਸਗੋਂ ਸੱਚ ਤਾਂ ਇਹ ਹੈ ਕਿ ਪੂੰਜੀਵਾਦ ਨੇ ਵੀ ਆਪਣੀ ਅਸਲੀ ਰਫ਼ਤਾਰ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਹੀ ਫੜੀ ਜਦੋਂ ਯੁੱਧ ਦੀ ਭੂਮੀ ਬਣਨ ਤੋਂ ਬਚਿਆ ਅਮਰੀਕਾ ਯੁੱਧ ਤੋਂ ਬਾਅਦ ਇਕ ਸੁਪਰ ਪਾਵਰ ਦੇ ਰੂਪ ਵਿਚ ਉੱਭਰਿਆ । ਸਵਾਲ ਹੈ ਹਾਸਲ ਕਰਨ ਅਤੇ ਗਵਾਉਣ ਵਰਗੇ ਦੋਵੇਂ ਹੀ ਧਰਾਤਲਾਂ ਦੇ ਸਿਖ਼ਰ 'ਤੇ ਬਿਰਾਜਮਾਨ ਇਸ ਮਹਾਂਯੁੱਧ ਦੀ ਪਹਿਲੀ ਸਮਾਪਤ ਸਦੀ ਨੂੰ ਕਿਵੇਂ ਯਾਦ ਕਰੀਏ। ਆਖਰ ਇਕ ਸਦੀ ਬਾਅਦ ਇਸ ਵਿਨਾਸ਼ਕਾਰੀ ਯੁੱਧ ਨੂੰ ਕਿਵੇਂ ਯਾਦ ਕਰੀਏ। ਕਿਉਂਕਿ ਇਸ ਨੂੰ ਜੇ ਅਸੀਂ ਬਾਅਦ ਦੀਆਂ ਸਾਰੀਆਂ ਪ੍ਰਾਪਤੀਆਂ ਦਾ ਆਧਾਰ ਮੰਨਿਆ ਤਾਂ ਕਿਤੇ-ਕਿਤੇ ਇਹ ਵੀ ਕਹਿਣਾ ਹੋਵੇਗਾ ਕਿ ਇਹ ਯੁੱਧ ਦੁਨੀਆ ਅਤੇ ਮਨੁੱਖਤਾ ਲਈ ਚੰਗਾ ਸੀ ਜਦੋਂ ਕਿ ਅਜਿਹਾ ਕਦੇ ਵੀ ਨਹੀਂ ਸੀ ।

ਇਸ ਯੁੱਧ ਦਾ ਸਭ ਤੋਂ ਵੱਡਾ ਦੁਖਾਂਤ ਇਹ ਰਿਹਾ ਕਿ ਅਸੀਂ ਏਨਾ ਸਭ ਕੁਝ ਦੇਖਣ ਅਤੇ ਬਰਦਾਸ਼ਤ ਕਰਨ ਤੋਂ ਬਾਅਦ ਵੀ ਯੁੱਧਾਂ ਤੋਂ ਤੌਬਾ ਨਹੀਂ ਕੀਤੀ । ਪਹਿਲੇ ਵਿਸ਼ਵ ਯੁੱਧ ਦੇ ਭਿਆਨਕ ਦੁਖਾਂਤ ਤੋਂ ਬਾਅਦ ਅਸੀਂ ਦੂਜੇ ਵਿਸ਼ਵ ਯੁੱਧ ਨੂੰ ਸੱਦਾ ਦਿੱਤਾ ਅਤੇ ਪ੍ਰਮਾਣੂ ਤਬਾਹੀ ਤੱਕ ਦੇ ਗਵਾਹ ਬਣੇ । ਇਸ ਤੋਂ ਬਾਅਦ ਭਾਵੇਂ ਕੋਈ ਵਿਸ਼ਵ ਯੁੱਧ ਨਾ ਝੱਲਿਆ ਹੋਵੇ, ਪਰ ਇਤਿਹਾਸ ਵਿਚ ਦਰਜ ਅੰਕੜੇ ਗਵਾਹ ਹਨ ਕਿ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਹੁਣ ਤੱਕ ਦੁਨੀਆ ਛੋਟੇ-ਵੱਡੇ 285 ਯੁੱਧਾਂ ਦਾ ਸਾਹਮਣਾ ਕਰ ਚੁੱਕੀ ਹੈ । ਕੀ ਅਸੀਂ ਪਹਿਲੇ ਵਿਸ਼ਵ ਯੁੱਧ ਦੀ ਇਕ ਸਦੀ ਬਾਅਦ ਇਹ ਸੋਚਣ ਅਤੇ ਸਮਝਣ ਲਈ ਤਿਆਰ ਹੋਵਾਂਗੇ ਕਿ ਬਿਨਾਂ ਦੁਖਾਂਤ 'ਚੋਂ ਗੁਜ਼ਰਿਆਂ ਫਾਇਦੇ ਅਤੇ ਤਰੱਕੀ ਹਾਸਲ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਦੁਖਾਂਤ 'ਚੋਂ ਗੁਜ਼ਰਨ 'ਤੇ ਇਨ੍ਹਾਂ ਪ੍ਰਾਪਤੀਆਂ ਦੀ ਚਮਕ ਫਿੱਕੀ ਪੈ ਜਾਂਦੀ ਹੈ ।

-ਗੁਰਿੰਦਰ ਸਿੰਘ ਖੰਗੂੜਾ

# ਦੇਸ਼ ਭਾਵੇਂ ਆਜ਼ਾਦ ਹੋ ਗਿਐ ਪਰ ਅਸੀਂ ਅੱਜ ਵੀ ਗੁਲਾਮ ਹਾਂ

ਭਾਰਤ ਨੂੰ ਆਜ਼ਾਦ ਹੋਇਆਂ 70 ਸਾਲ ਦਾ ਸਮਾਂ ਬੀਤ ਗਿਆ ਹੈ। ਪਰ ਹਾਲੇ ਤਕ ਸਾਡੇ ਲੋਕਾਂ ਨੂੰ ਸਹੀ ਅਰਥਾਂ ਵਿਚ ਅਜ਼ਾਦੀ ਨਹੀਂ ਮਿਲੀ। ਸਮਾਜ ਦੀ ਬਿਹਤਰੀ ਲਈ ਜੋ ਕੰਮ ਹੋਣਾ ਚਾਹੀਦਾ ਸੀ ਨਹੀਂ ਹੋਇਆ। ਇਸ ਪਿਛੇ ਕਈ ਕਾਰਨ ਹਨ। ਦੇਸ਼ ਦੀ ਬਹੁਗਿਣਤੀ ਲੋਕ ਜੋ ਅੱਜ ਸਾਡੇ ਤੇ ਹਕੂਮਤ ਕਰ ਰਹੇ ਹਨ। ਅਜ਼ਾਦੀ ਸੰਘਰਸ਼ ਤੋਂ ਅਣਭਿੱਜ ਰਹੇ। ਦੇਸ਼ ਦੀ ਬਹੁ ਗਿਣਤੀ ਨੇ ਦੇਸ਼ ਨੂੰ ਅਜ਼ਾਦ ਕਰਵਾਉਣ ਵਾਲੀ ਲੜਾਈ ਵਿਚ ਆਪਣੀ ਗਿਣਤੀ ਦੇ ਹਿਸਾਬ ਨਾਲ ਬਹੁਤ ਘੱਟ ਯੋਗਦਾਨ ਪਾਇਆ। ਦੇਸ਼ ਦੀਆਂ ਘੱਟ ਗਿਣਤੀ ਕੌਮਾਂ ਜਿੰਨਾਂ ਦਾ ਦੇਸ਼ ਦੀ ਸੱਤਾ ਵਿਚ ਹਿੱਸਾ ਨਹੀਂ ਹੈ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਿਚ ਬਹੁਤ ਵੱਧ ਚੜ੍ਹ ਕੇ ਹਿੱਸਾ ਪਾਇਆ। ਸਿੱਖਾਂ ਦੀ ਗੱਲ ਕਰੀਏ ਤਾਂ ਦੇਸ਼ ਲਈ ਜਾਨਾਂ ਵਾਰਨ ਵਾਲਿਆਂ ਵਿਚ ਉਨ੍ਹਾਂ ਦਾ ਯੋਗਦਾਨ 75 ਤੋਂ 80 ਪ੍ਰਤੀਸ਼ਤ ਹੈ ਜਦੋਂਕਿ ਆਬਾਦੀ ਅੱਜ ਵੀ 2 ਪ੍ਰਤੀਸ਼ਤ ਹੈ।

ਅੱਜ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਕੋਸ਼ਿਸ਼ ਚੱਲ ਰਹੀ ਹੈ । ਜਿਸ ਦਾ ਅਰਥ ਹੈ ਕਿ ਗਿਣਤੀ ਪੱਖੋਂ ਜ਼ਿਆਦਾ ਹਨ ਲੋਕਤੰਤਰ ਹੈ। ਘੱਟ ਗਿਣਤੀ ਕੌਮਾਂ ਤਾਂ ਅੱਗੇ ਆ ਹੀ ਨਹੀਂ ਸਕਦੀਆਂ। ਅੱਜ ਦੇਸ਼ ਅੰਦਰ ਹਿੰਦੂ ਫਿਰਕਾਪ੍ਰਸਤੀ ਫੈਲ ਰਹੀ ਹੈ। ਸੋਚੀ ਸਮਝੀ ਸਾਜ਼ਿਸ਼ ਤਹਿਤ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਭਾਵੇਂ ਗਊ ਰੱਖਿਆ ਦਾ ਨਾਮ ਵਰਤਿਆ ਜਾ ਰਿਹਾ ਹੈ। ਜੇਕਰ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਫਿਰ ਸਿੱਖਾਂ ਦੀ ਵਾਰੀ ਆ ਜਾਵੇਗੀ। ਇਸ ਨਾਲ ਦੇਸ਼ ਦੀ ਅੰਦਰੂਨੀ ਸ਼ਾਂਤੀ ਭੰਗ ਹੋਣ ਦਾ ਖ਼ਤਰਾ ਬਣਿਆ ਰਹੇਗਾ। ਭਾਰਤੀ ਜਨਤਾ ਪਾਰਟੀ ਦੀ ਲੀਡਰਸ਼ਿਪ ਨੂੰ ਘੱਟ ਗਿਣਤੀ ਕੌਮਾਂ ਨੂੰ ਨਾਲ ਲੈ ਕੇ ਤੁਰਨਾ ਚਾਹੀਦਾ ਹੈ।




ਉਨ੍ਹਾਂ ਦੀਆਂ ਕੁਰਬਾਨੀਆਂ ਅਨੁਸਾਰ ਬਣਦਾ ਮਾਣ ਸਤਿਕਾਰ ਹਰ ਪੱਧਰ 'ਤੇ ਦੇਣਾ ਚਾਹੀਦਾ ਹੈ।

ਅੱਜ ਚੀਨ ਭਾਰਤ ਨੂੰ ਅੱਖਾਂ ਵਿਖਾ ਰਿਹਾ ਹੈ। ਬੀ.ਜੇ.ਪੀ. ਦੇ ਆਗੂ ਉਸ ਖਿਲਾਫ਼ ਇਕ ਵੀ ਸ਼ਬਦ ਨਹੀਂ ਬੋਲ ਰਹੇ। ਚੋਣਾਂ ਵੇਲੇ ਅਸੀਂ ਸਭ ਨੇ ਸੁਣਿਆ ਸਾਡੇ ਮੌਜੂਦਾ ਪ੍ਰਧਾਨ ਮੰਤਰੀ ਕਹਿੰਦੇ ਸੀ ਦੁਸ਼ਮਣ ਨਾਲ ਲੜਨ ਲਈ 56 ਇੰਚ ਦਾ ਸੀਨਾ ਚਾਹੀਦਾ ਹੈ। ਅੱਜ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਚੀਨ ਨੂੰ ਆਪਣਾ 56 ਇੰਚ ਦਾ ਸੀਨਾ ਵਿਖਾਉਣਾ ਚਾਹੀਦਾ ਹੈ। ਅਸਲ ਵਿਚ 56 ਇੰਚ ਦੇ ਸੀਨੇ ਦੀ ਨਹੀਂ ਸਿਆਣਪ ਦੀ ਲੋੜ ਹੈ। ਕੂਟਨੀਤਕ ਗੱਲਾਂ ਦੀ ਲੋੜ ੈ। ਜਿਸ ਨਾਲ ਅਸੀਂ ਵਿਰੋਧੀ ਦੇਸ਼ ਨੂੰ ਹਰਾਇਆ ਜਾ ਸਕਦਾ ਹੈ। ਜੇਕਰ ਅਸੀਂ ਸਭ ਕੌਮਾਂ ਨੂੰ ਨਾਲ ਲੈ ਕੇ ਤੁਰਨ ਦੀ ਨੀਤੀ ਅਪਣਾਵਾਂਗੇ ਤਾਂ ਅਸੀਂ ਹਰ ਚੁਣੌਤੀ ਦਾ ਸਾਹਮਣਾ ਕਰ ਸਕਦੇ ਹਾਂ। ਕਿਸੇ ਵੀ ਕੌਮ ਨੂੰ ਦੇਸ਼ ਅੰਦਰ ਬੇਗਾਨਗੀ ਦਾ ਅਹਿਸਾਸ ਨਹੀਂ ਹੋਣਾ ਚਾਹੀਦਾ। ਜੇਕਰ ਦੇਸ਼ ਵਿਚ ਅੰਦਰੂਨੀ ਸ਼ਾਂਤੀ ਹੋਵੇਗੀ ਤਾਂ ਹੀ ਬਾਹਰੀ ਖ਼ਤਰਿਆਂ ਨਾਲ ਨਜਿੱਠਿਆ ਜਾ ਸਕਦਾ ਹੈ।

ਹਰ ਸਾਲ ਕਰੋੜਾਂ ਰੁਪਏ ਆਜ਼ਾਦੀ ਦਿਵਸ ਬਣਾਉਣ ਤੇ ਖਰਚ ਕਰ ਦਿੰਦੇ ਹਾਂ। ਇਸ ਵਿਚ ਫਾਇਦਾ ਕਿਸੇ ਦਾ ਨਹੀਂ ਹੁੰਦਾ। ਆਜ਼ਾਦੀ ਦਿਹਾੜਾ ਮਨਾਉਣਾ ਸਿਰਫ਼ ਇਕ ਰਸਮ ਨਿਭਾਉਣ ਤੇ ਕਰੋੜਾਂ ਰੁਪਏ ਖਰਚ ਕਰਨਾ ਸਮਝ ਤੋਂ ਬਾਹਰ ਹੈ। ਇਸ ਦਿਨ ਜਿਹੜੀਆਂ ਕੌਮਾਂ ਨੇ ਆਜ਼ਾਦੀ ਦਿਵਾਉਣ ਵਿਚ ਤਕੜਾ ਰੋਲ ਅਦਾ ਕੀਤਾ ਹੈ। ਉਨ੍ਹਾਂ ਨੂੰ ਯਾਦ ਕਰਨ ਦਾ, ਉਨ੍ਹਾਂ ਦੇ ਸਰਪ੍ਰਸਤਾਂ ਨੂੰ ਸਨਮਾਨਿਤ ਕਰਨ ਦਾ ਦਿਨ ਹੋਣਾ ਚਾਹੀਦਾ ਹੈ। ਉਨ੍ਹਾਂ ਦੇ ਬੱਚਿਆਂ ਲਈ ਕਲਿਆਣਕਾਰੀ ਯੋਜਨਾਵਾਂ ਬਣਾਉਣ ਦਾ ਦਿਨ ਹੋਣਾ ਚਾਹੀਦਾ ਹੈ। ਸਿੱਖਾਂ ਦੀ ਕੁਰਬਾਨੀ ਦਾ ਮੁੱਲ ਕਿਸੇ ਨਹੀਂ ਪਾਇਆ। ਕੌਮ ਨੂੰ ਸਨਮਾਨਿਤ ਕਰਨ ਲਈ ਕਿਸੇ ਨਾ ਕਿਸੇ ਖੇਤਰ ਦੀ ਨੌਕਰੀ ਵਿਚ ਸਿਰਫ਼ ਸਿੱਖਾਂ ਅਤੇ ਹੋਰ ਦੂਸਰੀਆਂ ਕੌਮਾਂ ਜਿਨ੍ਹਾਂ ਨੇ ਆਜ਼ਾਦੀ ਹਾਸਲ ਕਰਨ ਵਿਚ ਵੱਧ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਉਨ੍ਹਾਂ ਲਈ ਸਪੈਸ਼ਲ ਰਿਜ਼ਰਵੇਸ਼ਨ ਹੋਣੀ ਚਾਹੀਦੀ ਸੀ ਤਾਂ ਜੋ ਉਹ ਕੌਮਾਂ ਵੱਧ ਫੁੱਲ ਸਕਣ। ਉਨ੍ਹਾਂ ਨੂੰ ਅਹਿਸਾਸ ਹੋਵੇ ਕਿ ਅਸੀਂ ਜਿਸ ਦੇਸ਼ ਨੂੰ ਆਜ਼ਾਦ ਕਰਵਾਇਆ ਆਪਣਾ ਖ਼ੂਨ ਪਾਣੀ ਵਾਂਗ ਵਹਾਇਆ ਹੈ। ਉਹ ਦੇਸ਼ ਸਾਡਾ ਹੈ। ਦੇਸ਼ ਦਾ ਮਾਹੌਲ ਭੈਅ ਮੁਕਤ ਹੋਣਾ ਚਾਹੀਦਾ ਹੈ। ਇਹੀ ਅਜ਼ਾਦੀ ਦਿਵਸ ਮਨਾਉਣ ਦਾ ਮਕਸਦ ਹੋਣਾ ਚਾਹੀਦਾ ਹੈ। ਅੱਜ ਬਹੁਤੇ ਲੋਕਾਂ ਨੂੰ ਆਜ਼ਾਦੀ ਬੇਗ਼ਾਨੀ ਅਤੇ ਬੇਸੁਆਦ ਜਾਪ ਰਹੀ ਹੈ।

**ਪ੍ਰਗਟ ਸਿੰਘ ਜੰਬਰ**

# ਕੈਬਨਿਟ ਮੰਤਰੀ ਜੌੜਾਮਾਜਰਾ ਨੇ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ

**➢ ਪਿੰਡ ਸੁਲਤਾਨਪੁਰ ਤੇ ਤਰੌੜਾ ਨੂੰ ਦਿੱਤੇ ਪਾਣੀ ਵਾਲੇ ਟੈਂਕਰ**
**➢ਪੰਜਾਬ ਸਰਕਾਰ ਤੁਰੰਤ ਕੰਮ ਕਰਨ ’ਚ ਕਰਦੀ ਹੈ ਵਿਸ਼ਵਾਸ਼**



ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਸਮਾਣਾ ਹਲਕੇ ਦੇ ਪਿੰਡਾਂ ਦਾ ਦੌਰਾ ਕਰਦੇ ਹੋਏ।

**ਸਮਾਣਾ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਪਿੰਡਾਂ ਦਾ ਦੌਰਾ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਇਨ੍ਹਾਂ ਦੇ ਹੱਲ ਲਈ ਮੌਕੇ ’ਤੇ ਹੀ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ। ਕੈਬਨਿਟ ਮੰਤਰੀ ਜੌੜਾਮਾਜਰਾ ਨੇ ਸਮਾਣਾ ਹਲਕੇ ਦੇ ਪਿੰਡਾਂ ਸੁਲਤਾਨਪੁਰ ਅਤੇ ਤਰੌੜਾ ਕਲਾਂ ਨੂੰ ਪਾਣੀ ਵਾਲੇ ਟੈਂਕਰ ਵੀ ਪ੍ਰਦਾਨ ਕੀਤੇ ਅਤੇ ਕਿਹਾ ਕਿ ਉਹ ਖ਼ੁਦ ਲੋਕਾਂ ਦੀ ਸੇਵਾ ਵਿੱਚ ਸਦਾ ਹਾਜ਼ਰ ਹਨ ਅਤੇ ਕਿਸੇ ਵੀ ਪਿੰਡ ਨੂੰ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਤੋਟ ਨਹੀਂ ਆਉਣ ਦਿੱਤੀ ਜਾਵੇਗੀ।

ਖਣਨ ਤੇ ਭੂ-ਵਿਗਿਆਨ, ਜਲ ਸਰੋਤ, ਜਲ ਤੇ ਭੂਮੀ ਰੱਖਿਆ, ਬਾਗਬਾਨੀ, ਸੁਤੰਤਰਤਾ ਸੰਗਰਾਮੀ ਅਤੇ ਰੱਖਿਆ ਸੇਵਾਵਾਂ ਭਲਾਈ ਬਾਰੇ ਮੰਤਰੀ ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਮੌਜੂਦਾ ਸਰਕਾਰ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਲਾਅਰਿਆਂ ਵਿੱਚ ਢੰਗ ਨਹੀਂ ਟਪਾਉਂਦੀ ਸਗੋਂ ਤੁਰੰਤ ਕੰਮ ਕਰਨ ਵਿੱਚ ਵਿਸ਼ਵਾਸ਼ ਕਰਦੀ ਹੈ। ਉਨ੍ਹਾਂ ਕਿਹਾ ਕਿ ਹਰੇਕ ਪਿੰਡ ਵਿੱਚ ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਜਨ ਸੁਵਿਧਾ ਕੈਂਪ ਲਗਾ ਕੇ ਵੱਖਰੇ ਤੌਰ ’ਤੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਕੇ ਮੌਕੇ ’ਤੇ ਹੀ ਹੱਲ ਕੀਤਾ ਜਾਂਦਾ ਹੈ, ਪਹਿਲਾਂ ਕਿਸੇ ਸਰਕਾਰ ਸਮੇਂ ਅਜਿਹਾ ਨਹੀਂ ਕੀਤਾ ਗਿਆ। ਜੌੜਾਮਾਜਰਾ ਨੇ ਦੱਸਿਆ ਕਿ ਪਿਛਲੀਆਂ ਸਰਕਾਰਾਂ ਸਮੇਂ ਸਮਾਣਾ ਹਲਕੇ ਨੂੰ ਅਣਗੌਲਿਆਂ ਕੀਤਾ ਗਿਆ ਪਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਮਾਣਾ ਵਾਸੀਆਂ ਦੀ ਹਰੇਕ ਸਮੱਸਿਆ ਨੂੰ ਸਮਝਦਿਆਂ ਤੁਰੰਤ ਗ੍ਰਾਂਟਾਂ ਜਾਰੀ ਕੀਤੀਆਂ ਹਨ।

ਇਸੇ ਦੌਰਾਨ ਕੈਬਨਿਟ ਮੰਤਰੀ ਪਿੰਡ ਪਸਿਆਣਾ ਵਿਖੇ ਮਾਤਾ ਨੈਣਾ ਦੇਵੀ ਦੇ ਸ਼ਰਧਾਲੂਆਂ ਲਈ ਲਗਾਏ ਗਏ ਲੰਗਰ ਵਿੱਚ ਵੀ ਗਏ ਅਤੇ ਪ੍ਰਬੰਧਕਾਂ ਨਾਲ ਗੱਲਬਾਤ ਕੀਤੀ। ਇਸ ਮੌਕੇ ਹਰਜਿੰਦਰ ਸਿੰਘ ਮਿੱਟੂ, ਗੁਰਦੇਵ ਸਿੰਘ ਟਿਵਾਣਾ, ਬਲਕਾਰ ਸਿੰਘ ਗੱਜੂਮਾਜਰਾ, ਸੁਰਜੀਤ ਸਿੰਘ ਫੌਜੀ, ਬੀ.ਡੀ.ਪੀ.ਓ. ਸੁਖਵਿੰਦਰ ਸਿੰਘ ਟਿਵਾਣਾ, ਦੀਪਕ ਵਧਵਾ, ਸੁਖਚੈਨ ਸਿੰਘ ਵਜੀਦਪੁਰ, ਕਾਕਾ ਗੁੱਜਰ, ਬਲਕਾਰ ਸਿੰਘ ਅਤੇ ਪਿੰਡਾਂ ਦੇ ਵਸਨੀਕ ਵੱਡੀ ਗਿਣਤੀ ’ਚ ਮੌਜੂਦ ਸਨ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਬਰਸਾਤੀ ਪਾਣੀ ਦੀ ਨਿਕਾਸੀ ਦਾ ਜਾਇਜ਼ਾ

**➢ ਲੋਕਾਂ ਨੂੰ ਕਿਸੇ ਤਰ੍ਹਾਂ ਦੀਆਂ ਮੁਸ਼ਕਿਲਾਂ ਤੋਂ ਬਚਾਉਣ ਲਈ ਨਗਰ ਨਿਗਮ ਨੂੰ ਪਾਣੀ ਦੀ ਤੁਰੰਤ ਨਿਕਾਸੀ ਦੀ ਹਦਾਇਤ ➢ ਕਿਸੇ ਤਰ੍ਹਾਂ ਦੀ ਅਣਗਹਿਲੀ ਬਰਦਾਸ਼ਤ ਨਹੀਂ ਹੋਵੇਗੀ**

**ਪਟਿਆਲਾ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਨਗਰ ਨਿਗਮ ਕਮਿਸ਼ਨਰ ਆਦਿੱਤਿਆ ਡੇਚਲਵਾਲ ਤੇ ਵਧੀਕ ਡਿਪਟੀ ਕਮਿਸ਼ਨਰ (ਜ) ਕੰਚਨ ਨੂੰ ਨਾਲ ਲੈਕੇ ਅੱਜ ਪਏ ਮੀਂਹ ਕਾਰਨ ਪੈਦਾ ਹੋਈ ਸਥਿਤੀ ਤੇ ਪਾਣੀ ਦੀ ਨਿਕਾਸੀ ਦਾ ਜਾਇਜ਼ਾ ਲਿਆ।

ਡਾ. ਬਲਬੀਰ ਸਿੰਘ ਨੇ ਮਨਜੀਤ ਨਗਰ, ਰਣਜੀਤ ਨਗਰ, ਅਨੰਦ ਨਗਰ-ਏ ਅਤੇ ਬੀ, ਫੂਲਕੀਆਂ ਇਨਕਲੇਵ, ਤ੍ਰਿਪੜੀ, ਫੈਕਟਰੀ ਏਰੀਆ, ਡੀ.ਐਲ.ਐਫ. ਕਲੋਨੀ, ਕੋਹਿਨੂਰ ਇਨਕਲੇਵ, ਹੀਰਾ ਨਗਰ, ਵੱਡੀ ਨਦੀ ਅਤੇ ਹੋਰ ਇਲਾਕਿਆਂ ਦਾ ਦੌਰਾ ਕਰਕੇ ਬਰਸਾਤੀ ਪਾਣੀ ਦੀ ਨਿਕਾਸੀ ਦਾ ਜਾਇਜ਼ਾ ਲਿਆ।

ਸਿਹਤ ਮੰਤਰੀ ਨੇ ਨਿਗਮ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੀਆਂ ਰੋਡ ਗਲੀਆਂ ਮੁੜ ਤੋਂ ਸਾਫ਼ ਕਰਵਾਈਆ ਜਾਣ ਤਾਂ ਕਿ ਪਾਣੀ ਦੀ ਨਿਕਾਸੀ ’ਚ ਕੋਈ ਰੁਕਾਵਟ ਨਾ ਪਵੇ। ਇਸ ਤੋਂ ਬਿਨ੍ਹਾਂ ਟਿਵਾਣਾ ਚੌਂਕ ਵਿਖੇ ਡਰੇਨ ’ਚ ਪਾਣੀ ਦੀ ਨਿਕਾਸੀ ਸਮੇ ਬਾਕੀ ਦੀਆਂ ਡਰੇਨਾਂ ਵਿੱਚ ਵੀ ਪਾਣੀ ਬਿਨ੍ਹਾਂ ਕਿਸੇ ਰੁਕਾਵਟ ਤੋਂ ਪੈਣ ਦਿੱਤਾ ਜਾਵੇ।

ਨੀਵੇਂ ਇਲਾਕਿਆਂ ਵਿੱਚੋਂ ਪਾਣੀ ਦੀ ਤੁਰੰਤ ਨਿਕਾਸੀ ਕਰਵਾਈ ਜਾਣੀ ਯਕੀਨੀ ਬਣਾਈ ਜਾਵੇ ਤਾਂ ਕਿ ਲੋਕਾਂ ਨੂੰ ਕਿਸੇ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਨਿਕਾਸੀ ਪ੍ਰਬੰਧਾਂ ਵਿੱਚ ਕਿਸੇ ਵੀ ਕਿਸਮ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਸਿਹਤ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਗ਼ਲਤੀਆਂ ਦਾ ਖਾਮਿਆਜ਼ਾ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ ਪਰੰਤੂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮੌਜੂਦਾ ਸਰਕਾਰ ਇਸ ਗੱਲੋਂ ਪੂਰੀ ਤਰ੍ਹਾਂ ਗੰਭੀਰ ਹੈ ਕਿ ਪਿਛਲੀਆਂ ਖਾਮੀਆਂ ਦੂਰ ਕਰਕੇ ਸੁਚੱਜੇ ਪ੍ਰਬੰਧ ਕੀਤੇ ਜਾਣ ਤਾਂ ਕਿ ਲੋਕਾਂ ਨੂੰ ਹੜ੍ਹਾਂ ਵਰਗੀ ਕਿਸੇ ਸਥਿਤੀ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਦੱਸਿਆ ਕਿ ਫੂਲਕੀਆਂ ਇਨਕਲੇਵ ਅਤੇ ਹੋਰਨਾਂ ਪਾਣੀ ਖੜ੍ਹਨ ਵਾਲੇ ਇਲਾਕਿਆਂ ਵਿੱਚ ਨਵੀਆਂ ਪਾਇਪ ਲਾਈਨਾਂ ਪਾ ਕੇ ਪਾਣੀ ਦੀ ਨਿਕਾਸੀ ਯਕੀਨੀ ਬਣਾਈ ਜਾ ਰਹੀ ਹੈ ਤੇ ਨਗਰ ਨਿਗਮ ਨੂੰ ਵੀ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

ਨਗਰ ਨਿਗਮ ਕਮਿਸ਼ਨਰ ਆਦਿੱਤਿਆ ਡੇਚਲਵਾਲ ਨੇ ਦੱਸਿਆ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਲੋਕਾਂ ਨੂੰ ਕਿਸੇ ਤਰ੍ਹਾਂ ਦੀਆਂ ਮੁਸ਼ਕਿਲਾਂ ਤੋਂ ਬਚਾਉਣ ਲਈ ਨਗਰ ਨਿਗਮ ਦੀਆਂ ਟੀਮਾਂ ਪੂਰੀ ਗੰਭੀਰਤਾ ਨਾਲ ਆਪਣੇ ਕੰਮ ਵਿੱਚ ਲੱਗੀਆਂ ਹੋਈਆਂ ਹਨ। ਇਸ ਮੌਕੇ ਕਰਨਲ ਜੇ.ਵੀ ਸਿੰਘ, ਜਸਬੀਰ ਸਿੰਘ ਗਾਂਧੀ, ਨਗਰ ਨਿਗਮ ਦੇ ਨਿਗਰਾਨ ਇੰਜੀਨੀਅਰ ਗੁਰਪ੍ਰੀਤ ਵਾਲੀਆ ਤੇ ਹੋਰ ਅਧਿਕਾਰੀ ਮੌਜੂਦ ਸਨ।

# ਪਹਾੜੀ ਖੇਤਰਾਂ ਵਿੱਚ ਪਈ ਬਰਸਾਤ ਕਾਰਨ ਡਰੇਨੇਜ ਵਿਭਾਗ ਵੱਲੋਂ ਲੋਕਾਂ ਨੂੰ ਨਦੀਆਂ ਦੇ ਕਿਨਾਰਿਆਂ ਤੇ ਬੰਨ੍ਹਾਂ ਤੋਂ ਦੂਰ ਰਹਿਣ ਦੀ ਸਲਾਹ

**ਲੋਕ ਕਿਸੇ ਵੀ ਤਰ੍ਹਾਂ ਦੀਆਂ ਅਫ਼ਵਾਹਾਂ ਤੋਂ ਸੁਚੇਤ ਰਹਿਣ-ਡਿਪਟੀ ਕਮਿਸ਼ਨਰ**

**ਪਟਿਆਲਾ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਹਾੜੀ ਇਲਾਕਿਆਂ ਅਤੇ ਪਟਿਆਲਾ ਜ਼ਿਲ੍ਹੇ ਵਿੱਚੋਂ ਵਹਿੰਦੀਆਂ ਨਦੀਆਂ ਦੇ ਉੱਪਰਲੇ ਖੇਤਰਾਂ ਵਿੱਚ ਹਾਲ ਹੀ ਵਿੱਚ ਹੋਈ ਭਾਰੀ ਬਾਰਿਸ਼ ਦੇ ਮੱਦੇਨਜ਼ਰ, ਡਰੇਨੇਜ ਵਿਭਾਗ ਨੇ ਇਹਤਿਹਾਤ ਵਜੋਂ ਘੱਗਰ ਨਦੀ, ਟਾਂਗਰੀ ਨਦੀ ਤੇ ਮਾਰਕੰਡਾ ਨਦੀ ਦੇ ਨਦੀ ਦੇ ਕਿਨਾਰਿਆਂ ਅਤੇ ਬੰਨ੍ਹਾਂ ਤੋਂ ਦੂਰ ਰਹਿਣ ਦੀ ਸਲਾਹ ਅਤੇ ਚਿਤਾਵਨੀ ਜਾਰੀ ਕੀਤੀ ਹੈ।

ਜਲ ਨਿਕਾਸ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਪਟਿਆਲਾ ਰਾਜਿੰਦਰ ਘਈ ਨੇ ਦੱਸਿਆ ਕਿ ਇਨ੍ਹਾਂ ਨਦੀਆਂ ਵਿੱਚ ਪਾਣੀ ਹਾਲਾਂ ਕਿ ਖ਼ਤਰੇ ਦੇ ਨਿਸ਼ਾਨ ਤੋਂ ਕਾਫ਼ੀ ਹੇਠਾਂ ਹੈ ਪਰੰਤੂ ਕਿਉਂਕਿ ਅਗਲੇ 3-4 ਦਿਨਾਂ ਵਿੱਚ ਪਾਣੀ ਦਾ ਪੱਧਰ ਵੱਧ ਸਕਦਾ ਹੈ. ਇਸ ਲਈ ਇਹ ਐਡਵਾਈਜ਼ਰੀ ਸ਼ੰਭੂ, ਘਨੌਰ, ਰਾਜਪੁਰਾ, ਸਨੌਰ, ਦੇਵੀਗੜ੍ਹ, ਪਾਤੜਾਂ, ਸ਼ੁਤਰਾਣਾ ਇਲਾਕਿਆਂ ਵਿੱਚ ਘੱਗਰ ਦਰਿਆ ਦੇ ਕਿਨਾਰਿਆਂ ਦੇ ਨੇੜਲੇ ਇਲਾਕਿਆਂ ਲਈ ਮਹੱਤਵਪੂਰਨ ਹੈ। ਰਾਜਿੰਦਰ ਘਈ ਨੇ ਅੱਗੇ ਦੱਸਿਆ ਕਿ ਪਟਿਆਲਾ ਦੀ ਵੱਡੀ ਨਦੀ ਇਸ ਵੇਲੇ 1.8 ਫੁੱਟ ਦੇ ਨਿਸ਼ਾਨ ਉਪਰ ਚੱਲ ਰਹੀ ਹੈ ਅਤੇ ਖ਼ਤਰੇ ਦਾ ਨਿਸ਼ਾਨ 12 ਫੁੱਟ ਉਪਰ ਹੈ, ਇਸ ਲਈ ਸ਼ਹਿਰ ਵਾਸੀਆਂ ਨੂੰ ਕਿਸੇ ਤਰ੍ਹਾਂ ਦਾ ਹੜ੍ਹਾਂ ਦਾ ਖ਼ਤਰਾ ਨਹੀਂ ਹੈ, ਇਸ ਲਈ ਕਿਸੇ ਤਰ੍ਹਾਂ ਦੀ ਅਫ਼ਵਾਹ ਨਾ ਫੈਲਾਈ ਜਾਵੇ ਅਤੇ ਨਾ ਹੀ ਘਬਰਾਹਟ ਵਿੱਚ ਆਇਆ ਜਾਵੇ।



ਇਸੇ ਦੌਰਾਨ ਪਟਿਆਲਾ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੀ ਅਜਿਹੀ ਅਫ਼ਵਾਹ ਵੱਲ ਧਿਆਨ ਨਾ ਦੇਣ ਬਲਕਿ ਜੋ ਜਾਣਕਾਰੀ ਅਧਿਕਾਰਤ ਤੌਰ ਉਤੇ ਸਰਕਾਰੀ ਤੌਰ ਉਤੇ ਜਾਰੀ ਕੀਤੀ ਜਾਵੇ, ਉਸ ਉਪਰ ਹੀ ਵਿਸ਼ਵਾਸ਼ ਕਰਨ, ਕਿਉਂ ਜੋ ਲੋਕਾਂ ਨੂੰ ਹਰੇਕ ਜਾਣਕਾਰੀ ਸਮੇਂ-ਸਮੇਂ ਉਪਰ ਪ੍ਰਦਾਨ ਕੀਤੀ ਜਾਵੇਗੀ। ਉ

_ਨ੍ਹਾਂ ਕਿਹਾ ਕਿ ਲੋਕ ਹੜ੍ਹਾਂ ਬਾਬਤ ਕੋਈ ਵੀ ਸੂਚਨਾ ਪਟਿਆਲਾ ਜ਼ਿਲ੍ਹੇ ਵਿੱਚ ਸਥਾਪਤ ਕੀਤੇ ਗਏ ਕੰਟਰੋਲ ਰੂਮ 0175-2350550 ਉਪਰ ਫੋਨ ਕਰਕੇ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਉਪਰ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਾਰੇ ਸਬੰਧਤ ਵਿਭਾਗ ਹਰ ਪੱਖੋਂ ਸੁਚੇਤ ਅਤੇ ਚੌਕਸ ਹਨ।

# ਸਰਕਾਰੀ ਫੰਡਾਂ ਵਿੱਚ ਹੇਰਾਫੇਰੀ ਕਰਨ ਦੇ ਦੋਸ਼ ਹੇਠ ਡੀ.ਡੀ.ਪੀ.ਓ. ਵਿਜੀਲੈਂਸ ਵੱਲੋਂ ਗ੍ਰਿਫ਼ਤਾਰ



**ਚੰਡੀਗੜ੍ਹ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਬਲਾਕ ਅਮਲੋਹ ਤੇ ਪੰਚਾਇਤਾਂ ਨੂੰ ਜਾਰੀ ਸਰਕਾਰੀ ਫੰਡਾਂ ਵਿੱਚ 40,85,175 ਰੁਪਏ ਦੀ ਕਰਨ ਹੇਰਾਫੇਰੀ ਦੇ ਦੋਸ਼ ਹੇਠ ਫਤਿਹਗੜ੍ਹ ਸਾਹਿਬ ਵਿਖੇ ਤਾਇਨਾਤ ਡੀ.ਡੀ.ਪੀ.ਓ. ਕੁਲਵਿੰਦਰ ਸਿੰਘ ਰੰਧਾਵਾ ਅਤੇ ਇੱਕ ਨਿੱਜੀ ਵਿਅਕਤੀ ਹੰਸਪਾਲ ਨੂੰ ਗ੍ਰਿਫਤਾਰ ਕੀਤਾ ਹੈ।

ਇਹ ਪ੍ਰਗਟਾਵਾ ਕਰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਇਸ ਘਪਲੇਬਾਜ਼ੀ ਸਬੰਧੀ ਅਮਲੋਹ ਦੇ ਤੱਤਕਾਲੀ ਬੀ.ਡੀ.ਪੀ.ਓ. ਕੁਲਵਿੰਦਰ ਸਿੰਘ ਰੰਧਾਵਾ (ਹੁਣ ਡੀ.ਡੀ.ਪੀ.ਓ) ਸਮੇਤ ਪੰਜ ਵਿਅਕਤੀਆਂ ਵਿਰੁੱਧ ਵਿਜੀਲੈਂਸ ਥਾਣਾ ਪਟਿਆਲਾ ਰੇਂਜ ਵਿਖੇ ਆਈ.ਪੀ.ਸੀ. ਦੀ ਧਾਰਾ 409, 120-ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13 (1) ਤੇ 13 (2) ਤਹਿਤ ਐਫ.ਆਈ.ਆਰ. ਨੰਬਰ 37 ਮਿਤੀ 09.08.2024 ਦਰਜ ਕੀਤੀ ਗਈ ਹੈ। ਦੱਸਣਯੋਗ ਹੈ ਕਿ ਉਕਤ ਮੁਲਜ਼ਮਾਂ ਨੇ ਆਪਸੀ ਮਿਲੀਭੁਗਤ ਨਾਲ ਕੁੱਝ ਪ੍ਰਾਈਵੇਟ ਫਰਮਾਂ ਅਤੇ ਇੱਕ ਨਿੱਜੀ ਵਿਅਕਤੀ ਦੇ ਨਾਂ ’ਤੇ ਜਾਅਲੀ ਫੰਡ ਜਾਰੀ ਕਰਕੇ ਸਰਕਾਰੀ ਫੰਡਾਂ ਵਿੱਚ 40,85,175 ਰੁਪਏ ਦੀ ਹੇਰਾਫੇਰੀ ਕੀਤੀ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਕੇਸ ਵਿੱਚ ਮੁਲਜ਼ਮ ਕੁਲਵਿੰਦਰ ਸਿੰਘ ਰੰਧਾਵਾ (ਤਤਕਾਲੀ ਬੀਡੀਪੀਓ ਅਮਲੋਹ) ਅਤੇ ਇੱਕ ਨਿੱਜੀ ਵਿਅਕਤੀ ਹੰਸਪਾਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਿਨ੍ਹਾਂ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਚੇਅਰਮੈਨ ਜੱਸੀ ਸੋਹੀਆਂ ਵਾਲਾ ਵੱਲੋਂ ਪਿੰਡ ਲੰਗ ਵਿਖੇ ਲਗਾਏ ਮੈਡੀਕਲ ਚੈਕਅਪ ਕੈਂਪ ਵਿੱਚ ਕੀਤੀ ਸਮੂਲੀਅਤ



ਪਿੰਡ ਲੰਗ ਵਿਖੇ ਲਗਾਏ ਗਏ ਮੈਡੀਕਲ ਚੈੱਕਅਪ ਕੈਂਪ ਦਾ ਨਿਰੀਖਣ ਕਰਦੇ ਹੋਏ ਚੇਅਰਮੈਨ ਜੱਸੀ ਸੋਹੀਆਂ ਵਾਲਾ ਨਾਲ ਜਸਬੀਰ ਸਿੰਘ ਗਾਂਧੀ, ਡੀ.ਐਸ.ਪੀ ਕਰਨੈਲ ਸਿੰਘ ਅਤੇ ਨਾਲ ਗਰਾਊਂਡ ਵਿੱਚ ਬੂਟੇ ਲਾਉਂਦੇ ਹੋਏ।

**ਪਟਿਆਲਾ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨੇੜਲੇ ਪਿੰਡ ਲੰਗ ਵਿਖੇ ਐਨ.ਆਰ.ਆਈ ਸਭਾ ਅਤੇ ਨਗਰ ਨਿਵਾਸੀਆ ਦੇ ਸਹਿਯੋਗ ਨਾਲ ਸਟਾਰ ਮੈਡੀਸਿਟੀ ਸੁਪਰ ਸਪੈਸ਼ਲਿਟੀ ਹਸਪਤਾਲ ਅਤੇ ਟਰੌਮਾ ਸੈਂਟਰ ਪਟਿਆਲਾ ਵਲੋਂ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ। ਜਿਸ ਵਿੱਚ ਜ਼ਿਲ੍ਹਾ ਯੋਜਨਾ ਕਮੇਟੀ ਪਟਿਆਲਾ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਨੇ ਮੁੱਖ ਮਹਿਮਾਨ ਵਜੋਂ ਸਮੂਲੀਅਤ ਕੀਤੀ ਅਤੇ ਸਿਹਤ ਮੰਤਰੀ ਡਾ. ਬਲਵੀਰ ਸਿੰਘ ਦੇ ਦਫਤਰ ਇੰਚਾਰਜ ਜਸਬੀਰ ਸਿੰਘ ਗਾਂਧੀ ਤੇ ਜ਼ਿਲ੍ਹਾ ਟ੍ਰੈਫਿਕ ਪੁਲਿਸ ਦੇ ਡੀ.ਐਸ.ਪੀ ਕਰਨੈਲ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।

ਕੈਂਪ ਦੌਰਾਨ ਸਰਸਰੀ, ਹੱਡੀਆਂ, ਜਰਨਲ ਬੀਮਾਰੀਆਂ ਅਤੇ ਔਰਤਾਂ ਦੇ ਰੋਗਾਂ ਦੇ ਮਾਹਿਰ ਡਾਕਟਰਾਂ ਦੀ ਟੀਮ ਨੇ ਪਹੁੰਚਕੇ ਆਏ ਮਰੀਜਾਂ ਦਾ ਚੈਕਅੱਪ ਕੀਤਾ। ਇਸ ਮੌਕੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਿਹਤ ਮੰਤਰੀ ਡਾ. ਬਲਵੀਰ ਸਿੰਘ ਤੇ ਪੰਜਾਬ ਸਰਕਾਰ ਵਲੋਂ ਸਿਹਤ ਸੇਵਾਵਾਂ ਨੂੰ ਵਧੀਆਂ ਬਣਾਉਣ ਲਈ ਵੱਡੇ ਉਪਰਾਲੇ ਕੀਤੇ ਗਏ ਹਨ ਜਿਸ ਸਦਕਾ ਅੱਜ ਸੂਬੇ ਦੇ ਲੋਕਾਂ ਦਾ ਮੁੜ ਤੋਂ ਸਰਕਾਰੀ ਹਸਪਤਾਲਾਂ ਵਿੱਚ ਇਲਾਜ ਕਰਵਾਉਣ ਲਈ ਵਿਸ਼ਵਾਸ ਪੈਦਾ ਹੋਇਆ ਹੈ। ਉਨ੍ਹਾਂ ਕਿਹਾ ਕਿ ਐਨ.ਆਰ.ਆਈ ਸਭਾ ਲੰਗ ਵਲੋਂ ਪਿੰਡ ਵਾਸੀਆ ਦੇ ਸਹਿਯੋਗ ਨਾਲ ਕਰਵਾਏ ਜਾਂਦੇ ਸਮਾਜ ਸੇਵੀ ਅਤੇ ਲੋਕ ਭਲਾਈ ਦੇ ਕੰਮ ਅਤੀ ਸਲਾਹੁਣਯੋਗ ਹਨ।

ਇਸ ਮੌਕੇ ਚੇਅਰਮੈਨ ਜੱਸੀ ਸੋਹੀਆਂ ਵਾਲਾ, ਡੀ.ਐਸ.ਪੀ (ਟ੍ਰੈਫਿਕ) ਕਰਨੈਲ ਸਿੰਘ ਅਤੇ ਜਸਬੀਰ ਸਿੰਘ ਗਾਂਧੀ ਵਲੋਂ ਪਿੰਡ ਦੇ ਗਰਾਊਂਡ ਵਿੱਚ ਵਾਤਾਵਰਨ ਨੂੰ ਸਾਫ ਸੁਥਰਾ ਬਣਾਉਣ ਲਈ ਬੂਟੇ ਲਾਏ ਗਏ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਪਿੰਡ ਲੰਗ ਦੇ ਗਰਾਊਂਡ ਵਿੱਚ ਨੌਜਵਾਨ ਲਈ ਟ੍ਰੈਕ ਬਣਾਉਣ ਲਈ 2 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਵੀ ਕੀਤਾ। ਇਸ ਮੌਕੇ ਪ੍ਰਬੰਧਕ ਗੁਰਵਿੰਦਰ ਸਿੰਘ, ਮੇਵਾ ਸਿੰਘ ਡਾਇਰੈਕਟਰ, ਬਲਵਿੰਦਰ ਸਿੰਘ ਸਰਪੰਚ, ਕੁਲਦੀਪ ਸਿੰਘ, ਜੀਵਨ ਸਿੰਘ ਸੁੱਧੇਵਾਲ, ਜਸਕਰਨਵੀਰ ਸਿੰਘ ਤੇਜੇ, ਲਾਡੀ ਖਹਿਰਾ, ਪਰਮਿੰਦਰ ਸਿੰਘ ਭੰਗੂ, ਆਪ ਆਗੂ, ਗੁਰਸੇਵਕ ਸਿੰਘ, ਅਤਿੰਦਰ ਸਿੰਘ, ਤਰਸੇਮ ਲਾਲ, ਨਿਰਮਲ ਇਟਲੀ, ਗੁਰਜੰਟ ਸਿੰਘ, ਬਲਕਾਰ ਸਿੰਘ, ਗੁਰਦੀਪ ਸਿੰਘ, ਬੇਅੰਤ ਸਿੰਘ ਸਾਹੀਏਵਾਲ, ਜਸਪ੍ਰੀਤ ਸਿੰਘ ਰਾਇਮਲਮਾਜਰੀ ਵੀ ਮੌਜੂਦ ਸਨ।

# ਦਿਵਿਆਂਗ ਵਿਅਕਤੀਆਂ ਨੂੰ ਸਰਕਾਰੀ ਜਾਂ ਗੈਰ ਸਰਕਾਰੀ ਸਹੂਲਤਾਂ ਤੋਂ ਨਹੀਂ ਰਹਿਣ ਦਿੱਤਾ ਜਾਵੇਗਾ ਵਾਂਝਾ : ਗੁਰਮੀਤ ਸਿੰਘ ਖੁੱਡੀਆਂ



**ਚੰਡੀਗੜ੍ਹ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਅਲਿਮਕੋ ਵੱਲੋਂ ਜਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਹਲਕਾ ਲੰਬੀ ਦੇ ਪਿੰਡ ਮਾਹੂਆਣਾ ਵਿਖੇ ਜਿਲ੍ਹਾ ਪੱਧਰੀ ਕੈਂਪ ਦਾ ਅਯੋਜਨ ਕੀਤਾ ਗਿਆ ਜਿਸ ਵਿਚ ਸ. ਗੁਰਮੀਤ ਸਿੰਘ ਖੁੱਡੀਆਂ ਖੇਤੀਬਾੜੀ ਮੰਤਰੀ ਪੰਜਾਬ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ।

ਇਸ ਮੌਕੇ ਆਪਣੇ ਸੰਬੋਧਨ ਵਿਚ ਸ. ਖੁੱਡੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਦਿਵਿਆਨਜਨਾਂ ਨੂੰ ਸਰਕਾਰੀ ਜਾਂ ਗੈਰ ਸਰਕਾਰੀ ਸਹੂਲਤਾਂ ਮੁਹਈਆ ਕਰਵਾਉਣ ਲਈ ਉਪਰਾਲੇ ਕਰ ਰਹੀ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਅਧੀਨ ਕੰਮ ਕਰ ਰਹੇ ਅਲਿਮਕੋ (ਆਰਟੀਫਿਸ਼ਲ ਲਿੰਬਜ਼ ਮੈਨੂਫੈਕਚਰਿੰਗ ਕਾਰਪੋਰੇਸ਼ਨ ਆਫ ਇੰਡੀਆ ਐਗਜਿਲਰੀ ਪ੍ਰੋਡਕਸ਼ਨ ਸੈਂਟਰ) ਵੱਲੋਂ ਸਰਕਾਰ ਦੀ ਯੋਜਨਾ ਅਡਿੱਪ (ਅਸਿਸਟੈਂਸ ਤੋਂ ਡਿਸਏਬਲਡ ਪਰਸਨ) ਤਹਿਤ ਸਰੀਰਕ ਤੌਰ ਉੱਤੇ ਅਪਾਹਜ ਵਿਅਕਤੀਆਂ ਨੂੰ ਮੁਫ਼ਤ ਬਨਾਵਟੀ ਅੰਗ ਅਤੇ ਹੋਰ ਸਹਾਇਕ ਸਮੱਗਰੀ ਮੁਹੱਈਆ ਕਰਵਾਈ ਜਾ ਰਹੀ ਹੈ ਇਸ ਕੈਂਪ ਵਿੱਚ 43 ਦਿਵਿਆਂਗ ਲਾਭਪਾਤਰੀਆਂ ਨੂੰ 7 ਲੱਖ 21 ਹਜਾਰ ਰੁਪਏ ਦੀ ਲਾਗਤ ਨਾਲ ਬਨਾਵਟੀ ਅੰਗ ਅਤੇ ਉਪਕਰਨ ਜਿਵੇਂ ਕਿ ਮੋਟਰਾਈਜਡ ਟਰਾਈਸਾਈਕਲ, ਟਰਾਈਸਾਈਕਲ, ਵਹੀਲਚੇਅਰ, ਵਿਸਾਖੀਆਂ, ਛੜੀਆਂ, ਕੰਨਾਂ ਦੀਆਂ ਮਸ਼ੀਨਾਂ, ਨੇਤਰਹੀਨ ਵਿਅਕਤੀਆਂ ਲਈ ਸਮਾਰਟ ਫੋਨ, ਸੀਪੀ ਚੇਅਰ ਆਦਿ ਦੀ ਵੰਡ ਕੀਤੀ ਗਈ ਹੈ।

ਸ ਮੌਕੇ ਉਹਨਾਂ ਅਪੀਲ ਕੀਤੀ ਕਿ ਜਿਹੜੇ ਲੋੜਵੰਦ ਦਿਵਿਆਂਗ ਵਿਅਕਤੀਆਂ ਕਿਸੇ ਕਾਰਨ ਇਹਨਾਂ ਸਹੂਲਤਾਂ ਤੋਂ ਵਾਂਝੇ ਰਹਿ ਗਏ ਹਨ ਤਾਂ ਉਹ 15 ਅਗਸਤ ਤੱਕ ਜਿਲਾ ਰੈੱਡ ਕਰਾਸ ਭਵਨ ਸ੍ਰੀ ਮੁਕਤਸਰ ਸਾਹਿਬ ਵਿਖੇ ਆਪਣੀ ਅਰਜੀ ਜਮ੍ਹਾਂ ਕਰਵਾਉਣ ਤਾਂ ਜੋ ਉਹ ਵੀ ਇਹਨਾਂ ਸਹੂਲਤਾਂ ਦਾ ਲਾਭ ਲੈ ਸਕਣ।

ਇਸ ਮੌਕੇ ਸ.ਗੁਰਦੀਪ ਸਿੰਘ ਸੇਖੋਂ ਪ੍ਰਿੰਸੀਪਲ, ਸ. ਜਗਮੋਹਨ ਸਿੰਘ ਮਾਨ ਜਿਲ੍ਹਾ ਭਲਾਈ ਅਫਸਰ, ਸ੍ਰੀ ਪਰਮਜੀਤ ਐਸਐਚਓ ਲੰਬੀ ਤੋਂ ਇਲਾਵਾ ਚੇਅਰਮੈਨ ਰਸ਼ਪਾਲ ਸਿੰਘ ਖੁੱਡੀਆਂ, ਗੁਰਬਾਜ ਸਿੰਘ ਵਣਵਾਲਾ, ਬਲਰਾਜ ਸਿੰਘ ਰਾਜਾ ਮਾਹੂਆਣਾ ਮੌਜੂਦ ਸਨ।

# ਖੁਸ਼ੀ ਫਾਊਂਡੇਸ਼ਨ ਵੱਲੋਂ ਬੱਤੀਆਂ ਵਾਲੇ ਚੌਂਕ ਤੋਂ ਲੈ ਕੇ ਕੈਂਟ ਰੋਡ ਤੱਕ ਲਗਾਏ ਗਏ ਪੌਦੇ



**ਫਾਜ਼ਿਲਕਾ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਨੂੰ ਹਰਾ ਭਰਾ ਬਣਾਉਣ ਲਈ ਚਲਾਈ ਮੁਹਿੰਮ ਤਹਿਤ ਖੁਸ਼ੀ ਫਾਊਂਡਏਸ਼ਨ ਦੀ ਪ੍ਰਧਾਨ ਖੁਸ਼ਬੂ ਸਾਵਨਸੁੱਖਾ ਸਵਨਾ ਧਰਮਪਤਨੀ ਵਿਧਾਇਕ ਸ੍ਰੀ. ਨਰਿੰਦਰਪਾਲ ਸਿੰਘ ਸਵਨਾ ਵੱਲੋਂ ਬੱਤੀਆਂ ਵਾਲੇ ਚੌਕ ਤੋਂ ਲੈ ਕੇ ਕੈਂਟ ਰੋਡ ਤੱਕ ਪੌਦੇ ਲਗਾਏ ਗਏ। ਇਸ ਮੌਕੇ ਉਨ੍ਹਾਂ ਨਾਲ ਨੌਜਵਾਨ ਸਮਾਜ ਸੇਵਾ ਸਭਾ ਦੇ ਪ੍ਰਧਾਨ ਲਵਲੀ ਵਾਲਮੀਕਿ ਤੇ ਉਨ੍ਹਾਂ ਦੀ ਟੀਮ ਨਾਲ ਮੌਜੂਦ ਸੀ ।

ਇਸ ਮੌਕੇ ਸ੍ਰੀਮਤੀ ਖੁਸ਼ਬੂ ਸਾਵਨਸੁੱਖਾ ਸਵਨਾ ਨੇ ਕਿਹਾ ਕਿ ਖੁਸ਼ੀ ਫਾਊਂਡੇਸ਼ਨ ਵੱਲੋਂ ਹਲਕੇ ਵਿਚ 3 ਲੱਖ ਪੌਦੇ ਲਗਾਏ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਵਾਤਾਵਰਨ ਦੀ ਸਾਂਭ-ਸੰਭਾਲ ਲਈ ਪੌਦੇ ਲਗਾਉਣੇ ਬਹੁਤ ਜਰੂਰੀ ਹਨ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਆਪਣੀਆਂ ਆਉਣ ਵਾਲੀਆਂ ਪੀੜੀਆਂ ਨੂੰ ਸਾਫ ਹਵਾ ਤੇ ਹਰਿਆ ਭਰਿਆ ਵਾਤਾਵਰਨ ਦੇਣਾ ਚਾਹੁੰਦੇ ਹਾਂ ਤਾਂ ਬੂਟੇ ਲਗਾਉਣੇ ਬਹੁਤ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਨਾ ਕੇਵਲ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਬਲਕਿ ਉਨ੍ਹਾਂ ਦੀ ਦੇਖਭਾਲ ਵੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਬੂਟੇ ਵੱਡੇ ਹੋ ਕੇ ਦਰੱਖਤ ਬਣਕੇ ਜਿੱਥੇ ਵਾਤਾਵਰਨ ਵਿੱਚ ਤਪਸ ਨੂੰ ਘਟਾਉਣਗੇ ਉੱਥੇ ਹੀ ਕੋਈ ਵੀ ਇਨ੍ਹਾਂ ਦੀ ਠੰਡੀ ਛਾਂ ਦਾ ਵੀ ਆਨੰਦ ਲੈ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਸਾਰੇ ਲੋਕ ਆਪਣੀ ਜਿੰਮੇਵਾਰੀ ਸਮਝਦੇ ਹੋਏ ਪੌਦੇ ਲਗਾਉਣਗੇ ਤਾਂ ਸਾਡਾ ਵਾਤਾਵਰਣ ਬਿਮਾਰੀਆਂ ਤੋਂ ਮੁਕਤ ਹੋਵੇਗਾ ਅਤੇ ਹਰਿਆ ਭਰਿਆ ਵੀ ਬਣੇਗਾ। ਉਨ੍ਹਾਂ ਸਮੂਹ ਹਾਜ਼ਰੀਨ ਨੂੰ ਨਸ਼ਿਆਂ ਖਿਲਾਫ ਜਾਗਰੂਕ ਕਰਦਿਆ ਕਿਹਾ ਕਿ ਇਸ ਭੈੜੀ ਕੁਰੀਤੀ ਤੋਂ ਸਾਡੀ ਨੌਜਵਾਨ ਪੀੜੀ ਨੂੰ ਬਚਣਾ ਚਾਹੀਦਾ ਹੈ।

# ਸਾਬਕਾ ਵਿਧਾਇਕ ਕੰਬੋਜ ਨੇ ਪਿੰਡ ਰਾਮਪੁਰ ਕਲਾਂ ਖੇਤਰ ਵਿੱਚ ਨਜਾਇਜ਼ ਮਾਈਨਿੰਗ ’ਤੇ ਪ੍ਰਗਟਾਈ ਸੀ ਚਿੰਤਾ

## ਐਕਸੀਅਨ ਡਰੇਨੇਜ ਨੇ ਸ਼ਤਾਬਗੜ੍ਹ ਖੇਤਰ ਵਿੱਚ ਚੱਲ ਰਹੀ ਡੀ-ਸਿਲਟਿੰਗ ਸਮਝਾ ਪੱਲਾ ਛਡਾਇਆ

**ਜ਼ੀਰਕਪੁਰ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜਪੁਰਾ ਦੇ ਸਾਬਕਾ ਵਿਧਾਇਕ ਹਰਦਿਆਲ ਕੰਬੋਜ ਨੇ ਪਿਛਲੇ ਦਿਨੀਂ ਘੱਗਰ ਨਦੀ ਦੇ ਕੰਢੇ ਵਸੇ ਪਿੰਡ ਰਾਮਪੁਰ ਕਲਾਂ ਦੀ ਜ਼ਮੀਨ ’ਤੇ ਨਾਜਾਇਜ਼ ਮਾਈਨਿੰਗ ਦੇ ਗੰਭੀਰ ਦੋਸ਼ ਲਾਏ ਸਨ। ਜ਼ਿਕਰਯੋਗ ਹੈ ਕਿ ਵੀਰਵਾਰ ਨੂੰ ਪਿੰਡ ਰਾਮਪੁਰ ਕਲਾਂ ਦੇ ਲੋਕਾਂ ਨੇ ਰਾਜਪੁਰਾ ਦੇ ਸਾਬਕਾ ਵਿਧਾਇਕ ਹਰਦਿਆਲ ’ਤੇ ਘੱਗਰ ਦਰਿਆ ’ਚ ਹੋ ਰਹੀ ਕਥਿਤ ਨਾਜਾਇਜ਼ ਮਾਈਨਿੰਗ ਦਾ ਦੋਸ਼ ਲਗਾਇਆ ਸੀ ਅਤੇ ਪਿੰਡ ਦੀ ਜ਼ਮੀਨ ਨੂੰ ਸਰਕਾਰ ਤੋਂ ਬਿਨਾਂ ਮਨਜ਼ੂਰੀ ਤੋਂ ਮਾਈਨਿੰਗ ਲਈ ਵਰਤਿਆ ਜਾ ਰਿਹਾ ਹੈ। ਜਿਸ ਤੋਂ ਬਾਅਦ ਸ਼ਨੀਵਾਰ ਨੂੰ ਡਰੇਨੇਜ ਅਤੇ ਮਾਈਨਿੰਗ ਵਿਭਾਗ ਦੇ ਐਕਸੀਅਨ ਗੁਰਤੇਜ ਸਿੰਘ ਗਰਚਾ ਨੇ ਛੱਤਬੀੜ ਚਿੜੀਆਘਰ ਦੇ ਪਿੱਛੇ ਬਨੂੜ ਨਹਿਰ ਲਈ ਬਣਾਏ ਡੈਮ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਹੜ੍ਹਾਂ ਦੀ ਸੰਭਾਵਨਾ ਨੂੰ ਰੋਕਣ ਲਈ ਪੰਜਾਬ ਸਰਕਾਰ ਨੇ ਘੱਗਰ ਦਰਿਆ ਵਿੱਚ ਪਾਣੀ ਦੇ ਚੈਨਲਾਈਜ਼ੇਸ਼ਨ ਲਈ ਰੋਇਲੀ ਡੈਮ



ਖੇਤਰ ਵਿੱਚ ਮਿੱਟੀ ਚੁੱਕਣ ਦਾ ਠੇਕਾ ਦਸਮੇਸ਼ ਕੰਸਟਰਕਸ਼ਨ ਕੰਪਨੀ ਨੂੰ 5.25 ਰੁਪਏ ਪ੍ਰਤੀ ਫੁੱਟ ਦੇ ਹਿਸਾਬ ਨਾਲ ਦਿੱਤਾ ਹੈ।

ਐਕਸੀਅਨ ਗੁਰਤੇਜ ਸਿੰਘ ਗਰਚਾ ਨੇ ਦੱਸਿਆ ਕਿ ਜਦੋਂ ਤੋਂ ਘੱਗਰ ਵਿੱਚ ਛੱਤਬੀੜ ਚਿੜੀਆਘਰ ਦੇ ਪਿੱਛੇ ਚੈਕ ਡੈਮ ਬਣਾਇਆ ਗਿਆ ਹੈ, ਉਦੋਂ ਤੋਂ ਡੈਮ ਦੇ ਕੈਚਮੈਂਟ ਏਰੀਏ ਵਿੱਚ ਵੱਡੀ ਮਾਤਰਾ ਵਿੱਚ ਮਿੱਟੀ ਅਤੇ ਗਾਦ ਜਮ੍ਹਾਂ ਹੋ ਗਈ ਹੈ, ਜਿਸ ਕਾਰਨ ਪਾਣੀ ਵਿੱਚ ਰੁਕਾਵਟ ਆ ਰਹੀ ਹੈ, ਜਿਸ ਕਾਰਨ ਜੁਲਾਈ 2023 ਵਿੱਚ ਖੇਤਰ ਵਿੱਚ ਹੜ੍ਹਾਂ ਵਰਗੀ ਸਥਿਤੀ ਪੈਦਾ ਹੋ ਗਈ ਸੀ। ਜਦਕਿ, ਐਕਸੀਅਨ ਗੁਰਤੇਜ ਸਿੰਘ ਗਰਚਾ ਨੂੰ ਵਾਰ-ਵਾਰ ਪੁੱਛਿਆ ਗਿਆ ਕਿ ਪਿੰਡ ਸ਼ਤਾਬਗੜ੍ਹ ਦੇ ਲੋਕਾਂ ਨੇ ਸਾਬਕਾ ਵਿਧਾਇਕ ਹਰਦਿਆਲ ਕੰਬੋਜ ਸਮੇਤ ਪਿੰਡ ਦੀ ਜ਼ਮੀਨ ਵਿੱਚ ਘੱਗਰ ਵਿੱਚ ਕੂੜਾ ਕੱਢਣ ਦੇ ਨਾਂ ’ਤੇ ਨਾਜਾਇਜ਼ ਮਾਈਨਿੰਗ ਕਰਨ ਦੇ ਦੋਸ਼ ਲਾਏ ਹਨ, ਜਿਸ ’ਤੇ ਉਨ੍ਹਾਂ ਕਿਹਾ ਕਿ ਪਿੰਡ ਦੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਉਸ ਨੇ ਕਿਹਾ ਕਿ ਤੱਤਾਂ ਨੇ ਜਾਣ-ਬੁੱਝ ਕੇ ਅਜਿਹੀਆਂ ਖ਼ਬਰਾਂ ਫੈਲਾਈਆਂ ਹਨ, ਉਨ੍ਹਾਂ ਕਿਹਾ ਕਿ ਦੋਸ਼ਾਂ ਦੀ ਅਜੇ ਜਾਂਚ ਕੀਤੀ ਜਾ ਰਹੀ ਹੈ। ਜਦੋਂਕਿ ਮੌਕੇ ’ਤੇ ਮੌਜੂਦ ਪਿੰਡ ਰਾਮਪੁਰ ਕਲਾਂ ਦੇ ਪੰਚਾਇਤ ਮੈਂਬਰ ਕੁਲਦੀਪ ਸਿੰਘ ਦੀ ਹਾਜ਼ਰੀ ’ਚ ਕੂੜਾ ਸੁੱਟਣ ਦਾ ਠੇਕਾ ਦਿੱਤਾ ਗਿਆ ਹੈ, ਜਿਸ ਦੀ ਆੜ ’ਚ ਪਿੰਡ ਰਾਮਪੁਰ ਦੇ ਖੱਬੇ ਪਾਸੇ ਇਲਾਕੇ ’ਚ ਵੱਡੀਆਂ ਪੋਕਲੇਨ ਮਸ਼ੀਨਾਂ ਨਾਲ ਮਾਈਨਿੰਗ ਕੀਤੀ ਜਾ ਰਹੀ ਹੈ।

ਡੈਮ ਕੁਲਦੀਪ ਸਿੰਘ ਨੇ ਪੰਜਾਬ ਸਰਕਾਰ ਦੇ ਉੱਚ ਅਧਿਕਾਰੀਆਂ ਨੂੰ ਇਸ ਸਬੰਧੀ ਸਪੱਸ਼ਟੀਕਰਨ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਜੇਕਰ ਘੱਗਰ ਦੇ ਪਿੰਡ ਰਾਮਪੁਰ ਕਲਾਂ ਦੀ ਜ਼ਮੀਨ ਵਿੱਚ ਖੋਦਾਈ ਦੀ ਮਨਜ਼ੂਰੀ ਦਿੱਤੀ ਗਈ ਹੈ ਤਾਂ ਪਿੰਡ ਦੀ ਪੰਚਾਇਤ ਨੂੰ ਦੱਸਿਆ ਜਾਵੇ ਕਿ ਕਿੰਨੇ ਰਕਬੇ ਵਿੱਚ ਅਤੇ ਕਿੰਨੀ ਡੂੰਘਾਈ ਵਿੱਚ ਖੁਦਾਈ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਡੈਮ ਦੇ ਅੱਗੇ ਵੱਡੀਆਂ ਪੋਕਲੇਨ ਮਸ਼ੀਨਾਂ ਲਗਾ ਕੇ ਦਿਨ-ਰਾਤ ਮਾਈਨਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਮਾਈਨਿੰਗ ਦਾ ਸਾਮਾਨ ਲੈ ਕੇ ਜਾ ਰਹੇ ਬੇਕਾਬੂ ਟਿੱਪਰਾਂ ਕਾਰਨ ਪਿੰਡ ਦੀਆਂ ਸੜਕਾਂ ਟੁੱਟ ਗਈਆਂ ਹਨ, ਜਦਕਿ ਪਿੰਡ ਦਾ ਸਰਕਾਰੀ ਪ੍ਰਾਇਮਰੀ ਸਕੂਲ ਵੀ ਇਸੇ ਸੜਕ ’ਤੇ ਹੈ, ਜਿੱਥੇ ਹਰ ਵੇਲੇ ਕੋਈ ਨਾ ਕੋਈ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਖ਼ਬਰ ਲਿਖੇ ਜਾਣ ਤੱਕ ਜਦੋਂ ਐਕਸੀਅਨ ਗੁਰਤੇਜ ਸਿੰਘ ਗਰਚਾ ਨਾਲ ਦੁਬਾਰਾ ਫ਼ੋਨ ’ਤੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਫ਼ੋਨ ਨਹੀਂ ਚੁੱਕਿਆ। ਜਦਕਿ ਦਸ਼ਮੇਸ਼ ਕੰਸਟਰਕਸ਼ਨ ਕੰਪਨੀ ਦੇ ਹਿੱਸੇਦਾਰ ਜੁਗਨ ਸੇਖੋਂ ਨੇ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਗੁਮਰਾਹਕੁੰਨ ਬਿਆਨ ਦਿੱਤੇ ਜਾ ਰਹੇ ਹਨ ਉਨ੍ਹਾਂ ਦੀ ਕੰਪਨੀ ਵੱਲੋਂ ਡੀ-ਸਿਲਟਿੰਗ ਦਾ ਮਾਲ ਟਿੱਪਰਾਂ ਚ ਭਰ ਕੇਵਲ ਪਿੰਡ ਦਾ ਰਸਤਾ ਇਸਤੇਮਾਲ ਕੀਤਾ ਜਾ ਰਿਹਾ ਹੈ, ਉਨ੍ਹਾਂ ਵੱਲੋਂ ਪਿੰਡ ਦੀ ਇਕ ਇੰਚ ਜਮੀਨ ਵਿੱਚ ਕਿਸੇ ਤਰੀਕੇ ਦੀ ਕੋਈ ਪੁਟਾਈ ਨਹੀਂ ਕੀਤੀ ਜਾ ਰਹੀ।

# ਵਧੀਕ ਡਿਪਟੀਕ ਕਮਿਸ਼ਨਰ ਵੱਲੋਂ ‘ਕੈਚ ਦ ਰੇਨ’ ਪ੍ਰੋਗਰਾਮ ਅਧੀਨ ਪ੍ਰੋਜੈਕਟਾਂ ਦੀ ਸਮੀਖਿਆ

**ਲੁਧਿਆਣਾ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ ਅਨਮੋਲ ਸਿੰਘ ਧਾਲੀਵਾਲ ਵੱਲੋਂ ਜ਼ਿਲ੍ਹੇ ਵਿੱਚ ਜਲ ਸ਼ਕਤੀ ਅਭਿਆਨ: ‘ਕੈਚ ਦ ਰੇਨ’ ਪ੍ਰੋਗਰਾਮ ਤਹਿਤ ਸ਼ੁਰੂ ਕੀਤੇ ਗਏ ਵੱਖ-ਵੱਖ ਪਾਣੀ ਦੀ ਸੰਭਾਲ ਅਤੇ ਹੋਰ ਸੰਭਾਲ ਦੇ ਉਪਰਾਲਿਆਂ ਦਾ ਜਾਇਜ਼ਾ ਲਿਆ।

ਸਥਾਨਕ ਬੱਚਤ ਭਵਨ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਜਦੋਂ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਪਾਣੀ ਦੇ ਪੱਧਰ ਵਿੱਚ ਭਾਰੀ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ ਤਾਂ ਪਾਣੀ ਦੀ ਸੰਭਾਲ ਇੱਕ ਜ਼ਰੂਰੀ ਲੋੜ ਹੈ। ਉਨ੍ਹਾਂ ਦੱਸਿਆ ਕਿ ਇਹ ਪ੍ਰੋਗਰਾਮ ਰੇਨ ਵਾਟਰ ਹਾਰਵੈਸਟਿੰਗ ਅਤੇ ਜ਼ਮੀਨੀ ਪਾਣੀ ਰੀਚਾਰਜ ਸਿਸਟਮ ਸਥਾਪਤ ਕਰਨ, ਪੌਦੇ ਲਗਾਉਣ, ਚੈਕ ਡੈਮ ਬਣਾਉਣ, ਛੱਪੜਾਂ ਦੀ ਸਫ਼ਾਈ, ਛੱਪੜਾਂ ਨੂੰ ਨਹਿਰਾਂ ਨਾਲ ਜੋੜਨ, ਨਰਸਰੀਆਂ ਦੀ ਸਥਾਪਨਾ ਆਦਿ ਰਾਹੀਂ ਪਾਣੀ ਦੀ ਸੰਭਾਲ ਲਈ ਸਾਰੇ ਭਾਈਵਾਲਾਂ ਨੂੰ ਜਾਗਰੂਕ ਕਰਨ ਲਈ ਹੈ।

# ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਭਾਈ ਪਰਮਜੀਤ ਸਿੰਘ ਖਾਲਸਾ ਦੇ ਦੇਹਾਂਤ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਚੰਡੀਗੜ੍ਹ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਭਾਈ ਪਰਮਜੀਤ ਸਿੰਘ ਖਾਲਸਾ ਦੇ ਦੇਹਾਂਤ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਅੱਜ ਇੱਥੋਂ ਜਾਰੀ ਬਿਆਨ ਵਿੱਚ ਵਿਧਾਨ ਸਭਾ ਸਪੀਕਰ ਨੇ ਕਿਹਾ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਭਾਈ ਪਰਮਜੀਤ ਸਿੰਘ ਖਾਲਸਾ ਹਮੇਸ਼ਾ ਪੰਥ ਦਰਦ ਰੱਖਣ ਵਾਲੇ ਸਨ। ਉਹ ਹਮੇਸ਼ਾ ਪੰਥ ਦੀ ਚੜ੍ਹਦੀ ਕਲਾ ਅਤੇ ਏਕਤਾ ਦੇ ਹਾਮੀ ਰਹੇ ਹਨ। ਉਨ੍ਹਾਂ ਵਰਗੀ ਪੰਥਪ੍ਰਸਤ ਸਖ਼ਸ਼ੀਅਤ ਦਾ ਅਕਾਲ ਚਲਾਣਾ ਪੰਥ ਲਈ ਵੱਡਾ ਘਾਟਾ ਹੈ।

# ਸਾਹਿਤ ਕਲਸ਼ ਪਟਿਆਲਾ ਵੱਲੋਂ ਕਵੀ ਸੰਮੇਲਨ ਆਯੋਜਿਤ



**ਪਟਿਆਲਾ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਹਿਤ ਕਲਸ਼ ਪ੍ਰਕਾਸ਼ਨ ਵੱਲੋਂ ਗਰੀਨ ਵੈੱਲ ਅਕੈਡਮੀ ਪਟਿਆਲਾ ਦੇ ਵਿਹੜੇ ਵਿੱਚ ਮਾਸਿਕ ਕਾਵਿ ਸੰਮੇਲਨ ਕਰਵਾਇਆ ਗਿਆ। ਜਿਸ ਵਿੱਚ ਦਿਨੇਸ਼ ਸੂਦ, ਆਰ.ਪੀ.ਸੇਠੀ ਕਮਾਲ, ਪਵਨ ਗੋਇਲ, ਦਲੀਪ ਸਿੰਘ, ਬਲਕਾਰ ਸਿੰਘ ਆਤਿਸ਼, ਮੰਜੂ ਵਾਲੀਆ ਜੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੰਚ ਦੇ ਬਾਨੀ ਸਾਗਰ ਸੂਦ ਨੇ ਵੀ ਮੰਚਸਾਂਝਾ ਕੀਤਾ। ਸਟੇਜ ਸੰਚਾਲਕ ਦੀ ਭੂਮਿਕਾ ਬਜਿੰਦਰ ਠਾਕੁਰ ਅਤੇ ਵਰਿੰਦਰ ਕੌਰ ਨੇ ਬਾਖੂਬੀ ਨਿਭਾਈ।

ਸ਼ਮ੍ਹਾ ਰੌਸ਼ਨ ਕਰਨ ਉਪਰੰਤ ਸੈਮੀਨਾਰ ਦੀ ਸ਼ੁਰੂਆਤ ਕ੍ਰਿਸ਼ਨ ਲਾਲ ਧੀਮਾਨ ਜੀ ਨੇ ਕੀਤੀ। ਆਰ ਪੀ ਸੇਠੀ ਕਮਾਲ ਜੀ ਨੇ ਕੁਝ ਸ਼ੇਰ ਅਤੇ ਆਪਣੀ ਇੱਕ ਕਵਿਤਾ ਸੁਣਾ ਕੇ ਸਰੋਤਿਆਂ ਦਾ ਮਨ ਮੋਹ ਲਿਆ। ਉਪਰੰਤ ਸ਼੍ਰੀ ਬਲਬੀਰ ਸਿੰਘ ਆਤਿਸ਼ ਜੀ ਨੇ ਆਪਣੀ ਇੱਕ ਖੂਬਸੂਰਤ ਗ਼ਜ਼ਲ ਸੁਣਾਈ। ਇਸ ਸੈਮੀਨਾਰ ਵਿੱਚ ਸਾਗਰ ਸੂਦ ਸੰਜੇ, ਪੁਨੀਤ ਗੋਇਲ, ਵਰਿੰਦਰ ਕੌਰ, ਵੀਨਾ ਸੂਦ, ਅਨੁਪ੍ਰੀਤ ਭੱਟੀ, ਕੁਲਵਿੰਦਰ ਕੁਮਾਰ, ਖੁਸ਼ਪ੍ਰੀਤ ਕੌਰ, ਕੁਲਜੀਤ ਕੌਰ, ਪਰਵਿੰਦਰ ਸ਼ੇਖ਼, ਸ਼ਰਵਣ ਕੁਮਾਰ, ਮੰਜੂ ਅਰੋੜਾ, ਸੰਜੇ ਦਰਦੀ, ਬ ?ਜਿੰਦਰ ਠਾਕੁਰ, ਜੈਦੀਪ ਸਿੰਘ, ਬਲਵਿੰਦਰ ਭੱਟੀ, ਕਿਰਪਾਲ ਸਿੰਘ ਓਸ਼ਾਨ, ਬਲਜਿੰਦਰ ਸਰੋਏ, ਪਰਵੀਨ ਵਰਮਾ, ਵਿਜੇ ਕੁਮਾਰ, ਤੇਜਿੰਦਰ ਸਿੰਘ ਅੰਜਾਨਾ, ਮੰਗਤ ਖਾਨ, ਗੁਰਦਰਸ਼ਨ ਗੁਸ਼ੀਲ, ਅਮ੍ਰਿਤ ਜੈਨ, ਗੁਰਸ਼ਰਨ ਸਿੰਘ ਕਾਕਾ, ਅਲਕਾ ਅਰੋੜਾ, ਸੀਮਾ ਸ਼ਰਮਾ, ਆਰ ਪੀ ਗੁਲਾਟੀ, ਬਲਬੀਰ ਸਿੰਘ, ਹਰਿ ਦੱਤ ਹਬੀਬ ਅਤੇ ਨਵੀਨ ਕਮਲ ਜੀ ਨੇ ਆਪੋ-ਆਪਣੀਆਂ ਰਚਨਾਵਾਂ ਨਾਲ ਮਾਂ ਸਰਸਵਤੀ ਦੇ ਚਰਨਾਂ ਵਿੱਚ ਨਤਮਸਤਕ ਹੋਏ।

ਇਸ ਤੋਂ ਇਲਾਵਾ ਸਤਿਕਾਰਯੋਗ ਦਿਨੇਸ਼ ਸੂਦ ਜੀ ਨੇ ਸਾਹਿਤਯਾ ਕੈਲਾਸ਼ ਦੀ ਬੇਹਤਰੀ ਲਈ ਆਪਣੇ ਕੁਝ ਵਿਚਾਰ ਸਮੂਹ ਸਰੋਤਿਆਂ ਨਾਲ ਸਾਂਝੇ ਕੀਤੇ। ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਪਵਨ ਗੋਇਲ ਜੀ ਨੇ ਅਪੀਲ ਕੀਤੀ ਕਿ ਅਸੀਂ ਆਉਣ ਵਾਲੇ ਦਿਨਾਂ ਵਿੱਚ 15 ਅਗਸਤ ਦੀ ਸਵੇਰ ਦੀ ਸ਼ੁਰੂਆਤ ਤਿਰੰਗੇ ਨੂੰ ਸਲਾਮੀ ਦੇ ਕੇ ਪ੍ਰਸਾਦ ਜ਼ਰੂਰ ਬਣਾਉਣਾ ਚਾਹੀਦਾ ਹੈ ਕਿਉਂਕਿ ਸਾਡੇ ਭਾਰਤੀਆਂ ਲਈ ਇਸ ਤੋਂ ਵੱਧ ਖੁਸ਼ੀ ਦਾ ਕੋਈ ਦਿਨ ਨਹੀਂ ਹੋ ਸਕਦਾ। ਇਸ ਸੈਮੀਨਾਰ ਵਿੱਚ ਸਾਰਿਆਂ ਨੇ ਸਾਹਿਤ ਕਲਸ਼ ਪਰਿਵਾਰ ਨੂੰ 7 ਜੁਲਾਈ ਨੂੰ ਹੋਣ ਵਾਲੇ ਸ਼ਾਨਦਾਰ ਸਮਾਗਮ ਦੀ ਸਫਲਤਾ ਲਈ ਦਿਲੋਂ ਵਧਾਈ ਦਿੱਤੀ ਅਤੇ ਕਿਹਾ ਕਿ ਸਾਹਿਤ ਕਲਸ਼ ਨੂੰ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਆਯੋਜਿਤ ਕਰਦੇ ਰਹਿਣੇ ਚਾਹੀਦੇ ਹਨ ਜੋ ਸਮਾਜ ਨੂੰ ਸੇਧ ਅਤੇ ਸਕੂਨ ਪ੍ਰਦਾਨ ਕਰਨ।

ਅੰਤ ਵਿੱਚ ਸਾਹਿਤ ਕਲਸ਼ ਦੀ ਰਵਾਇਤ ਅਨੁਸਾਰ ਪਰਿਵਾਰਕ ਮੈਂਬਰਾਂ ਵੱਲੋਂ ਕੇਕ ਕੱਟ ਕੇ ਜਨਮ ਦਿਨ ਮਨਾਇਆ ਗਿਆ।

# ਵਾਟਰ ਸਪਲਾਈ ਅਤੇ ਸੀਵਰ ਲਾਈਨਾਂ ਦੇ ਪ੍ਰੋਜੈਕਟਾਂ ਲਈ 1088.45 ਲੱਖ ਰੁਪਏ ਦੇ ਮਤੇ ਪਾਸ



**ਹੁਸ਼ਿਆਰਪੁਰ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੇ ਵਿਕਾਸ ਲਈ ਕੀਤੇ ਜਾ ਰਹੇ ਯਤਨਾਂ ਦੇ ਤਹਿਤ, ਹੁਸ਼ਿਆਰਪੁਰ ਨਗਰ ਨਿਗਮ ਨੇ ਹਾਲ ਹੀ ਵਿੱਚ ਵਾਟਰ ਸਪਲਾਈ, ਸੀਵਰ ਲਾਈਨਾਂ ਪਾਉਣ, ਅਤੇ ਪਾਰਕਾਂ ਦੇ ਸੁੰਦਰੀਕਰਨ ਲਈ 1088.45 ਲੱਖ ਰੁਪਏ ਦੇ ਮਤੇ ਪਾਸ ਕੀਤੇ ਹਨ। ਅੱਜ ਹੋਈ ਨਗਰ ਨਿਗਮ ਦੀ ਹਾਊਸ ਮੀਟਿੰਗ ਵਿੱਚ ਇਸ ਅਹਿਮ ਫੈਸਲੇ ਦੀ ਮੰਜ਼ੂਰੀ ਦਿੱਤੀ ਗਈ।

ਨਗਰ ਨਿਗਮ ਦੇ ਮੇਅਰ ਸੁਰਿੰਦਰ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੀਟਿੰਗ ਵਿੱਚ ਡਾ. ਅਮਨਦੀਪ ਕੌਰ (ਪੀ.ਸੀ.ਐਸ), ਕਮਿਸ਼ਨਰ ਨਗਰ ਨਿਗਮ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਮੀਟਿੰਗ ਵਿੱਚ ਸੀਨੀਅਰ ਡਿਪਟੀ ਮੇਅਰ ਪ੍ਰਵੀਨ ਲਤਾ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਚੇਅਰਮੈਨ ਵਿੱਤ ਠੇਕਾ ਕਮੇਟੀ ਅਤੇ ਮਿਉਂਸਪਲ ਕਾਉਂਸਲਰ ਵਾਰਡ ਨੰਬਰ 10 ਬਲਵਿੰਦਰ ਕੁਮਾਰ ਬਿੰਦੀ, ਕਾਉਂਸਲਰ ਅਤੇ ਪੰਜਾਬ ਗਊ ਕਮਿਸ਼ਨ ਦੇ ਮੈਂਬਰ ਜਸਪਾਲ ਚੇਚੀ ਵੱਲੋਂ ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਹਾਜਰ ਹੋ ਕੇ ਇਸ ਮੀਟਿੰਗ ਦੀ ਕਾਰਵਾਈ ਵਿੱਚ ਅਹਿਮ ਭੂਮਿਕਾ ਨਿਭਾਈ ਗਈ। ਇਹਨਾਂ ਸਖਸ਼ੀਅਤਾਂ ਤੋਂ ਇਲਾਵਾ ਨਗਰ ਨਿਗਮ ਦੇ ਵੱਖ ਵੱਖ ਵਾਰਡਾਂ ਦੇ ਕਾਉਂਸਲਰਾਂ ਵੱਲੋਂ ਇਸ ਮੀਟਿੰਗ ਵਿੱਚ ਭਾਗ ਲਿਆ ਗਿਆ।

ਮੀਟਿੰਗ ਵਿੱਚ ਮੁੱਖ ਤੌਰ ’ਤੇ ਸੀਵਰ ਲਾਈਨਾਂ ਪਾਉਣ ਅਤੇ ਸ਼ਹਿਰ ਦੇ ਵੱਖ-ਵੱਖ ਪਾਰਕਾਂ ਦੇ ਸੁੰਦਰਤਾ ਲਈ 645 ਲੱਖ ਰੁਪਏ ਖਰਚ ਕਰਨ ਦੇ ਮਤੇ ਪਾਸ ਕੀਤੇ ਗਏ। ਇਸ ਤੋਂ ਇਲਾਵਾ ਸ਼ਹਿਰ ਦੇ ਵੱਖ ਵੱਖ ਵਾਰਡਾਂ ਵਿੱਚ 3600 ਸਟ੍ਰੀਟ ਲਾਈਟਾਂ ਨੂੰ ਪਹਿਲ ਦੇ ਆਧਾਰ ’ਤੇ ਲਗਾਉਣ ਦੀ ਮੰਜ਼ੂਰੀ ਦਿੱਤੀ ਗਈ। ਡੇਂਗੂ ਦੀ ਰੋਕਥਾਮ ਲਈ ਤੰਗ ਗਲੀਆਂ ਵਿੱਚ ਫੋਗਿੰਗ ਕਰਨ ਲਈ 1.50 ਲੱਖ ਰੁਪਏ ਦੀ ਲਾਗਤ ਨਾਲ 4 ਹੈਂਡੀ ਫੋਗਿੰਗ ਮਸ਼ੀਨਾਂ ਦੀ ਖਰੀਦ ਵੀ ਪ੍ਰਵਾਨ ਕੀਤੀ ਗਈ। ਉਪਰੰਤ, ਅੱਗ ਲੱਗਣ ਦੀਆਂ ਘਟਨਾਵਾਂ ਦੇ ਫੌਰੀ ਇਲਾਜ ਲਈ ਸ਼ਹਿਰ ਤੋਂ ਬਾਹਰ ਫਾਇਰ ਬ੍ਰਿਗੇਡ ਸੇਵਾ ਨੂੰ ਸ਼ਿਫਟ ਕਰਨ ਦਾ ਫੈਸਲਾ ਵੀ ਮੀਟਿੰਗ ਵਿੱਚ ਲਿਆ ਗਿਆ।

ਸੀਵਰੇਜ ਦੀ ਬਲਾਕੇਜ ਨੂੰ ਖਤਮ ਕਰਨ ਅਤੇ ਬਲਾਕੇਜ ਨੂੰ ਫੌਰੀ ਤੌਰ ਤੇ ਹਟਾਉਣ ਲਈ ਸ਼ਹਿਰ ਵਿੱਚ ਵਿਛੀਆਂ ਹੋਈਆਂ ਵੱਖ ਵੱਖ ਸੀਵਰ ਲਾਈਨਾਂ ਦੀ ਗਾਰ ਕੱਢਣ ਲਈ 34.50/- ਲੱਖ ਰੁਪਏ ਦਾ ਖਰਚਾ ਪ੍ਰਵਾਨ ਕੀਤਾ ਗਿਆ। ਮੇਅਰ ਸੁਰਿੰਦਰ ਕੁਮਾਰ ਵੱਲੋਂ ਵਿਸ਼ੇਸ ਤੌਰ ਤੇ ਜਾਣਕਾਰੀ ਦਿੱਤੀ ਗਈ ਕਿ ਹਾਉਸ ਵੱਲੋਂ ਕੁਦਰਤੀ ਨਿਆਂ ਨੂੰ ਦੇਖਦੇ ਹੋਏ ਸ਼ਹਿਰ ਦੀ ਸਾਫ ਸਫਾਈ ਅਤੇ ਸੀਵਰੇਜ ਦੀ ਬਲਾਕੇਜ ਨੂੰ ਦੂਰ ਕਰਨ ਸਬੰਧੀ ਸ਼ਾਨਦਾਰ ਸੇਵਾਵਾਂ ਨਿਭਾਉਣ ਵਾਲੇ 174 ਸਫਾਈ ਕਰਮਚਾਰੀਆਂ ਅਤੇ 38 ਸੀਵਰਮੈਨ ਜੋ ਇਸ ਸਮੇਂ ਠੇਕੇ ਤੇ ਨਗਰ ਨਿਗਮ ਹੇਠ ਕੰਮ ਕਰ ਰਹੇ ਹਨ ਉਹਨਾਂ ਨੂੰ ਰੈਗੂਲਰ ਕਰਨ ਸਬੰਧੀ ਮਤਾ ਪਾਸ ਕਰਕੇ ਸਰਕਾਰ ਨੂੰ ਭੇਜਿਆ ਗਿਆ ਹੈ ਸੁਰਿੰਦਰ ਕੁਮਾਰ ਨੇ ਇਸ ਮੌਕੇ ’ਤੇ ਸ਼ਹਿਰ ਦੇ ਬਹੁਪੱਖੀ ਵਿਕਾਸ ਲਈ ਪੰਜਾਬ ਸਰਕਾਰ ਦੀ ਵਿੱਤੀ ਸਹਾਇਤਾ ਦੀ ਵੀ ਤਾਰੀਫ਼ ਕੀਤੀ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਸ਼ਹਿਰਵਾਸੀਆਂ ਨੂੰ ਪੁਖਤਾ ਅਤੇ 100% ਬੁਨੀਆਦੀ ਸਹੂਲਤਾਂ ਦੇਣ ਲਈ ਵਚਨਬੱਧ ਹੈ ਅਤੇ ਸ਼ਹਿਰ ਦੇ ਬਹੁਪੱਖੀ ਵਿਕਾਸ ਵਿੱਚ ਕੋਈ ਵੀ ਕਸਰ ਨਹੀਂ ਛੱਡੀ ਜਾਵੇਗੀ।ਇਸ ਮੌਕੇ ਨਿਗਰਾਨ ਇੰਜੀਨੀਅਰ ਸਤੀਸ਼ ਕੁਮਾਰ ਸੈਣੀ, ਨਿਗਮ ਇੰਜੀਨੀਅਰ ਹਰਪ੍ਰੀਤ ਸਿੰਘ, ਨਿਗਮ ਇੰਜੀਨੀਅਰ ਕੁਲਦੀਪ ਸਿੰਘ, ਮਿਉਂਸਪਲ ਟਾਉਨ ਪਲੈਨਰ ਲਖਵੀਰ ਸਿੰਘ ਅਤੇ ਦਫਤਰ ਦੇ ਵੱਖ ਵੱਖ ਅਧਿਕਾਰੀ ਇਸ ਮੀਟਿੰਗ ਵਿੱਚ ਹਾਜਰ ਰਹੇ।

# ਡਰੇਨੇਜ ਵਿਭਾਗ ਨੇ ਨਾਭਾ ਡਰੇਨ ਦੀ ਸਫ਼ਾਈ ਸਮੇਂ ਸਿਰ ਮੁਕੰਮਲ ਕਰਵਾਈ





**ਨਾਭਾ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡਰੇਨੇਜ ਵਿਭਾਗ ਪਟਿਆਲਾ ਨਿਗਰਾਨ ਇੰਜੀਨੀਅਰ ਮਨੋਜ ਕੁਮਾਰ ਬਾਂਸਲ ਨੇ ਦੱਸਿਆ ਹੈ ਕਿ ਜਲ ਸਰੋਤ ਵਿਭਾਗ ਵੱਲੋਂ ਮੌਨਸੂਨ ਦੇ ਮੱਦੇਨਜ਼ਰ ਨਾਭਾ ਡਰੇਨ ਦੀ ਸਫਾਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਅਤੇ ਜੋਲ ਸਰੋਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਮੇਂ ਸਿਰ ਕਰਵਾਈ ਗਈ ਹੈ ਅਤੇ ਜਿੱਥੇ ਕਿਤੇ ਲੋੜ ਹੈ, ਉਸ ਦਾ ਕੰਮ ਵੀ ਚੱਲ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਬਰਸਾਤੀ ਸੀਜ਼ਨ ਦੇ ਚੱਲਦਿਆਂ ਨਾਭਾ ਡਰੇਨ ਦੀ ਸਫਾਈ ਦਾ ਕੰਮ ਵਿਭਾਗ ਦੀਆਂ ਮਸ਼ੀਨਾਂ ਰਾਹੀਂ ਵਿਭਾਗੀ ਨਿਗਰਾਨੀ ਹੇਠ ਸਮੇਂ ਸਿਰ ਕਰਵਾਇਆ ਜਾ ਰਿਹਾ ਹੈ। ਜਿਕਰਯੋਗ ਹੈ ਕਿ ਨਾਭਾ ਡਰੇਨ ਅੱਗੇ ਜਾ ਕੇ ਸਰਹਿੰਦ ਚੋਅ ਵਿੱਚ ਮਿਲਦੀ ਹੈ।

ਇੰਜ. ਮਨੋਜ ਕੁਮਾਰ ਨੇ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਨੇ ਕਾਰਜਕਾਰੀ ਇੰਜੀਨੀਅਰ ਪਟਿਆਲਾ ਰਾਜਿੰਦਰ ਘਈ ਅਤੇ ਫੀਲਡ ਸਟਾਫ ਨੂੰ ਨਾਲ ਲੈਕੇ ਮੌਕੇ ਉਪਰ ਕੁੱਝ ਕੰਮਾਂ ਦਾ ਜਾਇਜ਼ਾ ਵੀ ਲਿਆ ਗਿਆ ਹੈ ਅਤੇ ਪਾਇਆ ਕਿ ਇਹ ਕੰਮ ਸਹੀ ਢੰਗ ਨਾਲ ਮੁਕੰਮਲ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਡਰੇਨ ਨੇੜਲੇ ਤੇ ਇਲਾਕਾ ਨਿਵਾਸੀ ਲੋਕਾਂ ਵੱਲੋਂ ਇਸ ਡਰੇਨ ਬਾਰੇ ਕੋਈ ਵੀ ਸ਼ਿਕਾਇਤ ਵਿਭਾਗ ਕੋਲ ਨਹੀਂ ਪੁੱਜੀ। ਉਨ੍ਹਾਂ ਨੇ ਕੁਝ ਥਾਵਾਂ ਉਪਰ ਨਜ਼ਾਇਜ ਕਬਜਿਆਂ ਬਾਰੇ ਦੱਸਿਆ ਕਿ ਇਨ੍ਹਾਂ ਨਜ਼ਾਇਜ ਕਬਜਿਆਂ ਵਿਰੁੱਧ ਕਾਰਵਾਈ ਵੀ ਕੀਤੀ ਜਾ ਰਹੀ ਹੈ, ਮੌਕੇ ਉਪਰ ਨਿਸ਼ਾਨਦੇਹੀ ਕਰਵਾਈ ਜਾ ਚੁੱਕੀ ਹੈ। ਇਸ ਸਬੰਧੀ ਮਾਲ ਵਿਭਾਗ ਨਾਲ ਵਿਭਾਗ ਤਾਲਮੇਲ ਕੀਤਾ ਜਾ ਰਿਹਾ ਹੈ ਅਤੇ ਜਲਦ ਹੀ ਪੁਲਿਸ ਮਦਦ ਲੈ ਕੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

# ਮਾਛੀਵਾੜਾ ਸਾਹਿਬ ਦਾ ਕਮਿਊਨਟੀ ਸੈਂਟਰ ਦੀ ਹਾਲਤ ਤਰਸਯੋਗ

**ਮਾਛੀਵਾੜਾ ਸਾਹਿਬ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸ਼ਹਿਰ ਦੇ ਬੱਸ ਸਟੈਂਡ ਨਜ਼ਦੀਕ ਬਣਿਆ ਹੋਇਆ ਕਮਿਊਨਟੀ ਸੈਂਟਰ ਮਾਛੀਵਾੜਾ ਨਗਰ ਕੌਂਸਲ ਵੱਲੋਂ ਉਸ ਵੱਲ ਧਿਆਨ ਨਾ ਦੇਣ ਕਰਕੇ ਉਹ ਲੋਕਾਂ ਨੂੰ ਦੇਣ ਵਾਲੀਆਂ ਸਾਰੀਆਂ ਸਹੂਲਤਾਂ ਤੋਂ ਵਾਂਝਾ ਹੋ ਚੁੱਕਾ ਹੈ। ਦਰਅਸਲ ਇਹ ਕਮਿਊਨਟੀ ਸੈਂਟਰ ਕਾਂਗਰਸ ਸਰਕਾਰ ਮੌਕੇ ਮਾਛੀਵਾੜਾ ਨਗਰ ਕੌਂਸਲ ਦੇ ਪ੍ਰਧਾਨ ਸ੍ਰੀ ਅਨਿਲ ਸੂਦ ਵੱਲੋਂ ਇਸ ਲਈ ਤਿਆਰ ਕੀਤਾ ਗਿਆ ਸੀ ਤਾਂ ਜੋ ਸ਼ਹਿਰ ਦੇ ਲੋਕ ਇਸ ਜਗ੍ਹਾ ਕੋਈ ਵੀ ਆਪਣੇ ਖੁਸ਼ੀ-ਗਮੀ ਦੇ ਪ੍ਰੋਗਰਾਮ ਕਰ ਸਕਣ। ਇਸ ਕਮਿਊਨਿਟੀ ਸੈਂਟਰ ਦਾ ਨੀਹ ਪੱਥਰ ਉਸ ਸਮੇਂ ਦੇ ਐਮ.ਐਲ.ਏ ਈਸ਼ਰ ਸਿੰਘ ਮਿਹਰਬਾਨ ਦੇ ਯਤਨਾਂ ਸਦਕਾ ਸ੍ਰੀ ਬਾਲ ਮੁਕੰਦ ਸ਼ਰਮਾ ਦੁਆਰਾ 6.5.1995 ਨੂੰ ਰੱਖਿਆ ਗਿਆ ਸੀ, ਜੋ ਉਸ ਸਮੇਂ ਪੰਜਾਬ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਸਨ।

ਇਹ ਕਮਿਊਨਿਟੀ ਸੈਂਟਰ ਬਣਨ ਨਾਲ ਮਾਛੀਵਾੜਾ ਇਲਾਕੇ ਦੇ ਲੋਕਾਂ ਨੂੰ ਤਾਂ ਲਾਭ ਹੋਇਆ ਹੀ ਉਸਦੇ ਨਾਲ ਨਗਰ ਕੌਂਸਲ ਦੇ ਬਜਟ ’ਚ ਵੀ ਵਾਧਾ ਹੋਇਆ। ਕਿਉਂਕਿ ਹਰ ਖੁਸ਼ੀ ਗਮੀ ਦੇ ਪ੍ਰੋਗਰਾਮ ਲਈ ਨਗਰ ਕੌਂਸਲ ਵੱਲੋਂ ਇੱਕ ਫੀਸ ਪਰਚੀ ਤੈਅ ਕੀਤੀ ਗਈ ਸੀ। ਪਰ ਜੇ ਅੱਜ ਦੀ ਗੱਲ ਕਰੀਏ ਤਾਂ ਕਮਿਊਨਟੀ ਸੈਂਟਰ ਦੀ ਨਗਰ ਕੌਂਸਲ ਵੱਲੋਂ ਸਾਂਭ ਸੰਭਾਲ ਨਾ ਹੋਣ ਕਰਕੇ ਪੰਜਾਬ ਸਰਕਾਰ ਵੱਲੋਂ ਖਰਚਿਆ ਕਰੋੜਾਂ ਰੁਪਇਆ ਮਿੱਟੀ ਹੁੰਦਾ ਦਿਖਾਈ ਦੇ ਰਿਹਾ ਹੈ, ਕਿਉਂਕਿ ਨਾ ਤਾਂ ਅੰਦਰ ਏ.ਸੀ ਚੱਲਦਾ ਹੈ ਅਤੇ ਨਾ ਹੀ ਜਨਰੇਟਰ, ਲੰਮੇ ਸਮੇਂ ਤੋਂ ਇਲਾਕੇ ਦੇ ਲੋਕ ਨਗਰ ਕੌਂਸਲ ਅਧਿਕਾਰੀਆਂ ਤੋਂ ਇਹੀ ਸੁਣਦੇ ਆ ਰਹੇ ਹਨ ਕਿ ਬਹੁਤ ਜਲਦ ਇਹਨਾਂ ਨੂੰ ਠੀਕ ਕਰਵਾਇਆ ਜਾਵੇਗਾ, ਪਰ ਇਹ ਸਭ ਕੁਝ ਸੁਣਦਿਆਂ ਨੂੰ ਵੀ ਕਈ ਸਾਲ ਬੀਤ ਚੁੱਕੇ ਹਨ, ਜਿਸ ਕਾਰਨ ਹੁਣ ਤਾਂ ਕਮਿਊਨਟੀ ਹਾਲ ਦੀਆਂ ਦੀਵਾਰਾਂ ਤੇ ਲੱਗੀ ਹੋਈ ਡੈਕੋਰੇਸ਼ਨ ਵੀ ਕਈ ਜਗ੍ਹਾ ਤੋਂ ਟੁੱਟ ਚੁੱਕੀ ਹੈ। ਕਮਿਊਨਿਟੀ ਸੈਂਟਰ ’ਚ ਪ੍ਰੋਗਰਾਮ ਕਰਵਾਉਣ ਵਾਲਿਆਂ ਨੂੰ ਸਿਰਫ ਸਿਰ ਢਕਣ ਲਈ ਛੱਤ ਤੋਂ ਇਲਾਵਾ ਹੋਰ ਕੁਝ ਨਹੀਂ ਮਿਲਦਾ, ਕਿਉਂਕਿ ਸਭ ਤੋਂ ਪਹਿਲਾਂ ਉਹਨਾਂ ਨੂੰ ਜਨਰੇਟਰ ਦਾ ਇੰਤਜ਼ਾਮ ਕਰਨਾ ਪੈਂਦਾ ਹੈ ਫਿਰ ਪੱਖੇ ਅਤੇ ਕੂਲਰ ਲੈ ਕੇ ਆਉਣੇ, ਉਸ ਤੋਂ ਬਾਅਦ ਟੁੱਟੀਆਂ ਦੀਵਾਰਾਂ ਨੂੰ ਢਕਣ ਲਈ ਉਹਨਾਂ ਤੇ ਪਰਦੇ ਲਗਾਉਣੇ ਪੈਂਦੇ ਹਨ, ਬਾਥਰੂਮ ਵੀ ਬਹੁਤ ਮਾੜੀ ਕੰਡੀਸ਼ਨ ’ਚ ਹਨ ਅਤੇ ਬਾਹਰ ਉੱਗਿਆ ਗੋਡੇ-ਗੋਡੇ ਘਾਹ ਮਾਛੀਵਾੜਾ ਨਗਰ ਕੌਂਸਲ ਦੀ ਸਫਾਈ ਮੁਹਿੰਮ ਦੇ ਪਰਦੇ ਖੋਲਦਾ ਹੋਇਆ ਕਮਿਊਨਿਟੀ ਸੈਂਟਰ ਆਪਣੇ ਆਪ ਨੂੰ ਲਵਾਰਿਸ ਹੋਣ ਦਾ ਅਹਿਸਾਸ ਕਰਵਾ ਰਿਹਾ ਹੈ। ਫਿਲਹਾਲ ਜੇ ਵੇਖਿਆ ਜਾਵੇ ਤਾਂ ਮਾਛੀਵਾੜਾ ਨਗਰ ਕੌਂਸਲ ’ਚ ਕਮਿਊਨਟੀ ਸੈਂਟਰ ’ਚ ਪ੍ਰੋਗਰਾਮ ਕਰਵਾਉਣ ਵਾਲਿਆਂ ਨੂੰ ਸਿਰਫ ਇਸ ਦੀ ਛੱਤ ਹੀ ਨਸੀਬ ਹੁੰਦੀ ਹੈ ਬਾਕੀ ਦਾ ਸਾਰਾ ਤਾਮਝਾਮ ਉਹਨਾਂ ਨੂੰ ਆਪ ਕਰਨਾ ਪੈਂਦਾ ਹੈ, ਜਿਸ ਕਾਰਨ ਸਹੂਲਤਾਂ ਪੱਖੋਂ ਇਹ ਆਮ ਲੋਕਾਂ ਲਈ ਸਿਰਫ ਚਿੱਟਾ ਹਾਥੀ ਬਣ ਕੇ ਰਹਿ ਗਿਆ ਹੈ। ਆਖਿਰ ਖੰਡਰ ਬਣਦੇ ਜਾ ਰਹੇ ਕਮਿਊਨਿਟੀ ਸੈਂਟਰ ਦੀ ਹਾਲਤ ਚ ਕਦੋਂ ਸੁਧਾਰ ਹੋਵੇਗਾ..?



ਕਮਿਊਨਿਟੀ ਸੈਂਟਰ ਦਾ ਬਾਹਰੀ ਦ੍ਰਿਸ਼ ਜਿੱਥੇ ਗੋਡੇ-ਗੋਡੇ ਘਾਹ ਉੱਗ ਚੁੱਕਾ ਹੈ, ਅਤੇ ਅੰਦਰ ਦੀਆਂ ਖਸਤਾ ਹਾਲ ਤਸਵੀਰਾਂ

# ਸਾਬਕਾ ਸਪੀਕਰ ਰਾਣਾ ਕੇਪੀ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਕਲੱਬ ਵਲੋਂ ਤਹਿਸੀਲ

**ਸ੍ਰੀ ਅਨੰਦਪੁਰ ਸਾਹਿਬ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਸਪੋਰਟਸ ਤੇ ਕਲਚਰਲ ਕਲੱਬ ਵਲੋਂ ਤਹਿਸੀਲ ਕੰਪਲੈ ਕਸ਼ ਵਿਖੇ ਬੂਟਾ ਲਗਾ ਕੇ ਵਣ ਮਹਾਂਉਤਸਵ ਮਨਾਇਆ ਗਿਆ।ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਰਾਣਾ ਕੰਵਰਪਾਲ ਸਿੰਘ ਨੇ ਕਿਹਾ ਕਿ ਕਲੱਬ ਵਲੋਂ ਵਾਤਾਵਰਣ ਦੇ ਸੰਤੁਲਣ ਨੂੰ ਕਾਇਮ ਰੱਖਣ ਲਈ ਕੀਤੇ ਜਾ ਰਹੇ ਉਪਰਾਲੇ ਬਹੁਤ ਹੀ ਸ਼ਲਾਘਾਯੋਗ ਹਨ।ਜਿਸ ਲਈ ਕਲੱਬ ਦੇ ਪ੍ਰਧਾਨ ਹਕੀਮ ਹਰਮਿੰਦਰਪਾਲ ਸਿੰਘ ਵਧਾਈ ਦੇ ਪਾਤਰ ਹਨ।ਉਨ੍ਹਾਂ ਕਿਹਾ ਕਿ ਹਰੇਕ ਸਾਲ ਲੱਖਾਂ ਦੀ ਗਿਣਤੀ ਵਿੱਚ ਬੂਟੇ ਲਗਾਏ ਜਾਂਦੇ ਹਨ। ਪਰੰਤੂ ਉਹਨਾ ਦੀ ਸਾਂਭ-ਸੰਭਾਲ ਲਈ ਉਹ ਸੂਬਾ ਸਰਕਾਰ ਨੂੰ ਅਪੀਲ ਕਰਦੇ ਹਨ ਕਿ ਇਸ ਲਈ ਯੋਗ ਪ੍ਰਬੰਧ ਕੀਤਾ ਜਾਵੇ ਤਾਂ ਹੀ ਸਾਡਾ ਕੁਦਰਤੀ ਸੰਤੁਲਣ ਠੀਕ ਹੋ ਸਕੇਗਾ।

ਇਸ ਤੋ ਪਹਿਲਾਂ ਕਲੱਬ ਦੇ ਪ੍ਰਧਾਨ ਹਕੀਮ ਹਰਮਿੰਦਰਪਾਲ ਸਿੰਘ ਮਿਨਹਾਸ ਨੇ ਕਿਹਾ ਕਿ ਕਲੱਬ ਵਲੋਂ 1974 ਤੋਂ ਸਾਂਝੀਆਂ ਥਾਵਾਂ ਤੇ ਬੂਟੇ ਲਗਾਉਣ ਦੀ ਮੁਹਿਮ ਸ਼ੁਰੂ ਕੀਤੀ ਹੋਈ ਹੈ



# ਝੋਨੇ ਦੀ ਰਹਿੰਦ- ਖੂੰਹਦ ਸਬੰਧੀ ਪਿੰਡ ਲੋਹਗੜ੍ਹ ਵਿਖੇ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ

**ਬਰਨਾਲਾ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀ ਬਾੜੀ ਅਤੇ ਕਿਸਾਨ ਭਲਾਈ ਵਿਭਾਗ, ਬਲਾਕ ਮਹਿਲ ਕਲਾਂ ਵੱਲੋਂ ਡਿਪਟੀ ਕਮਿਸ਼ਨਰ, ਬਰਨਾਲਾ ਸ੍ਰੀਮਤੀ ਪੂਨਮਦੀਪ ਕੌਰ ਅਤੇ ਮੁੱਖ ਖੇਤੀਬਾੜੀ ਅਫ਼ਸਰ, ਬਰਨਾਲਾ ਡਾ. ਜਗਦੀਸ਼ ਸਿੰਘ ਦੇ ਦਿਸ਼ਾ- ਨਿਰਦੇਸ਼ਾਂ ਤਹਿਤ ਅੱਜ ਪਿੰਡ ਲੋਹਗੜ੍ਹ ਵਿਖੇ ਸੀ.ਆਰ.ਐਮ ਸਕੀਮ ਅਧੀਨ ਫਸਲਾਂ ਦੀ ਰਹਿੰਦ-ਖੂਹੰਦ ਨੂੰ ਅੱਗ ਨਾ ਲਾਉਣ ਸਬੰਧੀ ਪਿੰਡ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ, ਜਿਸ ਦੌਰਾਨ ਇਲਾਕੇ ਦੇ ਕਿਸਾਨਾਂ ਨੇ ਸ਼ਮੂਲੀਅਤ ਕੀਤੀ।

ਇਸ ਦੌਰਾਨ ਸਨਵਿੰਦਰਪਾਲ ਸਿੰਘ ਬਰਾੜ, ਬਲਾਕ ਤਕਨੀਕੀ ਮੇਨੈਜ਼ਰ, ਮਹਿਲ ਕਲਾਂ ਨੇ ਕਿਸਾਨਾਂ ਨੂੰ ਸੰਬੋਧਨ ਕਰਦੇ ਕਿਹਾ ਕਿ ਜਿੱਥੇ ਅਸੀਂ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਕੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰ ਰਹੇ ਹਾਂ. ਉੱਥੇ ਧਰਤੀ ਦੀ ਉਪਜਾਊ ਸ਼ਕਤੀ ਅਤੇ ਮਿੱਤਰ ਕੀੜੇ ਵੀ ਮਾਰ ਰਹੇ ਹਾਂ।

ਉਨ੍ਹਾਂ ਕਿਹਾ ਕਿ ਝੋਨੇ ਦੀ ਪਰਾਲੀ ਬਿਨਾਂ ਅੱਗ ਲਗਾਏ ਖੇਤ ਵਿੱਚ ਵਾਹਕੇ ਹੀ ਨਵੀਆਂ ਤਕਨੀਕਾਂ (ਹੈਪੀਸੀਡਰ, ਸੁਪਰਸੀਡਰ ਆਦਿ) ਨਾਲ ਹੀ ਕਣਕ ਦੀ ਬਿਜਾਈ ਕੀਤੀ ਜਾਵੇ ਤਾਂ ਜੋ ਆਉਣ ਵਾਲੀਆਂ ਨਸਲਾਂ ਲਈ ਸ਼ੁੱਧ ਵਾਤਾਵਰਨ ਪ੍ਰਦਾਨ ਕੀਤਾ ਜਾ ਸਕੇ।ਇਸ ਮੌਕੇ ਉਹਨਾਂ ਨੇ ਆਤਮਾ ਸਕੀਮ ਅਧੀਨ ਦਿੱਤੀ ਜਾਂਦੀ ਸਹਾਇਤਾ (ਪ੍ਰਦਰਸ਼ਨੀ ਪਲਾਟ, ਟਰੇਨਿੰਗਾਂ, ਪ੍ਰਭਾਵੀ ਦੌਰੇ ਆਦਿ) ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ।




# ਬਰਸਾਤੀ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਪਿੰਡ ਸਮਗੋਲੀ ਦੇ ਵਾਸੀ ਮਜਬੂਰ ਹਨ ਨਰਕ ਭਰੀ ਜ਼ਿੰਦਗੀ ਜਿਊਣ ਲਈ

**ਡੇਰਾ ਬਸੀ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਰਾਬਸੀ ਬਲਾਕ ਦੇ ਪਿੰਡ ਸਮਗੋਲੀ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਪਿੰਡ ਵਾਸੀ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਪਾਣੀ ਦੀ ਨਿਕਾਸੀ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਨਿਕਾਸੀ ਨਾ ਹੋਣ ਕਾਰਨ ਨੀਵੇਂ ਇਲਾਕਿਆਂ ਵਿੱਚ ਕਈ ਦਿਨਾਂ ਤੋਂ ਪਾਣੀ ਭਰਿਆ ਹੋਇਆ ਹੈ, ਜਿਸ ਕਾਰਨ ਪਿੰਡ ਵਾਸੀਆਂ ਵਿੱਚ ਭਿਆਨਕ ਬਿਮਾਰੀਆਂ ਫੈਲਣ ਦਾ ਡਰ ਬਣਿਆ ਹੋਇਆ ਹੈ। ਪਿੰਡ ਵਾਸੀਆਂ ਅਨੁਸਾਰ ਉਹ ਇਸ ਮਾਮਲੇ ਸਬੰਧੀ ਸਬੰਧਤ ਵਿਭਾਗ ਨੂੰ ਅਪੀਲ ਕਰ ਚੁੱਕੇ ਹਨ ਪਰ ਕੋਈ ਸੁਣਵਾਈ ਨਹੀਂ ਹੋਈ। ਉਨ੍ਹਾਂ ਪ੍ਰਸ਼ਾਸਨ ਤੋਂ ਜਲਦੀ ਤੋਂ ਜਲਦੀ ਸਮੱਸਿਆ ਦਾ ਹੱਲ ਕਰਨ ਦੀ ਅਪੀਲ ਕੀਤੀ ਹੈ।

ਜਾਣਕਾਰੀ ਅਨੁਸਾਰ ਬੀਤੀ ਰਾਤ ਹੋਈ ਭਾਰੀ ਬਰਸਾਤ ਕਾਰਨ ਪਿੰਡ ਸਮਗੋਲੀ ਵਿੱਚ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਦੋ ਦੋ ਫੁੱਟ ਪਾਣੀ ਭਰ ਗਿਆ। ਭਾਰੀ ਬਰਸਾਤ ਕਾਰਨ ਆਸ-ਪਾਸ ਦੇ ਖੇਤਾਂ ਵਿੱਚ ਕਾਫੀ ਪਾਣੀ ਇਕੱਠਾ ਹੋਇਆ ਜਦਕਿ ਸੜਕਾਂ ’ਤੇ ਵੀ ਪਾਣੀ ਜਮ੍ਹਾਂ ਹੋ ਗਿਆ। ਜਿਸ ਕਾਰਨ ਇੱਕ ਪਾਸੇ ਤਾਂ ਭਾਰੀ ਬਦਬੂ ਆ ਰਹੀ ਹੈ ਅਤੇ ਦੂਜੇ ਪਾਸੇ ਮੱਖੀਆਂ ਤੇ ਮੱਛਰਾਂ ਦੀ ਭਰਮਾਰ ਹੋਣ ਕਾਰਨ ਲੋਕਾਂ ਵਿੱਚ ਗੰਭੀਰ ਬਿਮਾਰੀਆਂ ਫੈਲਣ ਦਾ ਡਰ ਬਣਿਆ ਹੋਇਆ ਹੈ। ਪਿੰਡ ਵਾਸੀਆਂ ਨੇ ਪ੍ਰਸ਼ਾਸਨ ਤੋਂ ਜਲਦੀ ਤੋਂ ਜਲਦੀ ਇਸ ਸਮੱਸਿਆ ਤੋਂ ਨਿਜਾਤ ਦਿਵਾਉਣ ਦੀ ਅਪੀਲ ਕੀਤੀ ਹੈ।



# ਆਸ਼ਾ ਵਰਕਰਾਂ ਨੇ ਪੰਜਾਬ ਸਰਕਾਰ ਵਿਰੁੱਧ ਕੀਤੀ ਨਾਅਰੇਬਾਜ਼ੀ ਅਤੇ ਫੂਕਿਆ ਪੁਤਲਾ

**ਮਾਛੀਵਾੜਾ ਸਾਹਿਬ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਸ਼ਾ ਵਰਕਰਜ ਫੈਸੀਲੀਟੇਟਰਜ ਸਾਂਝਾ ਮੋਰਚਾ ਪੰਜਾਬ ਦੇ ਸੱਦੇ ਤੇ ਮਾਛੀਵਾੜਾ ਸਾਹਿਬ ਬਲਾਕ ਦੀਆਂ ਆਸ਼ਾ ਵਰਕਰਾਂ ਵੱਲੋਂ ਬਲਾਕ ਪ੍ਰਧਾਨ ਮੀਨਾ ਕੁਮਾਰੀ ਦੀ ਅਗਵਾਈ ਹੇਠ ਮੰਗਾਂ ਨਾ ਮੰਨਣ ਤੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ।

ਸਥਾਨਕ ਮੁਢਲਾ ਸਿਹਤ ਕੇਂਦਰ ਵਿੱਚ ਆਸ਼ਾ ਵਰਕਰਾਂ ਵੱਲੋਂ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਪੁਤਲਾ ਫੂਕਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਾਕ ਪ੍ਰਧਾਨ ਮੀਨਾ ਕੁਮਾਰੀ ਨੇ ਦੱਸਿਆ ਕਿ ਆਸ਼ਾ ਵਰਕਰਾਂ ਦੀਆਂ ਮੰਗਾਂ ਜਿਵੇਂ ਵਰਕਰਜ਼ ਫੈਸੀਲਿਟੇਟਰਜ਼ ਨੂੰ ਉਜਰਤ ਅਤੇ ਕਾਨੂੰਨ ਤਹਿਤ ਘੱਟੋ ਘੱਟ 26000ਰੁ: ਦੇ ਰੈਗੂਲਰ ਕੀਤਾ ਜਾਵੇ ਜੀ,

ਆਸ਼ਾ ਵਰਕਰਜ ਫੈਸੀਲਿਟੇਟਰਜ਼ ਨੂੰ ਕੰਮ ਕਰਨ ਦੀ ਉਮਰ ਹੱਦ 58 ਸਾਲ ਤੋਂ 62 ਸਾਲ ਕਰਨ ਬਾਰੇ ਪੱਤਰ ਤੁਰੰਤ ਲਾਗੂ ਕੀਤਾ ਜਾਵੇ ਜੀ, 58 ਸਾਲ ਵਾਲੀਆਂ ਸੇਵਾ ਮੁਕਤ ਕੀਤੀਆਂ ਆਸ਼ਾ ਵਰਕਰਾਂ ਨੂੰ ਬਹਾਲ ਕੀਤਾ ਜਾਵੇ, ਆਸ਼ਾ ਵਰਕਰਾਂ ਨੂੰ 10 ਹਜ਼ਾਰ ਰੁਪਏ ਮਹੀਨਾ ਪੈਨਸ਼ਨ ਦਿੱਤੀ ਜਾਵੇ, ਇਸ ਤੋਂ ਇਲਾਵਾ ਵਰਕਰ ਦੀ ਮੌਤ ਹੁਣ ਉਪਰੰਤ ਉਸਦੇ ਪਰਿਵਾਰਕ ਮੈਂਬਰ ਨੂੰ ਨੌਕਰੀ ਦਿੱਤੀ ਜਾਵੇ ਤੇ ਦੁਰਘਟਨਾ ਬੀਮਾ ਕੀਤਾ ਜਾਵੇ। ਪ੍ਰਧਾਨ ਮੀਨਾ ਕੁਮਾਰੀ ਨੇ ਦੱਸਿਆ ਕਿ ਸਰਕਾਰ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਹ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਸੀ ਪਰ ਅਜੇ ਤੱਕ ਸਰਕਾਰ ਨੇ ਆਸ਼ਾ ਵਰਕਰਾਂ ਦੀਆਂ ਇਹ ਮੰਗਾਂ ਨਹੀਂ ਮੰਨੀਆਂ ਜਿਸ ਕਾਰਨ ਆਸ਼ਾ ਵਰਕਰਾਂ ਵਿੱਚ ਭਾਰੀ ਰੋਸ ਹੈ ਕਿਉਂਕਿ ਆਸ਼ਾ ਵਰਕਰਾਂ ਤੋਂ ਨਿਗੁਣੇ ਮਿਹਨਤਾਨੇ ਤੇ ਕੰਮ ਕਰਵਾਇਆ ਜਾਂਦਾ ਹੈ ਅਤੇ ਉਹਨਾਂ ਨੂੰ ਮਾਣਭੱਤਾ ਬਹੁਤ ਘੱਟ ਦਿੱਤਾ ਜਾਂਦਾ ਹੈ। ਆਸ਼ਾ ਵਰਕਰਾਂ ਨੇ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਸਰਕਾਰ ਆਸ਼ਾ ਵਰਕਰਾਂ ਦੀਆਂ ਮੰਗਾਂ ਨੂੰ ਜਲਦ ਮੰਨੇ ਅਤੇ ਇਸਦਾ ਨੋਟੀਫਿਕੇਸ਼ਨ ਜਾਰੀ ਕਰੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਮੀਤ ਕੌਰ, ਕਮਲਜੀਤ ਕੌਰ, ਮਨਜਿੰਦਰ ਕੌਰ, ਨੀਲਮ ਰਾਣੀ, ਮਨਪ੍ਰੀਤ ਕੌਰ, ਕੁਲਵਿੰਦਰ ਕੌਰ, ਜਸਪਾਲ ਕੌਰ, ਸਵਿਤਾ ਰਾਣੀ, ਹਰਪਾਲ ਕੌਰ, ਹਰਜੀਤ ਕੌਰ, ਗੁਰਪ੍ਰੀਤ ਕੌਰ, ਜਸਵੀਰ ਕੌਰ ਆਦਿ ਵੀ ਮੌਜੂਦ ਸਨ।



# ਮੇਲਾ ਤੀਆਂ ਤੀਜ ਦੀਆਂ ਯੋਗਾ ਗਰੁੱਪ ਦੀਆਂ ਇਕੋ ਸਿਟੀ ਵਨ ਨਿਊ ਚੰਡੀਗੜ੍ਹ ਵਿਖੇ ਕਰਵਾਇਆ ਗਿਆ

**ਨਿਊ ਚੰਡੀਗੜ੍ਹ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇਕੋ ਸਿਟੀ ਵਨ ਨਿਊ ਚੰਡੀਗੜ੍ਹ ਦੀਆਂ ਯੋਗਾ ਗਰੁੱਪ ਦੀਆਂ ਸਮੂਹ ਔਰਤਾਂ ਵੱਲੋਂ ਸਾਂਝੇ ਤੌਰ ’ਤੇ ਤੀਆਂ ਦਾ ਤਿਉਹਾਰ ਚਾਅ ਤੇ ਉਤਸ਼ਾਹ ਨਾਲ ਸ੍ਰੀ ਮਤੀ ਪ੍ਰੇਮਜੀਤ ਕੌਰ ਸੰਧੂ ਦੀ ਦੇਖਰੇਖ ਹੇਠ ਮਨਾਇਆ ਗਿਆ। ਇਸ ਮੌਕੇ ਵੱਖ ਵੱਖ ਤਰ੍ਹਾਂ ਦੇ ਔਰਤਾਂ ਦੇ ਪਸੰਦੀਦਾ ਖਾਣ ਪੀਣ ਦੇ ਪਦਾਰਥਾਂ ਦਾ ਪ੍ਰਬੰਧ ਵੀ ਕੀਤਾ ਗਿਆ।

ਇਸ ਮੌਕੇ ਰੰਗ ਬਰੰਗੀਆਂ ਰੱਸੀਆਂ ਨਾਲ ਵੱਡੇ ਦਰੱਖਤ ਤੇ ਪੀਂਘ ਪਾਈ ਗਈ ਅਤੇ ਸਭ ਨੇ ਵਾਰੀ ਵਾਰੀ ਪੀਂਘ ਝੂਟ ਕੇ ਅਨੰਦ ਮਾਣਿਆ।ਇਸ ਤੋਂ ਇਲਾਵਾ ਇਸ ਨਵੀ ਬਣੀ ਸੁਸਾਇਟੀ ਭਾਰਤ ਦੀਆਂ ਵੱਖ ਵੱਖ ਸਟੇਟਾਂ ਤੋਂ ਆ ਕੇ ਲੋਕ ਵਸੇ ਹੋਏ ਹਨ। ਸੁਸਾਇਟੀ ਦੀਆਂ ਔਰਤਾਂ ਆਪਣੇ ਆਪਣੇ ਵਿਰਸੇ ਮੁਤਾਬਕ ਅਤੇ ਪੰਜਾਬੀ ਵਿਰਸੇ ਨੂੰ ਪ੍ਰਫੁਲਿਤ ਕਰਨ ਲਈ ਪੰਜਾਬੀ ਸੂਟਾਂ ਤੇ ਰੰਗ ਬਰੰਗੀਆਂ ਫੁੱਲਕਾਰੀਆਂ ਲੈ ਕੇ ਸਜ ਧਜ ਕੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਈਆਂ। ਪਿੰਡ ਦੀਆਂ ਔਰਤਾਂ, ਧੀਆਂ ਧਿਆਣੀਆਂ ਵੀ ਪੰਜਾਬੀ ਸੂਟ ਪਾ ਕੇ ਸਿਰਾਂ ਤੇ ਫੁਲਕਾਰੀਆਂ ਸਜ਼ਾ ਕੇ ਪੰਡਾਲ ਵਿੱਚ ਪਹੁੰਚੀਆਂ।ਇਸ ਮੌਕੇ ਪੁਰਾਣੇ ਵਿਰਸੇ ਨਾਲ ਸੰਬੰਧਤ ਚਰਖਾ, ਮਧਾਣੀ, ਪੱਖੀਆਂ, ਚੱਕੀ ਅਤੇ ਹੋਰ ਸਮਾਨ ਪੰਡਾਲ ਵਿੱਚ ਸਜਾਇਆ ਗਿਆ। ਇਸ ਮੌਕੇ ਸਮੂਹ ਸ਼ਾਮਲ ਔਰਤਾਂ ਨੇ ਇੱਕ ਦੂਜੀ ਨੂੰ ਤੀਆਂ ਦੇ ਤਿਉਹਾਰ ਦੀ ਵਧਾਈ ਦਿੱਤੀ।ਇਸ ਤੀਆਂ ਦੇ ਮੇਲੇ ਦੌਰਾਨ ਢੋਲ ਦੇ ਡੱਗੇ ਨਾਲ ਬੋਲੀਆਂ ਪਾਈਆਂ ਗਈਆਂ।ਇਸ ਮੌਕੇ ਨੌਜਵਾਨ ਮੁਟਿਆਰਾਂ ਡੀ ਜੇ ਤੇ ਆਪਣੀ ਪਸੰਦ ਦੇ ਪੰਜਾਬੀ ਅਤੇ ਹਿੰਦੀ ਗੀਤਾਂ ਤੇ ਨੱਚੀਆ। ਸਾਰੀਆਂ ਔਰਤਾਂ ਨਾਲ ਮਿਲ ਕੇ ਨੱਚ ਟੱਪ ਕੇ ਅਤੇ ਬੋਲੀਆਂ ਪਾ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ।ਇਸ ਮੌਕੇ ਪ੍ਰੇਮਜੀਤ ਕੌਰ ਸੰਧੂ ਵੱਲੋਂ ਅੱਜ ਕੱਲ੍ਹ ਦੀਆਂ ਧੀਆਂ ਧਿਆਣੀਆਂ ਨੂੰ ਤੀਆਂ ਦੇ ਤਿਉਹਾਰ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਤਿਉਹਾਰ ਸਾਨੂੰ ਸਾਰਿਆਂ ਨੂੰ ਰਲਕੇ ਮਨਾਉਣੇ ਚਾਹੀਦੇ ਹਨ, ਜਿਸ ਨਾਲ ਪੰਜਾਬੀ ਸੱਭਿਆਚਾਰ ਨਾਲ ਜੁੜਨ ਦੇ ਨਾਲ ਨਾਲ ਆਪਸੀ ਸਾਂਝਾਂ ਵੀ ਵੱਧਦੀਆਂ ਹਨ। ਉਨ੍ਹਾਂ ਦੱਸਿਆ ਕਿ ਸਾਨੂੰ ਆਪਣੇ ਵਿਰਸੇ ਅਤੇ ਸੱਭਿਆਚਾਰ ਨੂੰ ਯਾਦ ਰੱਖਣਾ ਚਾਹੀਦਾ ਹੈ, ਕਿਉਂਕਿ ਇਹ ਤਿਉਹਾਰ ਆਪਸੀ ਭਾਈਚਾਰਕ ਸਾਂਝ, ਪਿਆਰ ਤੇ ਸਦਭਾਵਨਾ ਦਾ ਸੁਨੇਹਾ ਦਿੰਦੇ ਹਨ। ਮੁਟਿਆਰਾਂ ਵੱਲੋਂ ਗਿੱਧਾ ਤੇ ਬੋਲੀਆਂ ਨਾਲ ਖੂਬ ਰੰਗ ਬੰਨ੍ਹਿਆ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਭੈਣ ਲਤਾ, ਸੁਰੀਤਾ ਕਲੇਰ, ਵਿਪਿਨ, ਮੋਨਿਕਾ, ਨੀਰਜ, ਮੋਨਾ, ਮੀਰਾ ਚੌਧਰੀ, ਰਾਣੇ ਦੀਮਨ, ਨਿਰਮਲਾ ਜੀ, ਵੀਨਾ ਮੁਜਾਲ, ਵੀਨਾ ਸ਼ਰਮਾ, ਸੋਨੀਆ ਨੇਗੀ, ਦਲਜੀਤ ਜੀ ਆਦਿ ਮੌਜੂਦ ਔਰਤਾਂ ਨੇ ਆਪਣਾ ਆਪਣਾ ਬਣਦਾ ਯੋਗਦਾਨ ਪਾਇਆ।

# ਐਸ.ਐਸ.ਪੀ. ਮਾਲੇਰਕੋਟਲਾ ਦੀ ਅਗਵਾਈ ਵਿੱਚ ਜ਼ਿਲ੍ਹੇ ਦੀ ਆਵਾਮ ਦੀ ਸਹੂਲਤ ਲਈ ਦੋ ਰੋਜ਼ਾ ਮੈਗਾ ਰਾਹਤ ਕੈਂਪ ਦਾ ਆਯੋਜਨ



**ਮਲੇਰਕੋਟਲਾ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਜ਼ਿਲ੍ਹਾ ਪੁਲਿਸ ਨੇ ਨਵੇਕਲਾ ਉਪਰਾਲਾ ਕਰਦਿਆਂ ਸ਼ਨੀਵਾਰ ਅਤੇ ਐਤਵਾਰ ਨੂੰ ਜ਼ਿਲ੍ਹੇ ਦੀਆਂ ਤਿੰਨੇ ਸਬ ਡਵੀਜਨਾਂ ਦੇ ਹਲਕਿਆਂ ਵਿੱਚ ਦੋ ਦਿਨਾਂ ÷ਮੈਗਾ ਰਾਹਤ ਕੈਂਪਾਂ ÷ (ਸ਼ਿਕਾਇਤ ਨਿਵਾਰਣ ਕੈਂਪ) ਦਾ ਆਯੋਜਨ ਸੀਨੀਅਰ ਪੁਲਿਸ ਕਪਤਾਨ ਗਗਨ ਅਜੀਤ ਸਿੰਘ ਦੀ ਅਗਵਾਈ ਵਿੱਚ ਕੀਤਾ। ਇਨ੍ਹਾਂ ਕੈਂਪਾਂ ਵਿੱਚ, ਲੋਕਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਕਰੀਬ 83 ਸ਼ਿਕਾਇਤਾਂ ਦਾ ਸਫਲਤਾਪੂਰਵਕ ਨਿਪਟਾਰਾ ਕੀਤਾ ਗਿਆ ਦੋ ਰੋਜ਼ਾ ਮੈਗਾ ਰਾਹਤ ਕੈਂਪ (ਸ਼ਿਕਾਇਤ ਨਿਵਾਰਣ ਕੈਂਪ) ਵਿੱਚ ਭਾਰੀ ਇਕੱਠ ਦੇਖਣ ਨੂੰ ਮਿਲਿਆ, ਇਨ੍ਹਾਂ ਕੈਂਪਾਂ ਵਿੱਚ ਇਲਾਕਾ ਨਿਵਾਸੀਆਂ ਦੀਆਂ ਸਿਕਾਇਤਾਂ/ਸਮੱਸਿਆਵਾਂ ਦਾ ਮੌਕੇ ਤੇ ਹੀ ਨਿਪਟਾਰਾ ਕੀਤਾ ਗਿਆ ।ਇਨ੍ਹਾਂ ਦਾ ਵੱਡੀ ਗਿਣਤੀ ਵਿੱਚ ਆਮ ਲੋਕਾਂ ਨੇ ਫਾਇਦਾ ਉਠਾਇਆ । ਸੀਨੀਅਰ ਕਪਤਾਨ ਪੁਲਿਸ ਮਾਲੇਰਕੋਟਲਾ ਦੀ ਅਗਵਾਈ ਹੇਠ ਆਯੋਜਿਤ ਦੋ ਰੋਜ਼ਾ ÷ਮੈਗਾ ਰਾਹਤ ਕੈਂਪਾਂ ÷ ਵਿੱਚ ਲੋਕਾਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ। ਇਸ ਮੌਕੇ ਲੋਕਾਂ ਦੀਆਂ ਨਿੱਜੀ ਅਤੇ ਸਾਂਝੀਆਂ ਸਮੱਸਿਆਵਾਂ ਦਾ ਮੌਕੇ ਤੇ ਨਿਪਟਾਰਾ ਕਰਨ ਦਾ ਉਪਰਾਲਾ ਕੀਤਾ ਗਿਆ । ਕੈਂਪਾਂ ਦੌਰਾਨ ਸਮੂਹ ਥਾਣਿਆਂ ਦੇ ਮੁੱਖ ਅਫ਼ਸਰਾਂ ਅਤੇ ਇੰਚਾਰਜ ਬਰਾਂਚਾਂ ਵੱਲੋਂ ਹਰੇਕ ਸ਼ਿਕਾਇਤ ਨੂੰ ਬਾਰੀਕੀ ਨਾਲ ਸੁਣਿਆਂ ਗਿਆ। ਜਾਂਚ ਨਿਰਪੱਖ/ਪਾਰਦਰਸ਼ੀ ਤਰੀਕੇ ਨਾਲ ਸਿਕਾਇਤਾਂ ਦੇ ਹੱਲ ਪ੍ਰਦਾਨ ਕੀਤੇ ਗਏ । ਸ਼ਿਕਾਇਤਾਂ ਵਿੱਚ ਜਾਇਦਾਦ ਦੇ ਵਿਵਾਦ, ਵਿੱਤੀ ਸਹਾਇਤਾ, ਪਰੇਸ਼ਾਨੀ ਦੇ ਦੋਸ਼ਾਂ ਤੋਂ ਲੈ ਕੇ ਕਾਨੂੰਨ ਵਿਵਸਥਾ ਅਤੇ ਹੋਰ ਮਾਮਲੇ ਸ਼ਾਮਲ ਸਨ।ਐਸ.ਐਸ.ਪੀ.ਗਗਨ ਅਜੀਤ ਸਿੰਘ ਨੇ ਕਿਹਾ ਕਿ ÷ਇਨ੍ਹਾਂ ਲੰਬਿਤ ਸ਼ਿਕਾਇਤਾਂ ਦਾ ਨਿਪਟਾਰਾ ਕਰਕੇ, ਅਸੀਂ ਲੋਕਾਂ ਵਿੱਚ ਵਿਸ਼ਵਾਸ ਪੈਦਾ ਕਰਨ ਅਤੇ ਪੁਲਿਸ ਵਿਭਾਗ ਵਿੱਚ ਉਨ੍ਹਾਂ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਨ ਦੀ ਉਮੀਦ ਕਰਦੇ ਹਾਂ।÷ ਇਨ੍ਹਾਂ ਮੈਗਾ ਕੈਂਪਾਂ ਦੇ ਸਫਲ ਆਯੋਜਨ ਦੀ ਸਥਾਨਕ ਲੋਕਾਂ ਨੇ ਭਰਪੂਰ ਸ਼ਲਾਘਾ ਕੀਤੀ।

# ਸਾਂਝਾ ਅਧਿਆਪਕ ਮੋਰਚਾ ਪੰਜਾਬ ਵਲੋਂ ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਘਰ ਵੱਲ ਰੋਸ ਮਾਰਚ

**➢ਪ੍ਰਮੋਸ਼ਨਾਂ ਸਮੇਤ ਅਧਿਆਪਕ ਮੰਗਾਂ ਦੀ ਅਣਦੇਖੀ ਕਰਨ ਦਾ ਦੋਸ਼ ➢ ਪ੍ਰਸ਼ਾਸਨ ਨੇ ਸਿੱਖਿਆ ਮੰਤਰੀ ਨਾਲ 22 ਅਗਸਤ ਨੂੰ ਮੀਟਿੰਗ ਦਾ ਦਿੱਤਾ ਸਮਾਂ**

**ਸ੍ਰੀ ਅਨੰਦਪੁਰ ਸਾਹਿਬ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਕਨਵੀਨਰਾਂ ਅਤੇ ਕੋ-ਕਨਵੀਨਰਾਂ ਸੁਖਵਿੰਦਰ ਸਿੰਘ ਚਾਹਲ, ਸੁਰਿੰਦਰ ਕੁਮਾਰ ਪੁਆਰੀ, ਬਾਜ ਸਿੰਘ ਖਹਿਰਾ, ਸੁਰਿੰਦਰ ਕੰਬੋਜ, ਹਰਵਿੰਦਰ ਸਿੰਘ ਬਿਲਗਾ, ਬਲਜੀਤ ਸਿੰਘ ਸਲਾਣਾ, ਸੁਖਜਿੰਦਰ ਸਿੰਘ ਹਰੀਕਾ, ਜਸਵਿੰਦਰ ਸਿੰਘ ਔਲਖ, ਗੁਰਜੰਟ ਸਿੰਘ ਵਾਲੀਆ, ਨਰੰਜਣ ਜੋਤ ਚਾਂਦਪੁਰੀ, ਗੁਰਿੰਦਰ ਸਿੰਘ ਸਿੱਧੂ, ਸ਼ਮਸ਼ੇਰ ਸਿੰਘ ਬੰਗਾ ਆਦਿ ਆਗੂਆਂ ਦੀ ਅਗਵਾਈ ਵਿੱਚ ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਇੱਕ ਵੱਡੇ ਵਫਦ ਨੇ ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਘਰ ਗੰਭੀਰਪੁਰ ਵੱਲ ਰੋਸ ਮਾਰਚ ਕੀਤਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਵਿੰਦਰ ਸਿੰਘ ਸਸਕੌਰ ਨੇ ਦੱਸਿਆ ਕਿ ਸਿੱਖਿਆ ਤੇ ਸਿਹਤ ਵਿਭਾਗ ਵਿੱਚ ਇਨਕਲਾਬੀ ਸੁਧਾਰ ਕਰਨ ਦੇ ਨਾਂ ਤੇ ਬਣੀ ਪੰਜਾਬ ਸਰਕਾਰ ਵੱਲੋਂ ਸਕੂਲ ਮੁਖੀਆਂ ਸਮੇਤ ਹਜ਼ਾਰਾਂ ਖਾਲੀ ਪੋਸਟਾਂ ਭਰਨ ਦੀ ਬਜਾਏ ਪ੍ਰਮੋਸ਼ਨਾਂ ਵਿਚ ਜਾਣ ਬੁਝ ਕੇ ਅੜਿੱਕੇ ਪਾਏ ਜਾ ਰਹੇ ਹਨ। ਜਦੋਂ ਕਿ ਪਿਛਲੇ ਕਈ ਸਾਲਾਂ ਤੋਂ ਪ੍ਰਮੋਸ਼ਨਾਂ ਲਟਕਣ ਅਤੇ ਪੂਰੀ ਭਰਤੀ ਨਾ ਹੋਣ ਕਾਰਨ ਪੰਜਾਬ ਦੇ ਲੱਖਾਂ ਵਿਦਿਆਰਥੀਆਂ ਨਾਲ ਬੇਇਨਸਾਫੀ ਕੀਤੀ ਜਾ ਰਹੀ ਹੈ ਅਤੇ ਅਧਿਆਪਕ ਪ੍ਰਮੋਸ਼ਨਾਂ ਨੂੰ ਉਡੀਕਦੇ ਸੇਵਾ ਮੁਕਤ ਹੋ ਰਹੇ ਹਨ। 2018 ਵਿੱਚ ਬਣਾਏ ਗਏ ਅਧਿਆਪਕ ਵਿਰੋਧੀ ਨਿਯਮ ਇਸ ਸਰਕਾਰ ਦੇ ਤੀਜੇ ਸਾਲ ਵਿੱਚ ਵੀ ਰੱਦ ਨਹੀਂ ਕੀਤੇ ਗਏ। ਪੰਜਾਬ ਦੀ ਸਿਖਿਆ ਨੀਤੀ ਜਾਰੀ ਨਹੀਂ ਕੀਤੀ ਗਈ। ਅਧਿਆਪਕਾਂ ਵੱਲੋਂ ਆਪਣੀਆਂ ਜੇਬਾਂ ਵਿੱਚੋਂ ਖਰਚੀਆਂ ਗਈਆਂ ਗਰਾਂਟਾਂ ਹਾਲੇ ਤੱਕ ਵੀ ਜਾਰੀ ਨਹੀਂ ਕੀਤੀਆਂ ਗਈਆਂ। ਜਦੋਂ ਕਿ ਅਧਿਆਪਕਾਂ ਦੀਆਂ ਸਮੱਸਿਆਵਾਂ ਸਮੇਤ ਸਿੱਖਿਆ ਵਿਭਾਗ ਦੀਆਂ ਅਨੇਕਾਂ ਸਮੱਸਿਆਵਾਂ ਸਬੰਧੀ ਸਿੱਖਿਆ ਮੰਤਰੀਆਂ ਅਤੇ ਉੱਚ ਸਿੱਖਿਆ ਅਧਿਕਾਰੀਆਂ ਨਾਲ ਮੋਰਚੇ ਦੀਆਂ ਹੋਈਆਂ ਮੀਟਿੰਗਾਂ ਵਿੱਚ ਅਨੇਕਾਂ ਸਹਿਮਤੀਆਂ ਬਣੀਆਂ ਸਨ । ਇਸੇ ਤਰ੍ਹਾਂ ਅਧਿਆਪਕਾਂ ਦੇ ਭਖਦੇ ਮਸਲਿਆਂ ਸਬੰਧੀ ਲਏ ਗਏ ਫੈਸਲੇ ਲਾਗੂ ਨਹੀਂ ਕੀਤੇ ਗਏ। ਇਥੋਂ ਤੱਕ ਕਿ ਸਰਕਾਰ ਸੀਨੀਅਰ ਲੈਬੋਰਟਰੀ ਅਟੈਂਡੈਂਟ ਦੀ ਪੋਸਟ ਦਾ ਨਾਂ ਬਦਲਣ ਸਬੰਧੀ ਇਕ ਪੱਤਰ ਦੋ ਸਾਲ ਵਿੱਚ ਵੀ ਜਾਰੀ ਨਹੀਂ ਕਰ ਸਕੀ। ਸਾਂਝਾ ਅਧਿਆਪਕ ਮੋਰਚਾ ਪੰਜਾਬ ਵੱਲੋਂ ਪਰਮੋਸ਼ਨਾਂ ਅਤੇ ਅਧਿਆਪਕਾਂ ਦੇ ਚਿਰਾਂ ਤੋਂ ਲਟਕਦੇ ਮਹੱਤਵਪੂਰਨ ਮਸਲਿਆਂ ਦੇ ਹੱਲ ਸਬੰਧੀ ਸਿੱਖਿਆ ਮੰਤਰੀ ਪੰਜਾਬ ਨੂੰ ਦਿੱਤੇ ਗਏ ਨੋਟਿਸ ਦੇ ਜਵਾਬ ਵਿੱਚ ਸਿੱਖਿਆ ਮੰਤਰੀ ਦਫਤਰ ਵਲੋਂ ਮੋਰਚੇ ਨੂੰ 15 ਮਿੰਟ ਦੀ ਮੀਟਿੰਗ ਦਾ ਸਮਾਂ ਦੇਣ ਦੀ ਪੇਸ਼ਕਸ ਕੀਤੀ ਸੀ, ਜਿਸ ਨੂੰ ਸਾਂਝਾ ਅਧਿਆਪਕ ਮੋਰਚਾ ਪੰਜਾਬ ਨੇ ਨਕਾਰਦਿਆਂ ਅੱਜ ਦੇ ਦਿਨ ਸਿੱਖਿਆ ਮੰਤਰੀ ਦੇ ਘਰ ਗੰਭੀਰਪੁਰ ਵੱਲ ਰੋਸ ਮਾਰਚ ਕਰਕੇ ਰੋਸ ਪੱਤਰ ਦੇਣ ਦਾ ਫੈਸਲਾ ਕੀਤਾ ਸੀ।

ਅੱਜ ਖਰਾਬ ਮੌਸਮ ਦੇ ਬਾਵਜੂਦ ਉਪਰੋਕਤ ਫੈਸਲੇ ਨੂੰ ਲਾਗੂ ਕਰਦਿਆਂ ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਵੱਡੇ ਵਫਦ ਵਲੋਂ ਨਾਅਰੇ ਮਾਰਦਿਆਂ ਪੁਲਿਸ ਵੱਲੋਂ ਲਗਾਈਆਂ ਗਈਆਂ ਰੋਕਾਂ ਤੋੜਦਿਆਂ ਸਿੱਖਿਆ ਮੰਤਰੀ ਦੇ ਘਰ ਵੱਲ ਰੋਸ ਮਾਰਚ ਕੀਤਾ। ਸਿੱਖਿਆ ਮੰਤਰੀ ਦੇ ਘਰ ਦੇ ਨਜ਼ਦੀਕ ਪ੍ਰਸ਼ਾਸਨ ਵੱਲੋਂ 22 ਅਗਸਤ ਨੂੰ ਮੀਟਿੰਗ ਦੇ ਸਮੇਂ ਦਾ ਐਲਾਨ ਕਰਨ ਉਪਰੰਤ ਧਰਨਾਕਾਰੀਆਂ ਵੱਲੋਂ ਧਰਨਾ ਸਮਾਪਤ ਕੀਤਾ ਗਿਆ।

ਇਸ ਸਮੇਂ ਹੋਰਨਾਂ ਤੋਂ ਇਲਾਵਾ ਚਰਨ ਸਿੰਘ ਸਰਾਭਾ, ਗੁਰਪ੍ਰੀਤ ਸਿੰਘ ਮਾੜੀਮੇਘਾ, ਬਿਕਰਮਜੀਤ ਸਿੰਘ ਰਾਹੋਂ, ਰਵਿੰਦਰ ਪੱਪੀ ਮੋਹਾਲੀ, ਅਮਰਜੀਤ ਸਿੰਘ, ਲਛਮਣ ਸਿੰਘ ਨਬੀਪੁਰ, ਪ੍ਰਵਿੰਦਰ ਭਾਰਤੀ, ਲਛਮਣ ਸਿੰਘ, ਸੁਖਦੇਵ ਸਿੰਘ, ਦਰਸਣ ਸਿੰਘ, ਨਵਪ੍ਰੀਤ ਸਿੰਘ ਬੱਲੀ, ਸੋਮ ਸਿੰਘ, ਜਤਿੰਦਰ ਸਿੰਘ ਸੋਨੀ, ਅਜੀਤ ਪਾਲ ਸਿੰਘ ਜਸੋਵਾਲ, ਸੁਰਜੀਤ ਕੁਮਾਰ ਰਾਜਾ, ਬਿਕਰਮਜੀਤ ਸਿੰਘ ਕੱਦੋਂ, ਬਲਵਿੰਦਰ ਸਿੰਘ ਲੋਦੀਪੁਰ, ਜੁਝਾਰ ਸਿੰਘ ਸਹੂੰਗੜਾ, ਹਰਪ੍ਰੀਤ ਸਿੰਘ, ਸੁਖਮਿੰਦਰ ਸਿੰਘ ਮੋਗਾ, ਨਿਰੰਜਨ ਜੋਤ ਚਾਂਦਪੁਰੀ, ਅਨਿਲ ਜਲੰਧਰ, ਗੁਰਚਰਨ ਆਲੋਵਾਲ, ਦਵਿੰਦਰ ਸਿੰਘ ਚਨੌਲੀ, ਅਵਨੀਤ ਚੱਢਾ, ਤੇਜਿੰਦਰ ਸਿੰਘ ਸ਼ਾਹ, ਕੇਵਲ ਸਿੰਘ ਰਿਆੜ, ਖੁਸ਼ਵੰਤ ਸਿੰਘ ਕਰਨਾਮਾ, ਜਗਜੀਤ ਸਿੰਘ ਬੇਦੀ, ਰਵਿੰਦਰਜੀਤ ਸਿੰਘ ਪੰਨੂੰ, ਮਹਿੰਦਰਪਾਲ ਸਿੰਘ ਲਾਲੜੂ, ਅਮਰਜੀਤ ਸਿੰਘ ਘੁਡਾਣੀ, ਨਰਿੰਦਰ ਸਿੰਘ ਫੱਗੂਵਾਲਾ, ਜਗਤਾਰ ਸਿੰਘ ਚੱਠਾ, ਵਰਿੰਦਰ ਸਿੰਘ ਭੱਟੀਵਾਲ, ਓਮ ਪ੍ਰਕਾਸ਼, ਜਸਵੀਰ ਸਿੰਘ, ਮਹਾਵੀਰ ਸਿੰਘ, ਹਰੀ ਸਿੰਘ ਆਦਿ ਹਾਜ਼ਰ ਸਨ।




# ਸੀਟੀ ਗਰੁੱਪ ਦੇ ਵਿਦਿਆਰਥੀਆਂ ਨੇ ਟ੍ਰੈਫਿਕ ਪੁਲਿਸ, ਜਲੰਧਰ ਦੇ ਸਹਿਯੋਗ ਨਾਲ ਫਰੰਟਲਾਈਨ ਵਰਕਰਾਂ ਨੂੰ ਛਤਰੀਆਂ ਵੰਡੀਆਂ



**ਜਲੰਧਰ, 14 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਟੀ ਗਰੁੱਪ, ਟ੍ਰੈਫਿਕ ਪੁਲਿਸ, ਜਲੰਧਰ ਦੇ ਸਹਿਯੋਗ ਨਾਲ, ਮੌਨਸੂਨ ਸੀਜ਼ਨ ਜਾਰੀ ਹੋਣ ਦੇ ਕਾਰਨ, ਫਰੰਟਲਾਈਨ ਕਰਮਚਾਰੀਆਂ ਨੂੰ ਛਤਰੀਆਂ ਵੰਡਣ ਲਈ ਸੜਕਾਂ ’ਤੇ ਉਤਰਿਆ। ਕਮਿਊਨਿਟੀ ਅਤੇ ਹਮਦਰਦੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਇਸ ਪਹਿਲਕਦਮੀ ਵਿੱਚ ਵਿਦਿਆਰਥੀਆਂ ਅਤੇ ਫੈਕਲਟੀ ਦੀ ਉਤਸ਼ਾਹੀ ਭਾਗੀਦਾਰੀ ਦੇਖੀ ਗਈ।

ਛੱਤਰੀ ਵੰਡਣ ਦੀ ਮੁਹਿੰਮ ਬੀਐਮਸੀ ਚੌਂਕ, ਗੁਰੂ ਨਾਨਕ ਮਿਸ਼ਨ ਚੌਂਕ, ਐਪੀਜੇ ਚੌਂਕ ਅਤੇ ਟ੍ਰੈਫਿਕ ਪੁਲਿਸ ਦਫਤਰ ਸਮੇਤ ਸ਼ਹਿਰ ਦੇ ਪ੍ਰਮੁੱਖ ਸਥਾਨਾਂ ‘ਤੇ ਚਲਾਈ ਗਈ। ਵਿਦਿਆਰਥੀਆਂ ਨੇ ਆਪਣੇ ਫੈਕਲਟੀ ਦੀ ਅਗਵਾਈ ਵਿੱਚ, ਟ੍ਰੈਫਿਕ ਪੁਲਿਸ ਕਰਮਚਾਰੀਆਂ ਅਤੇ ਹੋਰ ਫਰੰਟਲਾਈਨ ਕਰਮਚਾਰੀਆਂ ਨੂੰ ਛਤਰੀਆਂ ਸੌਂਪੀਆਂ।

ਵੰਡ ਦੌਰਾਨ ਹਾਜ਼ਰ ਏਸੀਪੀ ਟਰੈਫਿਕ ਆਤਿਸ਼ ਭਾਟੀਆ ਨੇ ਸੀਟੀ ਗਰੁੱਪ ਦੇ ਵਿਦਿਆਰਥੀਆਂ ਅਤੇ ਫੈਕਲਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਸਨੇ ਟਿੱਪਣੀ ਕੀਤੀ। ਫਰੰਟਲਾਈਨ ਕਰਮਚਾਰੀ ਅਕਸਰ ਕਠੋਰ ਮੌਸਮੀ ਸਥਿਤੀਆਂ ਦਾ ਸਾਹਮਣਾ ਕਰਦੇ ਹਨ, ਅਤੇ ਇਸ ਪਹਿਲਕਦਮੀ ਨੇ ਉਨ੍ਹਾਂ ਨੂੰ ਮਾਨਸੂਨ ਦੌਰਾਨ ਬਹੁਤ ਲੋੜੀਂਦੀ ਰਾਹਤ ਪ੍ਰਦਾਨ ਕੀਤੀ ਹੈ।

# ਖਿਡੌਣਿਆਂ ਤੇ ਔਰਤਾਂ ਦੀਆਂ ਜੁੱਤੀਆਂ 'ਚ ਲੁਕੋ ਕੇ ਡਾਕਖਾਨੇ ਆਇਆ ਡੇਢ ਕਰੋੜ ਦਾ ਗਾਂਜਾ

ਏਜੰਸੀਆਂ

ਅਹਿਮਦਾਬਾਦ 14 ਅਗਸਤ। ਗੁਜਰਾਤ ਦੇ ਇਕ ਵਿਦੇਸ਼ੀ ਡਾਕਖਾਨੇ ਦੇ ਸੈਕਸ਼ਨ ਤੋਂ ਖਿਡੌਣਿਆਂ ਅਤੇ ਔਰਤਾਂ ਦੀਆਂ ਜੁੱਤੀਆਂ ਵਿਚ ਲੁਕਾ ਕੇ ਰੱਖੇ ਗਏ ਹਾਈ ਗ੍ਰੇਡ ਗਾਂਜੇ ਵਾਲੇ ਪਾਰਸਲ ਦੇ ਪੈਕੇਟ ਬਰਾਮਦ ਕੀਤੇ ਗਏ ਹਨ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਸੰਕੇਤ ਮਿਲੇ ਹਨ ਕਿ ਮਾਰਿਜੁਆਨਾ ਨੂੰ ਡਾਰਕ ਵੈੱਬ ਤੋਂ ਖਰੀਦਿਆ ਗਿਆ ਸੀ ਅਤੇ ਸੰਭਾਵਿਤ ਤੌਰ 'ਤੇ ਕਿਸੇ ਵਿਦੇਸ਼ੀ ਦੇਸ਼ ਨਾਲ ਜੁੜਿਆ ਹੋ ਸਕਦਾ ਹੈ। ਅਧਿਕਾਰੀਆਂ ਨੇ ਐਤਵਾਰ ਨੂੰ ਦੱਸਿਆ ਕਿ ਸ਼ਨੀਵਾਰ ਰਾਤ ਨੂੰ 37 ਪੈਕੇਟਾਂ 'ਚ ਪੈਕ ਕੀਤਾ ਗਿਆ 5.670 ਕਿਲੋਗ੍ਰਾਮ ਹਾਈ ਗ੍ਰੇਡ ਗਾਂਜਾ ਬਰਾਮਦ ਕੀਤਾ ਗਿਆ, ਜਿਸ ਦੀ ਅੰਦਾਜ਼ਨ ਕੀਮਤ 1.70 ਕਰੋੜ ਰੁਪਏ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸਾਈਬਰ ਕ੍ਰਾਈਮ ਬ੍ਰਾਂਚ ਅਤੇ ਕਸਟਮ ਵਿਭਾਗ ਨੇ ਇਨ੍ਹਾਂ ਪੈਕੇਟਾਂ ਨੂੰ 'ਡਿਲੀਵਰੀ' ਲਈ ਭੇਜਣ ਤੋਂ ਪਹਿਲਾਂ ਹੀ ਜ਼ਬਤ ਕਰ ਲਿਆ। ਅਧਿਕਾਰੀਆਂ ਨੇ ਦੱਸਿਆ ਕਿ ਨਸ਼ਾ ਤਸਕਰਾਂ ਵੱਲੋਂ ਇੰਟਰਨੈੱਟ ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਕਰਕੇ ਵਿਦੇਸ਼ਾਂ ਤੋਂ ਨਸ਼ਾ ਖਰੀਦਣ ਦੀ ਸੂਚਨਾ ਮਿਲਣ ਤੋਂ ਬਾਅਦ ਸਾਈਬਰ ਕ੍ਰਾਈਮ ਅਤੇ ਕਸਟਮ ਵਿਭਾਗ ਦੀ ਸਾਂਝੀ ਟੀਮ ਨੇ ਨਿਗਰਾਨੀ ਸ਼ੁਰੂ ਕਰ ਦਿੱਤੀ ਸੀ।



ਸਾਈਬਰ ਕ੍ਰਾਈਮ ਬ੍ਰਾਂਚ ਨੇ ਕਿਹਾ, "ਹਾਈ ਗ੍ਰੇਡ ਗਾਂਜੇ ਦੇ ਕੁੱਲ 37 ਸ਼ੱਕੀ ਪਾਰਸਲਾਂ ਦਾ ਪਤਾ ਲਗਾਇਆ ਗਿਆ, ਜਿਨ੍ਹਾਂ ਦਾ ਵਜ਼ਨ 5.670 ਕਿਲੋਗ੍ਰਾਮ ਹੈ ਅਤੇ ਅੰਤਰਰਾਸ਼ਟਰੀ ਬਾਜ਼ਾਰ ਵਿਚ ਇਸ ਦੀ ਕੀਮਤ 1,70,10,510 ਰੁਪਏ ਹੈ।" ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਨਸ਼ਾ ਬੱਚਿਆਂ ਦੇ ਖਿਡੌਣਿਆਂ ਅਤੇ ਔਰਤਾਂ ਦੀਆਂ ਜੁੱਤੀਆਂ ਵਿਚ ਲੁਕਾਇਆ ਗਿਆ ਸੀ। ਇਸ ਵਿਚ ਕਿਹਾ ਗਿਆ ਹੈ ਕਿ ਨਾਰਕੋਟਿਕਸ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ ਅਤੇ ਸੂਚਨਾ ਤਕਨਾਲੋਜੀ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਐੱਫਆਈਆਰ ਦਰਜ ਕੀਤੀ ਗਈ ਹੈ ਅਤੇ ਮੁਲਜ਼ਮਾਂ ਨੂੰ ਫੜਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

## ਸਵਾ 2 ਲੱਖ ਦੀ ਲਾਟਰੀ ਜਿੱਤਣ ਵਾਲਾ ਸ਼ਖਸ ਗਾਇਬ !

ਫਾਜ਼ਿਲਕਾ 14 ਅਗਸਤ। ਫ਼ਾਜ਼ਿਲਕਾ 'ਚ ਇਕ ਵਾਰ ਫਿਰ ਇਕ ਵਿਅਕਤੀ ਦੀ ਸਵਾ ਦੋ ਲੱਖ ਰੁਪਏ ਦੀ ਲਾਟਰੀ ਨਿਕਲੀ ਹੈ। ਇਹ ਟਿਕਟ ਫ਼ਾਜ਼ਿਲਕਾ 'ਚ ਰੂਪ ਚੰਦ ਲਾਟਰੀ ਵਿਕਰੇਤਾ ਤੋਂ ਖਰੀਦੀ ਗਈ ਸੀ। ਵਿਕਰੇਤਾ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਸਵਾ ਦੋ ਲੱਖ ਰੁਪਏ ਦੀ ਲਾਟਰੀ ਦਾ ਟਿਕਟ ਉਨ੍ਹਾਂ ਦੀ ਦੁਕਾਨ ਤੋਂ ਵਿਕਿਆ ਹੈ। ਹੁਣ ਉਹ ਟਿਕਟ ਖਰੀਦਣ ਵਾਲੇ ਨੂੰ ਲੱਭ ਰਹੇ ਹਨ। ਫ਼ਾਜ਼ਿਲਕਾ ਦੇ ਮਹਿਰੀਆਂ ਬਜ਼ਾਰ 'ਚ ਸਥਿਤ ਰੂਪਚੰਦ ਲਾਟਰੀ ਵਿਕਰੇਤਾ ਏਜੰਟ ਬੌਬੀ ਨੇ ਦੱਸਿਆ ਕਿ ਇਕ ਵਿਅਕਤੀ ਉਨ੍ਹਾਂ ਤੋਂ ਟਿਕਟ ਖਰੀਦ ਕੇ ਲੈ ਗਿਆ। ਇਸ 'ਤੇ ਹੁਣ ਸਵਾ ਦੋ ਲੱਖ ਰੁਪਏ ਦਾ ਇਨਾਮ ਨਿਕਲਿਆ ਹੈ ਪਰ ਉਸ ਵਿਅਕਤੀ ਨੂੰ ਜਾਣਕਾਰੀ ਨਹੀਂ ਹੈ ਕਿ ਉਸ ਦੀ ਖਰੀਦੀ ਗਈ ਟਿਕਟ ਨੰਬਰ 45039 'ਤੇ ਸਵਾ ਦੋ ਲੱਖ ਰੁਪਏ ਦਾ ਇਨਾਮ ਨਿਕਲਿਆ ਹੈ। ਉਸ ਵਲੋਂ ਹੁਣ ਉਕਤ ਵਿਅਕਤੀ ਦੀ ਭਾਲ ਕੀਤੀ ਜਾ ਰਹੀ ਹੈ।

# ਜੇਜੋਂ ਹੜ੍ਹ ਹਾਦਸੇ 'ਚ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਮਿਲੇ, ਜਿੰਪਾ ਤੇ ਚੱਬੇਵਾਲ, ਕਿਹਾ ਦੁੱਖ ਦੀ ਘੜੀ 'ਚ ਸਰਕਾਰ ਤੁਹਾਡੇ ਨਾਲ

ਸਰਦੂਲ ਸਿੰਘ

ਹੁਸ਼ਿਆਰਪੁਰ 14 ਅਗਸਤ। ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਅਤੇ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਅੱਜ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਮੁਰਦਾਘਰ ਵਿਚ ਜਾ ਕੇ ਜੇਜੋਂ ਚੋਆ ਵਿਖੇ ਹੋਏ ਹੜ੍ਹ ਹਾਦਸੇ ਦੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਅਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਹਾਦਸੇ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਇਹ ਘਟਨਾ ਬੇਹੱਦ ਦੁਖਦਾਈ ਹੈ ਅਤੇ ਅਸੀਂ ਇਸ ਦੁੱਖ ਦੀ ਘੜੀ 'ਚ ਪੀੜਤ ਪਰਿਵਾਰਾਂ ਨਾਲ ਖੜ੍ਹੇ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੀੜਤ ਪਰਿਵਾਰਾਂ ਦੀ ਹਰ ਸੰਭਵ ਮਦਦ ਕਰੇਗੀ। ਉਨ੍ਹਾਂ ਦੱਸਿਆ ਕਿ ਇਸ ਦਰਦਨਾਕ ਹਾਦਸੇ ਵਿਚ ਇਕ ਇਨੋਵਾ ਕਾਰ ਜਿਸ ਵਿਚ 12 ਲੋਕ ਸਵਾਰ ਸਨ, ਪਾਣੀ ਦੇ ਤੇਜ਼ ਵਹਾਅ ਵਿਚ ਰੁੜ੍ਹ ਗਈ। ਇਸ ਹਾਦਸੇ 'ਚ 9 ਲੋਕਾਂ ਦੀ ਦਰਦਨਾਕ ਮੌਤ ਹੋ ਗਈ, ਜਦਕਿ ਦੋ ਲੋਕ ਅਜੇ ਵੀ ਲਾਪਤਾ ਹਨ। ਇਕ ਵਿਅਕਤੀ ਨੂੰ ਬਚਾਅ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਐੱਸ.ਡੀ.ਐੱਮ ਗੜ੍ਹਸ਼ੰਕਰ ਅਤੇ ਡੀ.ਐੱਸ.ਪੀ ਗੜ੍ਹਸ਼ੰਕਰ ਦੀ ਅਗਵਾਈ ਵਿਚ ਐੱਸ.ਡੀ.ਆਰ.ਐੱਫ ਦੀ ਟੀਮ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਵੱਲੋਂ ਲਾਪਤਾ ਹੋਏ ਦੋ ਵਿਅਕਤੀਆਂ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਪਿੰਡਾਂ ਵਿਚ ਸੂਚਨਾਵਾਂ ਵੀ ਦਿੱਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਸੁੰਘਣ ਵਾਲੇ ਕੁੱਤਿਆਂ ਦੀ ਭਾਲ ਲਈ ਵੀ ਯਤਨ ਕੀਤੇ ਗਏ ਹਨ ਪਰ ਅਜੇ ਤੱਕ ਲਾਪਤਾ ਲੋਕਾਂ ਦਾ ਕੋਈ ਪਤਾ ਨਹੀਂ ਲੱਗ ਸਕਿਆ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਇਸ ਪੂਰੇ ਮਾਮਲੇ 'ਚ ਬੜੀ ਤੇਜ਼ੀ ਅਤੇ ਗੰਭੀਰਤਾ ਨਾਲ ਕੰਮ ਕੀਤਾ ਹੈ ਅਤੇ ਉਨ੍ਹਾਂ ਨੂੰ ਆਸ ਹੈ ਕਿ ਜਲਦ ਹੀ ਹਾਦਸੇ 'ਚ ਲਾਪਤਾ ਹੋਏ ਲੋਕਾਂ ਨੂੰ ਲੱਭ ਲਿਆ ਜਾਵੇਗਾ।



ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਵੀ ਇਸ ਦੁਖਦਾਈ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਰਕਾਰ ਇਸ ਮਾਮਲੇ 'ਚ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਇਸ ਹਾਦਸੇ ਵਿਚ ਲਾਪਤਾ ਹੋਏ ਲੋਕਾਂ ਦੀ ਭਾਲ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਾਂ। ਇਸ ਦੇ ਨਾਲ ਹੀ ਭਵਿੱਖ ਵਿਚ ਅਜਿਹੇ ਹਾਦਸਿਆਂ ਨੂੰ ਰੋਕਣ ਲਈ ਠੋਸ ਕਦਮ ਚੁੱਕੇ ਜਾਣਗੇ। ਦੋਵਾਂ ਆਗੂਆਂ ਨੇ ਇਸ ਮੌਕੇ ਕਿਹਾ ਕਿ ਸਰਕਾਰ ਵੱਲੋਂ ਪ੍ਰਭਾਵਿਤ ਪਰਿਵਾਰਾਂ ਨੂੰ ਆਰਥਿਕ ਮਦਦ ਦਿੱਤੀ ਜਾਵੇਗੀ ਅਤੇ ਇਲਾਕੇ ਵਿਚ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਜਾਣਗੇ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨਾ ਦੁਹਰਾਈਆਂ ਜਾਣ। ਇਸ ਮੌਕੇ ਸਿਵਲ ਹਸਪਤਾਲ ਦੀ ਐੱਸ.ਐੱਮ.ਓ ਡਾ.ਸਵਾਤੀ ਸ਼ੇਮਰ ਅਤੇ ਡਾ. ਮਨਮੋਹਨ ਸਿੰਘ ਵੀ ਹਾਜ਼ਰ ਸਨ।

# ਗਰਭਵਤੀ ਔਰਤਾਂ ਦੀ ਸਫਲ ਡਲਿਵਰੀ ਕਰਨ 'ਚ ਸਿਵਲ ਹਸਪਤਾਲ ਦਾ ਜੱਚਾ-ਬੱਚਾ ਵਾਰਡ ਸਭ ਤੋਂ ਮੋਹਰੀ

ਏਜੰਸੀਆਂ

ਜਲੰਧਰ 14 ਅਗਸਤ। ਮਹਿਗਾਈ ਦੇ ਯੁੱਗ ਵਿਚ ਜਿੱਥੇ ਅੱਜ ਘਰ ਦੇ ਖਰਚੇ ਚਲਾਉਣੇ ਮੁਸ਼ਕਿਲ ਹੋ ਗਏ ਹਨ ਤੇ ਜੇਕਰ ਇਸ ਦੌਰਾਨ ਕਿਸੇ ਗਰੀਬ ਔਰਤ ਦਾ ਆਪ੍ਰੇਸ਼ਨ ਪ੍ਰਾਈਵੇਟ ਹਸਪਤਾਲ ਵਿਚ ਕਰਵਾਉਣਾ ਪੈ ਜਾਵੇ ਤਾਂ ਆਰਥਿਕ ਤੌਰ 'ਤੇ ਕਮਜ਼ੋਰ ਵਿਅਕਤੀ 'ਤੇ ਕੀ ਬੀਤੇਗੀ? ਜ਼ਿਕਰਯੋਗ ਹੈ ਕਿ ਨਾਰਮਲ ਡਲਿਵਰੀ ਜੇਕਰ ਕਿਸੇ ਪ੍ਰਾਈਵੇਟ ਹਸਪਤਾਲ ਤੋਂ ਕਰਵਾਉਣੀ ਹੋਵੇ ਤਾਂ ਘੱਟ ਤੋਂ ਘੱਟ 20 ਤੋਂ 25 ਹਜ਼ਾਰ ਦਾ ਖਰਚ ਆ ਜਾਂਦਾ ਹੈ, ਉੱਥੇ ਹੀ ਜੇਕਰ ਔਰਤ ਦੀ ਸਿਜੇਰੀਅਨ ਡਲਿਵਰੀ ਕਰਵਾਉਣੀ ਹੋਵੇ ਤਾਂ ਪ੍ਰਾਈਵੇਟ ਹਸਪਤਾਲ ਲਗਭਗ 30 ਤੋਂ 40 ਹਜ਼ਾਰ ਰੁਪਏ ਆਮ ਖਰਚ ਕਰਵਾ ਲੈਂਦਾ ਹੈ। ਜੇਕਰ ਗੱਲ ਕੀਤੀ ਜਾਵੇ ਵੱਡੇ ਹਸਪਤਾਲਾਂ ਦੀ ਤਾਂ ਉੱਥੇ ਤਾਂ ਇਕ ਲੱਖ ਤਕ ਖਰਚਾ ਵੀ ਆ ਜਾਂਦਾ ਹੈ। ਹੁਣ ਗੱਲ ਕਰੀਏ ਸਿਵਲ ਹਸਪਤਾਲ ਦੇ ਜੱਚਾ-ਬੱਚਾ ਵਾਰਡ ਦੀ ਤਾਂ ਜਿੱਥੇ ਗਰਭਵਤੀ ਔਰਤਾਂ ਨੂੰ ਸਿਹਤ ਨੂੰ ਲੈ ਕੇ ਸਰਕਾਰ ਚਿੰਤਿਤ ਹੈ, ਉੱਥੇ ਹੀ ਡਲਿਵਰੀ ਦੌਰਾਨ ਦਵਾਈਆਂ, ਔਰਤ ਦੀ ਖ਼ੁਰਾਕ ਤੇ ਬਾਅਦ ਵਿਚ ਉਸ ਦੇ ਚੈੱਕਅਪ ਰਾਹੀਂ ਸਰਕਾਰ ਖ਼ੁਰਾਕ ਲਈ ਪੈਸੇ ਵੀ ਦਿੰਦੀ ਹੈ। ਉਦਾਹਰਣ ਦੇ ਤੌਰ 'ਤੇ ਸ਼ਹਿਰ ਵਿਚ ਰਹਿਣ ਵਾਲੀਆਂ ਔਰਤ ਨੂੰ 500 ਰੁਪਏ ਤੇ ਦਿਹਾਤੀ ਖੇਤਰ ਤੋਂ ਆ ਕੇ ਡਲਿਵਰੀ ਕਰਾਉਣ ਵਾਲੀ ਔਰਤ ਦੇ ਅਕਾਊਂਟ ਵਿਚ 700 ਰੁਪਏ ਪਾਏ ਜਾਂਦੇ ਹਨ। ਗਰਭਵਤੀ ਔਰਤਾਂ ਨੂੰ ਜਾਣਕਾਰੀ ਦੀ ਘਾਟ ਕਾਰਨ ਉਨ੍ਹਾਂ ਦੇ ਪਰਿਵਾਰਿਕ ਮੈਂਬਰ ਆਟੋ, ਮੋਟਰਸਾਈਕਲ ਰੇਹੜੀ ਆਦਿ 'ਤੇ ਸਿਵਲ ਹਸਪਤਾਲ ਲਿਆਉਂਦੇ ਹਨ। ਲੋਕਾਂ ਨੂੰ ਪਤਾ ਨਹੀਂ ਹੈ ਕਿ 108 ਐਂਬੂਲੈਂਸ ਨੂੰ ਕਾਲ ਕਰੋ ਤਾਂ ਐਂਬੂਲੈਂਸ ਤੁਹਾਡੇ ਘਰ ਦੇ ਬਾਹਰ ਹੀ ਆ ਜਾਂਦੀ ਹੈ ਤੇ ਗਰਭਵਤੀ ਔਰਤ ਨੂੰ ਨੇੜਲੇ ਸਰਕਾਰੀ ਹਸਪਤਾਲ ਪਹੁੰਚਾਉਣ ਦਾ ਕੰਮ ਕਰਦੀ ਹੈ। ਸਰਕਾਰ ਵੱਲੋਂ ਇਸ ਸਕੀਮ ਚਲਾਈ ਹੋਈ ਹੈ ਅਤੇ ਕੋਈ ਪੈਸਾ ਵੀ ਮਰੀਜ਼ ਨੂੰ ਨਹੀਂ ਖਰਚਣਾ ਪੈਂਦਾ। ਜੱਚਾ ਬੱਚਾ ਵਾਰਡ ਦੀ ਇੰਚਾਰਜ ਡਾਕਟਰ ਵਰਿੰਦਰ ਕੌਰ, ਜੋ ਕਿ ਖੁਦ ਗਾਇਨਾਕਾਲਜਿਸਟ ਡਾਕਟਰ ਹੈ, ਲਗਭਗ 18 ਸਾਲ ਪਹਿਲਾਂ ਤੋਂ ਹੀ ਉਹ ਜੱਚਾ-ਬੱਚਾ ਹਸਪਤਾਲ ਵਿਚ ਆਪਣੀਆਂ ਸੇਵਾਵਾਂ ਲਈ ਜਾਣੀ ਜਾਂਦੀ ਹੈ। ਇਸ ਤੋਂ ਬਾਅਦ ਉਹ ਸੀਨੀਅਰ ਮੈਡੀਕਲ ਅਫਸਰ ਬਣੀ ਤੇ ਸਹਾਇਕ ਸਿਵਲ ਸਰਜਨ ਅਹੁਦੇ 'ਤੇ ਵੀ ਤਾਇਨਾਤ ਰਹੀ। ਇਸ ਦੇ ਨਾਲ ਹੀ ਉਨ੍ਹਾਂ ਨੇ ਸਰਕਾਰ ਦੇ ਹੁਕਮ ਤੋਂ ਬਾਅਦ



ਡਾਕਟਰ ਵਰਿੰਦਰ ਕੌਰ ਨੂੰ ਸਿਵਲ ਹਸਪਤਾਲ ਦੇ ਜੱਚਾ-ਬੱਚਾ ਵਿਭਾਗ ਦਾ ਇੰਚਾਰਜ ਲਾਇਆ ਗਿਆ। ਪੁਰਾਣੀ ਕਹਾਣੀ 'ਤੇ ਨਜ਼ਰ ਦੌੜਾਈ ਜਾਵੇ ਤਾਂ ਦੋ ਗਾਇਨਾਕਾਲਜਿਸਟ ਡਾਕਟਰ ਰਿਕੂ ਅਤੇ ਡਾਕਟਰ ਗੁਰਮੀਤ ਸ਼ਾਮਲ ਸਨ, ਦੋਵਾਂ ਵੱਲੋਂ ਕਿਸੇ ਕਾਰਨ ਨੌਕਰੀ ਛੱਡਣ ਤੋਂ ਬਾਅਦ ਜੱਚਾ ਬੱਚਾ ਵਿਭਾਗ ਵਿਚ ਸਿਰਫ ਗਾਇਨਾਕਾਲਜਿਸਟ ਡਾਕਟਰ ਵਰਿੰਦਰ ਕੌਰ ਹੀ ਰਹਿ ਗਈ ਸੀ। ਉਸ ਦੌਰਾਨ ਵੀ ਉਨ੍ਹਾਂ ਨੇ ਹਿੰਮਤ ਨਹੀਂ ਹਾਰੀ ਤੇ ਖੁਦ ਗਰੀਬ ਔਰਤਾਂ ਦੀ ਡਲਿਵਰੀ ਤਕ ਕੀਤੀ। ਡਾਕਟਰ ਵਰਿੰਦਰ ਕੌਰ ਦਾ ਕਹਿਣਾ ਹੈ ਕਿ ਇਸ ਤੋਂ ਬਾਅਦ ਉਹ ਧੰਨਵਾਦੀ ਹਨ ਡਾਇਰੈਕਟਰ ਹੈਲਥ ਅਤੇ ਸਿਵਲ ਸਰਜਨ ਦੇ, ਜਿਨ੍ਹਾਂ ਨੇ ਨਕੋਦਰ, ਪੀ.ਏ.ਪੀ. ਅਤੇ ਹੋਰ ਹਸਪਤਾਲਾਂ ਤੋਂ ਚਾਰ ਗਾਇਨਾਕਾਲਜਿਸਟ ਦੀ ਡਿਊਟੀ ਲਾਈ ਹੋਈ ਹੈ, ਇਸ ਤੋਂ ਇਲਾਵਾ ਖੁਸ਼ੀ ਦੀ ਗੱਲ ਇਹ ਹੈ ਕਿ ਦੋ ਨਵੀਆਂ ਗਾਇਨਾਕਾਲਜਿਸਟ ਵੀ ਸਿਵਲ ਹਸਪਤਾਲ ਵਿਚ ਮੌਜੂਦ ਹਨ। ਸਰਕਾਰ ਵੱਲੋਂ ਆਸ਼ਾ ਵਰਕਰਾਂ ਦੀਆਂ ਡਿਊਟੀਆਂ ਲਾਈਆਂ ਹੋਈਆਂ ਹਨ ਕਿ ਉਹ ਆਪਣੇ ਇਲਾਕੇ ਵਿਚ ਗਰਭਵਤੀ ਔਰਤਾਂ ਨਾਲ ਸੰਪਰਕ ਕਰ ਕੇ ਉਸ ਨੂੰ ਨੇੜਲੇ ਸਰਕਾਰੀ ਹਸਪਤਾਲ ਵਿਚ ਖ਼ੂਨ ਟੈਸਟ ਤੇ ਅਲਟਰਾ ਸਾਊਂਡ ਕਰਵਾਉਣ ਲਈ ਸਮੇਂ-ਸਮੇਂ 'ਤੇ ਲੈ ਕੇ ਆਉਣ।

# ਨਾਨਕੇ ਪਿੰਡ ਆਇਆ ਨੌਜਵਾਨ ਨਹਿਰ 'ਚ ਡੁੱਬਿਆ, ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ

ਮੋਗਾ 14 ਅਗਸਤ। ਬਾਘਾ ਪੁਰਾਣਾ ਦੇ ਨੇੜਲੇ ਪਿੰਡ ਸਮਾਲਸਰ ਵਿਚ ਉਸ ਵੇਲੇ ਭਾਜੜਾਂ ਪੈ ਗਈਆਂ ਜਦੋਂ ਨਹਿਰ ਵਿਚ ਨਹਾਉਣ ਗਏ 2 ਨੌਜਵਾਨਾਂ ਵਿਚੋਂ ਇਕ ਡੁੱਬ ਗਿਆ । ਇਹ ਨੌਜਵਾਨ ਪਿੰਡ ਢਿੱਲਵਾਂ ਕਲਾਂ ਦਾ ਰਹਿਣ ਵਾਲਾ ਹੈ ਅਤੇ ਸਮਾਲਸਰ ਆਪਣੇ ਨਾਨਕੇ ਪਿੰਡ ਮਿਲਣ ਆਇਆ ਸੀ। ਪਿੰਡ ਵਾਲਿਆਂ ਵੱਲੋਂ ਇਕ ਨੌਜਵਾਨ ਨੂੰ ਤਾਂ ਬਚਾਅ ਲਿਆ ਗਿਆ ਪਰ ਇਕ ਲਾਪਤਾ ਹੋ ਗਿਆ। ਪਿੰਡ ਵਾਸੀ ਕਾਫੀ ਸਮੇਂ ਤੋਂ ਡੁੱਬਣ ਵਾਲੇ ਨੌਜਵਾਨ ਦੀ ਭਾਲ ਕਰ ਰਹੇ ਹਨ ਪਰ ਕੁੱਝ ਵੀ ਹੱਥ ਨਹੀਂ ਲੱਗਿਆ। ਪਿੰਡ ਵਾਸੀਆਂ ਨੇ ਪ੍ਰਸ਼ਾਸਨ ਨੂੰ ਗੁਹਾਰ ਲਗਾਈ ਪਰ ਕੋਈ ਪ੍ਰਸ਼ਾਸਨਿਕ ਅਧਿਕਾਰੀ ਮੌਕੇ 'ਤੇ ਨਹੀਂ ਪਹੁੰਚਿਆ ਅਤੇ ਨਾ ਹੀ ਕੋਈ ਗੋਤਾਖੋਰ ਮੌਕੇ 'ਤੇ ਭੇਜਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਖਚੈਨ ਸਿੰਘ ਨੇ ਦੱਸਿਆ ਕਿ ਲਾਪਤਾ ਨੌਜਵਾਨ ਮੇਵਾ ਸਿੰਘ (22) ਉਸਦਾ ਭਤੀਜਾ ਹੈ। ਸੁਖਚੈਨ ਸਿੰਘ ਨੇ ਦੱਸਿਆ ਕਿ ਮੇਵਾ ਦੇ ਸਮਾਲਸਰ ਨਾਨਕੇ ਆਇਆ ਸੀ। ਇਸ ਦੌਰਾਨ ਜਦੋਂ ਉਹ ਨਹਿਰ ਦੇ ਪੁੱਲ ਉੱਪਰ ਪਹੁੰਚਿਆ ਤਾਂ ਉੱਥੇ ਕਈ ਮੁੰਡੇ ਨਹਾਅ ਰਹੇ ਸਨ ਅਤੇ ਉਨ੍ਹਾਂ ਨੂੰ ਵੇਖ ਕੇ ਉਹ ਵੀ ਨਹਾਉਣ ਲਈ ਨਹਿਰ ਵਿਚ ਵੜ ਗਿਆ।

